# ਸੋਧ

ਅਕਤੂਬਰ 1979 (ਜਿਲਦ 8 ਨੰਬਰ 10)

**October 1979**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

10

# ਸੇਧ

**SEDH**
**OCTOBER 1979**
**Vol. 8, NO. 10**
**Price : Rs. 2.00**

PUNJAB MARKFED

Spreads its wings into the kitchen & brings you
REFINED GROUNDNUT OIL
Better in Quality, Pure and Cheaper

* Obtained from fresh groundnuts—Cherished by every housewife.
* Double refined groundnut oil
* Non-hydrogenated—doesn't smoke when frying,
* Odourless, crystal-clear—leaves no grim or grease.
* FORTIFIED WITH VITAMINS A & D

Economical—residue is reusable.

AVAILABLE IN 1 KG, 2 KG., 4 KG. & 15.5 KGs. Tins.

A Quality Product from :—

MARKFED Refined Oil & Allied Industries,
Kapurthala.

(A unit of PUNJAB MARKFED, CHANDIGARH).



"...before the proletariat fights out its battles on the barricades, it announces the coming of its rule in a series of intellectual victories." MARX

## ਸੇਧ—ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ

⊙ ਆਏ ਇਨਕਲਾਬ ਕੁਰਾਹੇ ਕਿਉਂ ?—7
ਲੈਨਿਨ ਨੇ ਭੁਲੇਖਾ ਕਿਥੇ ਖਾਧਾ ?—2 (ਸਫ਼ਾ 3) — ਕਿਸ਼ਨ ਸਿੰਘ

⊙ ਗਾਂਧੀਵਾਦ : ਮਾਰਕਸਵਾਦੀ ਦ੍ਰਿਸ਼ਟੀਕੋਣ (ਸਫ਼ਾ 9) — ਭਗਵਾਨ ਸਿੰਘ ਜੋਸ਼

⊙ ਸੰਤਾਲੀ ਤੋਂ ਬਾਅਦ ਭਾਰਤ ਦੀ ਆਰਥਕਤਾ 'ਤੇ
ਵਿਦੇਸ਼ੀ ਗ਼ਲਬਾ (ਸਫ਼ਾ 19) — ਸੁੱਚਾ ਸਿੰਘ ਗਿੱਲ

⊙ ਨਾਵਲ ਤੇ ਇਤਿਹਾਸਕ—ਸਮਾਜਕ ਯਥਾਰਥ
ਦਾ ਸੰਬੰਧ (ਸਫ਼ਾ 26) — ਚਮਨ ਲਾਲ ਪ੍ਰਭਾਕਰ

⊙ ਸੰਰਚਨਾਵਾਦ (ਸਫ਼ਾ 36) — ਭੁਪਿੰਦਰ ਸਿੰਘ ਖਹਿਰਾ

⊙ "ਅਣਹੋਏ" ਦਾ ਰੂਪਕ ਪੱਖ (ਸਫ਼ਾ 44) — ਗੁਰਮੀਤ ਸਿੰਘ ਢੁੱਡੀਕੇ

⊙ ਲੇਖਕ/ਪਾਠਕ ਕਹਿੰਦੇ ਹਨ—ਸਪਾਹੀ ਲੱਖਾ ਸਿੰਘ (54)
— ਕੁਲਵੰਤ (55)
— ਮੇਘਰਾਜ ਸ਼ਰਮਾ (56)
— ਨਰਾਇਣ ਸਿੰਘ ਸੋਹਲ (58)
— ਅਦਾਰਾ ਸੇਧ (59)

Edited, Printed & Published by Gurvel Singh Pannu, A/42, Defence Colony, New Delhi-110024. Ph. No. 626300
Printed at 'LOK PRINTERS' A1/12, Krishan Nagar, Delhi-51.

**NORTHERN RAILWAY**

**Dear Students, Pilgrims, Tourists,**

**SEE INDIA**

**THE EASY WAY**

Buy, from specified stations, a CIRCULAR TOUR TICKET, 1st class or 2nd class, for a circular tour around the country. Concessional fares at 15% concession over the usual Mail/Express fares; fare range and the period of validity (30,60 or 90 days) depends upon the total distance to be covered. Break journey enroute as often, and for as long as you like (subject to the overall prescribed validity time of the ticket not being exceeded).

We have as many as thirty standard circular tours to suit your needs. They cover the entire panoramic scene that INDIA is. Choose any one of these tours.

And if you have your own programme to suit your individual needs, meet us personally or send us your requirements. We shall work out the fares, again at the concessional rates, for the particular itinerary you want to follow. (The tour must be circular and the distance to be travelled should be less than 2400 kms. and the chargeable distance should be more than 3 times the distance between the starting station and the farthest on the itinerary by the direct route).

For further details, please contact your nearest Station Master, The Divisional Commercial Superintendent of the Division concerned or enquire direct from :

Chief Commercial Superintendent
Northern Railway
New Delhi.

Telephones . 38-7326
38-7503





ਕਿਸ਼ਨ ਸਿੰਘ

## ਲੈਨਿਨ ਨੇ ਭੁਲੇਖਾ ਕਿਥੇ ਖਾਧਾ ?--੨

ਸਮਾਜਵਾਦ ਦੀ ਉਸਾਰੀ ਵਿਚ ਸਟੇਟ ਅਜਾਰੇਦਾਰ ਸਰਮਾਏਦਾਰੀ ਦੇ ਕੇਂਦਰੀ ਅਡੰਬਰ ਦੇ ਰੋਲ ਦੇ ਸੰਕਲਪ ਦਾ ਪਹਿਲਾਂ ਜਰਮਨੀ ਤੇ ਫਿਰ ਆਸਟਰੀਆ ਦੀਆਂ ਸਮਾਜਵਾਦੀ ਜਮਹੂਰੀ ਪਾਰਟੀਆਂ ਸ਼ਿਕਾਰ ਹੋਈਆਂ। ਓਹਨਾਂ ਨੇ ਇਹ ਸਿਧਾਂਤ ਪੇਸ਼ ਕੀਤਾ ਕਿ ਪਰੋਲਤਾਰੀ ਨੂੰ ਇਸ ਕੇਂਦਰੀ ਆਰਥਕ ਅਡੰਬਰ ਦੀ ਲੋੜ ਪਵੇਗੀ; ਇਹ ਓਹ ਪੈੜ ਹਨ ਜਿਨ੍ਹਾਂ 'ਤੇ ਸਮਾਜਵਾਦ ਦੀ ਉਸਾਰੀ ਕਰਨ ਵਾਸਤੇ ਪਰੋਲਤਾਰੀ ਨੂੰ ਚਲਣਾ ਪਵੇਗਾ !

ਸਮਾਜਵਾਦ ਦੀ ਉਸਾਰੀ ਦਾ ਇਹ ਸੰਕਲਪ, ਪਰ ਪਰੋਲਤਾਰੀ ਦੇ ਪੈਂਤੜੇ ਦਾ ਨਹੀਂ। ਇਹ ਸੰਕਲਪ ਬੁਰਜੁਆ ਅੰਸਰਾਂ ਦੇ ਕੈਂਸਰ ਨੂੰ ਝੋਲੀ ਪਵਾਉਂਦਾ ਹੈ। ਸਮਾਜਵਾਦ ਦੀ ਉਸਾਰੀ ਦਾ ਇਹ ਸੰਕਲਪ ਬੁਰਜੁਆਜ਼ੀ, ਨਿਗੂਣੀ ਬੁਰਜੁਆਜ਼ੀ ਦਾ ਹੈ। ਇਹ ਸੁੱਧਾ ਹੀ ਇਕਾਨੋਮਿਜ਼ਮ ਹੈ। ਇਸ ਸੰਕਲਪ ਦੇ ਖ਼ਿਲਾਫ਼ ਮਾਰਕਸ ਤੇ ਏਂਗਲਜ਼ ਨੇ ਲਗਾਤਾਰ ਜਦੋ-ਜਹਿਦ ਕੀਤੀ ਸੀ। ਏਂਗਲਜ਼ ਨੇ ਮਾਰਕਸ ਦੇ 'ਗੋਥਾ ਪ੍ਰੋਗਰਾਮ ਦੇ ਕਰੀਟੀਕ' ਵਲ ਧਿਆਨ ਦਵਾਇਆ ਸੀ। ਉਸ ਨੇ ਸਪਸ਼ਟ ਕੀਤਾ ਸੀ ਕਿ ਸਟੇਟ-ਸਮਾਜਵਾਦ ਨਾਲ ਨਾ ਉਹਨਾਂ ਦੀ ਕੋਈ ਸਾਂਝ ਹੈ ਤੇ ਨਾ ਹੀ ਉਹਨਾਂ ਦਾ ਕੋਈ ਸਬੰਧ। ਉਸ ਨੇ ਸਟੇਟ-ਸਮਾਜਵਾਦ ਦਾ ਬੁਰਜੁਆ ਅਸਲਾ ਸਪਸ਼ਟ ਕੀਤਾ ਸੀ। ਸਟੇਟ ਸਮਾਜਵਾਦ, ਸਮਾਜਵਾਦ ਨਹੀਂ, ਬਲਕਿ ਸਟੇਟ ਸਰਮਾਏਦਾਰੀ ਹੈ। ਇਸ ਵਿਚ ਸਟੇਟ, ਸਰਮਾਏਦਾਰ ਦੀ ਥਾਂ ਲੈ ਲੈਂਦੀ ਹੈ। ਸਰਮਾਏਦਾਰ ਵਾਂਗ ਹੀ ਸਭ ਕੁਝ ਆਪਣੇ ਹੱਥ ਵਿਚ ਰਖਦੀ ਹੈ, ਵਰਕਰਾਂ ਦੀ ਸਾਂਝ ਦੇ ਹਵਾਲੇ ਕੁਝ ਨਹੀਂ ਕਰਦੀ। ਵਰਕਰ ਪਹਿਲਾਂ ਵਾਂਗ ਹੀ ਫਾਡੀ ਦੇ ਫਾਡੀ ਰਹਿੰਦੇ ਹਨ। ਵਰਕਰਾਂ ਦੀ, ਲੋਕਾਂ ਦੀ ਲੁਟ-ਖਸੁਟ ਚਲਦੀ ਜਾਂਦੀ ਹੈ ਤੇ ਉਹਨਾਂ ਉਤੇ ਸਿਆਸੀ ਧੌਂਸ ਤੇ ਤਸ਼ੱਦਦ ਜਾਰੀ ਰਹਿੰਦਾ ਹੈ।

ਇਸ ਸੰਕਲਪ ਦੇ ਵਿਰੁਧ ਮਾਰਕਸ ਤੇ ਏਂਗਲਜ਼ ਦੀ ਸਭ ਜਦੋ-ਜਹਿਦ ਦੇ ਬਾਵਜੂਦ ਲੈਨਿਨ ਅਜਾਰੇਦਾਰੀ ਦੀ ਸਟੇਜ ਦੀ ਸਰਮਾਏਦਾਰੀ ਦੇ ਉਸਾਰੇ ਆਰਥਕ ਅਡੰਬਰ ਦਾ ਸਮਾਜਵਾਦ ਦੀ ਉਸਾਰੀ ਵਿਚ ਰੋਲ ਸਮਝਦਾ ਰਿਹਾ।[1] ਇਉਂ ਸਮਝਣਾ ਸੁਧੇ ਇਕਾਨੋਮਿਜ਼ਮ ਦੇ ਸ਼ਿਕਾਰ ਹੋਣਾ ਸੀ। ਦਿੱਤੀ ਟੂਕ ਤੋਂ ਸਪਸ਼ਟ ਹੈ ਕਿ ਲੈਨਿਨ ਸਟੇਟ ਸਰਮਾਏਦਾਰੀ ਦੇ ਆਰਥਕ ਅਡੰਬਰ ਨੂੰ ਸੰਭਾਲਣ ਦਾ, ਉਸ ਨੂੰ ਵਧਾਉਣ ਦਾ ਤੇ ਵਧਾ ਕੇ ਸਮਾਜਵਾਦ ਦੀ ਉਸਾਰੀ ਵਿਚ ਉਸ ਨੂੰ ਵਰਤਣ ਦਾ ਸ਼ਿਕਾਰ ਹੋਇਆ ਰਿਹਾ। ਲੈਨਿਨ ਨੇ ਬੁਰਜੁਆ ਸਿਆਸੀ ਅਡੰਬਰ ਦਾ ਤਾਂ ਜਮਾਤੀ ਵਿਸ਼ਲੇਸ਼ਨ ਕੀਤਾ, ਅਤੇ ਉਸ ਦੇ ਤੂਸੜੇ ਉਡਾਉਣ ਦਾ ਪੈਂਤੜਾ ਮੱਲਿਆ, ਪਰ ਉਸ ਨੇ ਸਟੇਟ ਸਰਮਾਏਦਾਰੀ ਦੇ ਆਰਥਕ ਅਡੰਬਰ ਦਾ ਜਮਾਤੀ ਵਿਸ਼ਲੇਸ਼ਨ ਨਾ ਕੀਤਾ, ਹਾਲਾਤ ਦੇ ਪ੍ਰਸੰਗ ਵਿਚ ਉਸ ਦੇ ਤੂਸੜੇ ਉਡਾਉਣ ਦਾ ਪੈਂਤੜਾ ਨਾ ਮੱਲਿਆ। ਉਸ ਨੂੰ ਉਹ ਪਰੋਲਤਾਰੀ ਦੀ

ਤਾਕਤ ਦੇ ਅਧੀਨ ਕਰ ਕੇ ਸਾਂਭਣ ਦੀ, ਤੇ ਸਾਂਭ ਕੇ, ਵਧਾ ਕੇ, ਉਸਾਰ ਕੇ ਵਰਤਣ ਦੀ ਹੈ ਹਿਦਾਇਤ ਕਰਦਾ ਰਿਹਾ । ਏਥੇ ਉਸ ਦਾ ਬੁਰਜੁਆਜ਼ੀ ਦੇ ਦੋਹਾਂ ਅਡੰਬਰਾਂ—ਸਿਆਸੀ ਤੇ ਆਰਥਕ—ਬਾਬਤ ਆਪਸ ਵਿਚ ਵਿਰੋਧ ਹੈ ।

**ਬੁਰਜੁਆ ਆਰਥਕ ਅਡੰਬਰ** ਦੀ ਵਰਤੋਂ ਬਾਬਤ ਇਕ ਹੋਰ ਵੀ ਨੁਕਤਾ ਹੈ । ਲੈਨਿਨ ਇਹ ਸਪਸ਼ਟ ਕਰਦਾ ਹੈ ਕਿ ਇਨਕਲਾਬ ਤੱਤ ਫੱਟ ਦਾ ਇਕ ਭੰਬਾਕਾ ਨਹੀਂ । ਇਹ ਵੇਗ ਹੈ ਜੋ ਕਈਆਂ ਸਟੇਜਾਂ, ਪੜਾਵਾਂ ਥਾਣੀ ਲੰਘਦਾ ਹੈ । ਪਰ ਇਹਨਾਂ ਪੜਾਵਾਂ ਬਾਬਤ ਉਹ ਹਮੇਸ਼ਾਂ ਸਪਸ਼ਟ ਨਹੀਂ ਹੈ। ਇਨਕਲਾਬ ਦੇ ਹਰ ਪੜਾਅ ਦੀ ਹੱਦਬੰਦੀ ਹੁੰਦੀ ਹੈ । ਉਸ ਪੜਾਅ 'ਤੇ ਕਿਸ ਹੱਦ ਤਕ ਬੁਰਜੁਆ ਰਿਸ਼ਤੇ ਢਾਹੇ ਜਾ ਸਕਦੇ ਹਨ ਤੇ ਕਿਸ ਹੱਦ ਤਕ ਸਮਾਜਵਾਦੀ ਰਿਸ਼ਤੇ ਉਸਾਰੇ ਜਾ ਸਕਦੇ ਹਨ... ਇਨਕਲਾਬ ਦੀਆਂ ਇਹਨਾਂ ਵੱਖ ਵੱਖ ਸਟੇਜਾਂ ਬਾਬਤ ਪੂਰੀ ਸਪਸ਼ਟਤਾ ਨਹੀਂ ਹੈ, ਇਹਨਾਂ ਦਾ ਅਸਲਾ, ਇਹਨਾਂ ਦੀ ਵਸਤੂ ਤੇ ਕਿਹਨਾਂ ਹਾਲਾਤ ਦੇ ਅਧੀਨ ਇਨਕਲਾਬ ਇਕ ਤੋਂ ਦੂਸਰੀ ਸਟੇਜ ਵਿਚ ਪਹੁੰਚਦਾ ਹੈ—ਇਹ ਸਾਫ਼ ਨਹੀਂ ਹੈ । ਇਹ ਵੀ ਸਾਫ਼ ਨਹੀਂ ਹੈ ਕਿ ਕੀ ਸਟੇਟ-ਸਰਮਾਏਦਾਰੀ ਇਕ ਸਟੇਜ ਹੈ ਜਿਸ ਵਿਚ ਦੀ ਲੰਘਣਾ ਟੈਕਨੀਕਲ ਕਾਰਨਾਂ ਕਰਕੇ ਲਾਜ਼ਮੀ ਹੈ ਤਾਕਿ ਪਰੋਲਤਾਰੀਆ ਸਮਾਜ ਦੀ ਆਰਥਕਤਾ ਦਾ ਬੰਦੋਬਸਤ ਕਰਨਾ ਸਿਖ ਜਾਵੇ ਤੇ ਉਸਨੂੰ ਪੂਰੀ ਤਰ੍ਹਾਂ ਆਪਣੇ ਵੱਸ ਕਰ ਲਵੇ, ਜਾਂ ਕਿ ਇਹ ਇਕ ਨੀਤੀ ਹੈ ਜਿਹੜੀ ਪਰੋਲਤਾਰੀ ਜਮਾਤ ਦੀ ਜਦੋ-ਜਹਿਦ ਦੀ ਕਿਸੇ ਸਟੇਜ 'ਤੇ ਲਾਗੂ ਹੁੰਦੀ ਹੈ । ਇਹ ਵੀ ਨੁਕਤਾ ਸਾਫ਼ ਨਹੀਂ ਹੈ ਕਿ ਸਟੇਟ-ਸਰਮਾਏਦਾਰੀ ਦੇ ਆਰਥਕ ਅਡੰਬਰ ਨੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ ਇਨਕਲਾਬ ਨੂੰ ਸਮਾਜਵਾਦ ਦੀ ਉਸਾਰੀ ਦੇ ਬੂਹੇ ਤਕ ਪਹੁੰਚਾ ਕੇ ਖਤਮ ਹੋ ਜਾਣਾ ਹੈ ਜਾਂ ਸਮਾਜਵਾਦ ਦੀ ਉਸਾਰੀ ਵਿਚ ਵੀ ਉਸ ਦਾ ਕੋਈ ਰੋਲ ਹੈ । ਲੈਨਿਨ ਦੀਆਂ ਕਈਆਂ ਫਾਰਮੂਲੇਸ਼ਨਾਂ ਤੋਂ ਇਉਂ ਲਗਦਾ ਹੈ ਜਿਵੇਂ ਉਸ ਦਾ ਖਿਆਲ ਸੀ ਕਿ ਬਗੈਰ ਕਿਸੇ ਇਨਕਲਾਬੀ ਤਬਦੀਲੀ ਦੇ ਹੀ ਇਹਨਾਂ ਆਰਥਕ ਅਡੰਬਰਾਂ ਦਾ ਸਮਾਜਵਾਦ ਦੀ ਉਸਾਰੀ ਵਿਚ ਰੋਲ ਹੈ । ਪਰ ਇਹਨਾਂ ਸਭ ਸਵਾਲਾਂ ਦੇ ਜਵਾਬਾਂ ਦੀ ਲੈਨਿਨ ਕੋਲੋਂ ਆਸ ਰਖਣੀ ਸ਼ਾਇਦ ਉਸ ਨਾਲ ਬੇਇਨਸਾਫ਼ੀ ਹੈ । ਜਿਹੜਾ ਮਸਲਾ ਜਮਾਤੀ ਜਦੋ-ਜਹਿਦ ਨੇ ਅਜੇ ਖੜਾ ਹੀ ਨਹੀਂ ਸੀ ਕੀਤਾ, ਉਸ ਦਾ ਜਵਾਬ ਉਹ ਠੋਕ ਵਜਾ ਕੇ ਕਿਸ ਤਰ੍ਹਾਂ ਦੇ ਦੇਂਦਾ? ਪਰ ਸਾਡੇ ਵਾਸਤੇ ਹੁਣ ਇਹ ਲਾਜ਼ਮੀ ਹੈ ਕਿ ਅਸੀਂ ਇਹਨਾਂ ਮਸਲਿਆਂ ਬਾਬਤ ਸਪਸ਼ਟ ਹੋਈਏ ।

**ਦੂਸਰਾ ਨੁਕਤਾ** ਜਿਸ ਬਾਬਤ ਲੈਨਿਨ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੈ, ਉਹ ਬਹੁਤ ਅਹਿਮ ਹੈ । ਉਹ ਇਹ ਹੈ ਕਿ ਇਨਕਲਾਬ ਦੇ ਮਗਰੋਂ, ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ, ਬੁਰਜੁਆ ਸਮਾਜਕ ਰਿਸ਼ਤਿਆਂ ਦੀ ਸਮਾਜਵਾਦੀ ਸਮਾਜਕ ਰਿਸ਼ਤਿਆਂ ਵਿਚ ਤਬਦੀਲੀ ਜਮਾਤੀ ਜਦੋ-ਜਹਿਦ ਕਰਦੀ ਹੈ ਜਾਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ । ਲੈਨਿਨ ਆਮ ਤੌਰ 'ਤੇ ਕਮਾਨ ਸਿਆਸਤ ਦੇ ਹੱਥ ਹੀ ਦੇਂਦਾ ਹੈ ਅਤੇ ਕਹਿੰਦਾ ਹੈ ਕਿ ਬੁਰਜੁਆ ਸਮਾਜਕ ਰਿਸ਼ਤਿਆਂ ਨੂੰ ਭੰਨ ਕੇ ਸਮਾਜਵਾਦੀ ਸਮਾਜਕ ਰਿਸ਼ਤਿਆਂ ਦੀ ਸਥਾਪਤੀ ਜਮਾਤੀ ਜਦੋ-ਜਹਿਦ ਰਾਹੀਂ, ਮੁਲੱਖਈਏ ਦਾ ਕੀਤਾ ਇਨਕਲਾਬੀ ਅਮਲ ਹੀ ਕਰਦਾ ਹੈ । ਪਰ ਇਸ ਦੇ ਉਲਟ ਉਸ ਦੀਆਂ ਫਾਰਮੂਲੇਸ਼ਨਾਂ ਹਨ ਜਿਨ੍ਹਾਂ ਤੋਂ ਇਹ ਨਤੀਜਾ ਕਢਿਆ ਜਾ ਸਕਦਾ ਹੈ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ ਜਦੋਂ ਪੈਦਾਵਾਰ ਦੇ ਵਸੀਲੇ ਕਿਸੇ ਦੀ ਨਿਜੀ ਮਲਕੀਅਤ ਨਾ ਰਹਿਣ ਤੇ ਉਹ ਸਟੇਟ ਦੀ ਮਲਕੀਅਤ ਬਣ ਜਾਣ ਤਾਂ ਸਮਾਜਕ ਰਿਸ਼ਤਿਆਂ ਦੀ ਤਬਦੀਲੀ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ 'ਤੇ ਨਿਰਭਰ ਹੋ ਜਾਂਦੀ ਹੈ । ਖਾਸ ਸਿਆਸੀ ਹਾਲਾਤ ਦੇ ਪ੍ਰਸੰਗ ਵਿਚ ਕੰਮ ਦੀ



ਬੁਰਜੁਆ ਵੰਡ, ਸਮਾਜਕ ਰਿਸ਼ਤਿਆਂ ਦੀ ਤਬਦੀਲੀ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦੇ ਨਾਲ ਆਪਣੇ ਆਪ ਹੁੰਦੀ ਜਾਂਦੀ ਹੈ ।[2]

ਲੈਨਿਨ ਨੇ ਉਪਰਲੀ ਟੂਕ ਵਿਚ ਪੈਰ ਤਾਂ ਫੂਕ ਫੂਕ ਕੇ ਧਰੇ ਹਨ ਪਰ ਪੁਜ਼ੀਸ਼ਨ ਸਾਫ਼ ਹੈ ਕਿ ਖਾਸ ਸਿਆਸੀ ਹਾਲਾਤ ਦੇ ਪ੍ਰਸੰਗ ਵਿਚ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦੇ ਨਾਲ ਕੰਮ ਦੀ ਬੁਰਜੁਆ ਵੰਡ, ਦਿਮਾਗੀ ਤੇ ਜਿਸਮਾਨੀ ਕੰਮਾਂ ਦਾ ਆਪਸ ਵਿਚ ਵਿਰੋਧ ਖਤਮ ਹੋ ਜਾਵੇਗਾ । ਕੰਮ ਦੀ ਬੁਰਜੁਆ ਵੰਡ ਕੀ ਹੈ ? ਕੰਮ ਦੇ ਬੁਰਜੁਆ ਰਿਸ਼ਤੇ । ਸੋ ਇਸ ਟੂਕ ਦੇ ਅਨੁਸਾਰ ਬੁਰਜੁਆ ਸਮਾਜਕ ਰਿਸ਼ਤਿਆਂ ਦੀ ਸਮਾਜਵਾਦੀ ਸਮਾਜਕ ਰਿਸ਼ਤਿਆਂ ਵਿਚ ਤਬਦੀਲੀ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਆਪਣੇ ਆਪ, ਬਗੈਰ ਜਮਾਤੀ ਜਦੋ-ਜਹਿਦ ਦੇ ਕਰ ਦੇਵੇਗੀ । ਇਹ ਲੈਨਿਨ ਉਦੋਂ ਕਹਿ ਰਿਹਾ ਹੈ ਜਦੋਂ ਉਹ "ਸਟੇਟ ਤੇ ਇਨਕਲਾਬ" ਲਿਖ ਰਿਹਾ ਸੀ । ਜਦੋਂ ਉਹ ਸਿਆਸੀ ਅਡੰਬਰ ਦੇ ਖੇਤਰ ਵਿਚ ਇਕਾਨੋਮਿਜ਼ਮ ਨਾਲੋਂ ਸੋਲ੍ਹਾਂ ਆਨੇ ਟੁਟ ਰਿਹਾ ਸੀ । ਦੂਸਰੇ ਲਫ਼ਜ਼ਾਂ ਵਿਚ, ਇਹ ਪੁਜ਼ੀਸ਼ਨ ਉਹ ਹੀ ਹੈ, ਉਸ ਨਾਲ ਹੀ ਸਬੰਧਤ ਹੈ ਕਿ ਸਟੇਟ-ਸਰਮਾਏਦਾਰੀ ਦੇ ਆਰਥਕ ਅਡੰਬਰ ਦਾ ਲੰਮਾਂ, ਨਿਭਣ ਵਾਲਾ ਰੋਲ ਹੈ । ਇਹ ਨੁਕਤਾ ਐਰ ਗੈਰ ਨਹੀਂ, ਬੁਨਿਆਦੀ ਹੈ । ਇਸ ਨੁਕਤੇ ਦੀ ਵਸਤੂ ਇਹ ਹੈ ਕਿ ਕੀ ਇਨਕਲਾਬ ਦੇ ਮਗਰੋਂ, ਇਨਕਲਾਬ ਨੂੰ ਸਿਰੇ ਚੜ੍ਹਾਉਣ ਵਾਸਤੇ, ਸਮਾਜਵਾਦੀ ਸਮਾਜਕ ਰਿਸ਼ਤਿਆਂ ਨੂੰ ਸਥਾਪਤ ਕਰਨ ਵਾਸਤੇ ਜਮਾਤੀ ਜਦੋ-ਜਹਿਦ ਦਾ ਰੋਲ ਜਿਗਰੀ ਹੈ, ਮਸਲੇ ਦੇ ਹਲ ਵਾਸਤੇ ਜਮਾਤੀ ਜਦੋ-ਜਹਿਦ ਜਿੰਦ ਜਾਨ ਹੈ ਜਾਂ ਇਸ ਦਾ ਰੋਲ ਐਵੇਂ ਹਾਸ਼ਿਆਈ ਹੈ, ਬੇਲੋੜਾ ਹੈ ।

ਕਿਸੇ ਤਰ੍ਹਾਂ ਵੀ ਬਿਆਨ ਕੀਤਾ ਜਾਵੇ ਸਟੇਟ-ਸਰਮਾਏਦਾਰੀ ਦੇ ਆਰਥਕ ਅਡੰਬਰ ਦੇ ਰੋਲ ਬਾਬਤ, ਤੇ ਸਮਾਜਕ ਰਿਸ਼ਤਿਆਂ ਦੀ ਤਬਦੀਲੀ ਬਾਬਤ ਲੈਨਿਨ ਦੇ ਖਿਆਲਾਂ ਵਿਚ ਦੋ ਵੱਖ ਵੱਖ ਸੰਕਲਪ ਹਨ ਅਤੇ ਇਹ ਦੋਵੇਂ ਆਪਸ ਵਿਚ ਟਕਰਾਂਦੇ ਹਨ । ਪਰ ਇਹ ਕਹਿੰਦਿਆਂ ਇਹ ਸਾਫ਼ ਕਰ ਦੇਣਾ ਜ਼ਰੂਰੀ ਹੈ ਕਿ ਲੈਨਿਨ ਦਾ ਮੁਖ ਤੇ ਭਾਰੂ ਖਿਆਲ ਇਹ ਹੀ ਹੈ ਕਿ ਸਮਾਜਕ ਰਿਸ਼ਤਿਆਂ ਦੀ ਤਬਦੀਲੀ ਮੁਲਖੱਈਏ ਦੀ ਲਗਾਤਾਰ ਕੀਤੀ ਜਮਾਤੀ ਜਦੋ-ਜਹਿਦ ਹੀ ਕਰਦੀ ਹੈ । ਪਰ ਦੂਸਰਾ, ਇਸ ਦੇ ਵਿਰੋਧੀ ਇਹ ਸੰਕਲਪ ਕਿ ਸਮਾਜਕ ਰਿਸ਼ਤਿਆਂ ਦੀ ਤਬਦੀਲੀ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਕਰਦੀ ਹੈ—ਵੀ ਹੈ ਜ਼ਰੂਰ । ਇਹ ਗੈਰ-ਹਾਜ਼ਰ ਨਹੀਂ । ਇਹ ਖਿਆਲ ਕਿ ਜਮਾਤੀ ਜਦੋ-ਜਹਿਦ ਤੋਂ ਬਗੈਰ, ਸਮਾਜਕ ਰਿਸ਼ਤਿਆਂ ਦੀ ਤਬਦੀਲੀ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਆਪਣੇ ਆਪ ਕਰਦੀ ਹੈ—ਸੁੱਧਾ ਇਕਾਨੋਮਿਜ਼ਮ ਹੈ ।

ਇਹ ਨੁਕਤਾ ਸਹੀ ਹੈ ਕਿ ਜਿੰਨਾਂ ਚਿਰ ਕਾਬਜ਼ ਸਮਾਜਕ ਰਿਸ਼ਤੇ, ਕਾਬਜ਼ ਨਿਜ਼ਾਮ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਨੂੰ ਰਾਹ ਦੇਈ ਆਉਂਦਾ ਹੈ, ਓਨਾ ਚਿਰ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ, ਕਾਬਜ਼ ਨਿਜ਼ਾਮ ਦੇ ਅਸਲੇ ਦੇ ਅੰਦਰ ਅੰਦਰ, ਉਸ ਦੇ ਕਲੇਜੇ ਨੂੰ ਹੱਥ ਪਾਇਆਂ ਬਗੈਰ, ਸਮਾਜਕ ਰਿਸ਼ਤਿਆਂ ਨੂੰ ਖਿਸਕਾਈ ਆਉਂਦੀ ਹੈ । ਜਿਸ ਤਰ੍ਹਾਂ ਸਰਮਾਏਦਾਰੀ ਵਿਚ ਹੁੰਦਾ ਆਇਆ ਹੈ । ਪਰ ਜ਼ੇਰੇ-ਨਜ਼ਰ ਮਸਲਾ ਇਹ ਨਹੀਂ । ਜ਼ੇਰੇ-ਨਜ਼ਰ ਮਸਲਾ ਇਹ ਹੈ ਕਿ ਇਨਕਲਾਬ ਦੇ ਆਇਆਂ ਵੀ, ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਸਥਾਪਤ ਹੋਇਆਂ ਵੀ ਜਦੋਂ ਕਾਬਜ਼ ਸਮਾਜਕ ਰਿਸ਼ਤੇ, ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦੇ ਰਾਹ ਵਿਚ ਡੱਕਾ ਮਾਰ ਕੇ ਖੜੋ ਜਾਣ, ਦੂਸਰੇ ਲਫ਼ਜ਼ਾਂ ਵਿਚ ਜਦੋਂ ਨਿਜ਼ਾਮ ਦੀ ਤਬਦੀਲੀ ਦਾ ਮਸਲਾ ਖੜਾ ਹੋ ਜਾਵੇ, ਬੁਰਜੁਆ ਰਿਸ਼ਤਿਆਂ ਦੀ ਸਮਾਜਵਾਦੀ ਰਿਸ਼ਤਿਆਂ ਵਿਚ ਤਬਦੀਲੀ ਦਾ ਸਵਾਲ ਆਣ ਮੂੰਹ ਵਿਖਾਵੇ

ਤਾਂ ਉਦੋਂ ਇਹ ਤਬਦੀਲੀ ਹੁੰਦੀ ਕਿਸ ਤਰ੍ਹਾਂ ਹੈ ? ਇਹ ਤਬਦੀਲੀ ਮੁਲਖੱਈਏ ਦੀ ਕੀਤੀ ਜਮਾਤੀ ਜਦੋ-ਜਹਿਦ ਤੋਂ ਬਗੈਰ ਮੁਮਕਿਨ ਹੀ ਨਹੀਂ । ਜਮਾਤੀ ਜਦੋ-ਜਹਿਦ ਨਾਲ ਜਦੋਂ ਸਮਾਜਕ ਰਿਸ਼ਤਿਆਂ ਦੀ ਤਬਦੀਲੀ ਹੋਵੇ ਤਾਂ ਹੀ ਪਹਿਲਿਆਂ, ਕਾਬਜ਼ ਰਿਸ਼ਤਿਆਂ ਦਾ ਮਾਰਿਆ ਡੱਕਾ ਖਤਮ ਹੁੰਦਾ ਹੈ । ਪੈਦਾਵਾਰ ਦੀਆਂ ਸ਼ਕਤੀਆਂ ਦੀ ਬੰਦ-ਖਲਾਸ ਹੁੰਦੀ ਹੈ ਅਤੇ ਉਹਨਾਂ ਦੀ ਉਸਾਰੀ ਦਾ ਅਗੋਂ ਰਾਹ ਖੁਲ੍ਹਦਾ ਹੈ ।

ਇਹ ਖਿਆਲ, ਇਹ ਸੰਕਲਪ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਹੇਠ ਸਟੇਟ-ਸਰਮਾਏਦਾਰੀ ਦੇ ਆਰਥਕ ਅਡੰਬਰ ਤੇ ਉਸ ਵਿਚਲੇ ਰਿਸ਼ਤਿਆਂ ਦੀ ਕਾਇਆਂ-ਪਲਟੀ ਸਿਰਫ਼ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਨਾਲ ਆਪਣੇ ਆਪ ਹੀ ਹੋ ਜਾਂਦੀ ਹੈ, ਇਨਕਲਾਬੀ ਮਾਰਕਸਵਾਦ ਦਾ ਪੂਰਨ ਤਿਆਗ ਹੈ । ਇਹ ਸੌ ਫੀ ਸਦੀ ਬੁਰਜੁਆ ਪੈਂਤੜਾ ਹੈ । ਸਵਾਲ ਬੁਨਿਆਦੀ ਹੈ : ਜਮਾਤੀ ਸਮਾਜ ਵਿਚ ਇਤਿਹਾਸ ਨੂੰ ਧੱਕੀ ਆਉਂਦੀ ਤਾਕਤ ਕਿਹੜੀ ਹੈ : ਮੁਲਖੱਈਏ ਦੀ ਕੀਤੀ ਜਮਾਤੀ ਜਦੋ-ਜਹਿਦ ਜਾਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ? ਮਾਰਕਸਵਾਦ ਸਪਸ਼ਟ ਦਸਦਾ ਹੈ ਕਿ ਜਮਾਤੀ ਸਮਾਜ ਵਿਚ ਇਤਿਹਾਸ ਨੂੰ ਧੱਕੀ ਆਉਂਦੀ ਸ਼ਕਤੀ ਹੈ—ਜਮਾਤੀ ਜਦੋ-ਜਹਿਦ ।

ਇਹ ਸਟੇਟ ਬੁਰਜੁਆਜ਼ੀ ਦਾ ਸਿਧਾਂਤ ਹੈ ਕਿ ਇਤਿਹਾਸ ਨੂੰ ਧੱਕੀ ਆਉਂਦੀ ਤਾਕਤ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਹੈ । ਉਹ ਸਪਸ਼ਟ ਕਾਰਨਾਂ ਕਰਕੇ, ਆਪਣੇ ਜਮਾਤੀ ਜੁੱਸੇ ਕਰਕੇ ਮੁਲੱਖਈਏ ਦੀ ਆਪਣੀ ਆਜ਼ਾਦੀ ਵਾਸਤੇ ਕੀਤੀ ਜਮਾਤੀ ਜਦੋ-ਜਹਿਦ ਨੂੰ ਖਾਰੇ ਸਮੁੰਦਰ ਵਿਚ ਸੁਟਣਾ ਚਾਹੁੰਦੀ ਹੈ । ਉਸ ਦਾ ਭੋਗ ਨਹੀਂ ਪਾਉਣਾ ਚਾਹੁੰਦੀ । ਇਸ ਦਾ ਸਿਧਾਂਤ ਪਰੋਲਤਾਰੀ ਨੂੰ ਨਿਹੱਥਿਆਂ ਕਰਦਾ ਹੈ ਅਤੇ ਬੁਰਜੁਆਜ਼ੀ ਨੂੰ, ਬੁਰਜੁਆ ਰਿਸ਼ਤਿਆਂ ਨੂੰ ਵਧ ਤੋਂ ਵਧ ਮਜ਼ਬੂਤ ਹੋਣ ਦਾ ਰਾਹ ਦੇਂਦਾ ਹੈ । ਲੈਨਿਨ ਦੀਆਂ ਅਖੀਰਲੀਆਂ ਲਿਖਤਾਂ ਦਸਦੀਆਂ ਹਨ ਕਿ ਉਹ ਆਪਣੇ ਵਿਚ ਰਹਿੰਦੇ ਖੂੰਧੇ ਇਕਾਨੋਮਿਜ਼ਮ ਤੋਂ ਪਾਕ ਹੋਣ ਦੇ ਰਾਹੇ ਪੈ ਰਿਹਾ ਸੀ, ਪਰ ਜ਼ਿੰਦਗੀ ਨੇ ਉਸ ਦਾ ਸਾਥ ਨਾ ਦਿੱਤਾ । ਇਹ ਸਟੇਟ ਬੁਰਜੁਆਜ਼ੀ ਦਾ ਕਰਤਵ ਤੇ ਸਿਧਾਂਤ ਹੈ ਕਿ ਉਹ ਲੈਨਿਨ ਦਾ ਨਾਂ ਲੈ ਕੇ ਸਟੇਟ-ਸਰਮਾਏਦਾਰੀ ਨੂੰ ਸਮਾਜਵਾਦ ਦਾ ਨਾਂ ਦੇਈ ਆਉਂਦੀ ਹੈ ।

ਸੰਕਲਪ ਤੇ ਸਿਧਾਂਤ ਆਪਣੇ ਆਪ ਕੁਛ ਨਹੀਂ ਕਰ ਸਕਦੇ । ਜੋ ਹੁੰਦਾ ਹੈ ਬੰਦੇ ਦੇ ਅਮਲ ਦਾ, ਜਮਾਤੀ ਜਦੋ-ਜਹਿਦ ਦਾ, ਜਮਾਤਾਂ ਦੇ ਤਾਕਤ ਦੇ ਆਪਸ ਵਿਚ ਤਵਾਜ਼ਨ ਦਾ ਕੀਤਾ ਹੁੰਦਾ ਹੈ। ਸੰਕਲਪ, ਸਿਧਾਂਤ ਉਸ ਵਕਤ ਹੀ ਪਦਾਰਥਕ ਤਾਕਤ ਬਣਦੇ ਹਨ ਜਦੋਂ ਉਹ ਲੋਕਾਂ ਦੇ ਦਿਲਾਂ ਦਿਮਾਗਾਂ ਵਿਚ ਘਰ ਕਰ ਜਾਣ । ਸੰਕਲਪਾਂ, ਸਿਧਾਂਤਾਂ ਦਾ ਰੋਲ ਇਹ ਹੁੰਦਾ ਹੈ ਕਿ ਸਹੀ ਸੰਕਲਪ ਅਮਲ ਨੂੰ ਸਹੀ ਰਸਤਾ ਵਿਖਾਉਂਦੇ ਹਨ । ਗ਼ਲਤ ਵਿਚਾਰਧਾਰਾ ਲੰਗੜੀਂਦੇ ਤੇ ਲਾਗੂ ਢੱਬਾਂ ਨੂੰ ਅੱਖਾਂ ਦੇ ਸਾਹਮਣੇ ਹੀ ਨਹੀਂ ਆਉਣ ਦੇਂਦੀ । ਇਸ ਵਾਸਤੇ ਹੀ ਲੈਨਿਨ ਨੇ ਕਿਹਾ ਸੀ ਕਿ ਇਨਕਲਾਬੀ ਸਿਧਾਂਤ ਤੋਂ ਬਗੈਰ ਇਨਕਲਾਬੀ ਲਹਿਰ ਮੁਮਕਿਨ ਹੀ ਨਹੀਂ । ਇਸ ਵਾਸਤੇ ਹੀ ਮਾਰਕਸਵਾਦ, ਸਿਧਾਂਤ ਤੇ ਅਮਲ ਦੀ ਏਕਤਾ ਨੂੰ ਬੁਨਿਆਦੀ ਕਰਾਰ ਦੇਂਦਾ ਹੈ ।

---

1. Having effected this break, (of Kautsky's ideas on the question of the state with the teachings of Marx) however, Lenin nevertheless declared that the state economic apparatus which had been formed



in the monopoly stage of capitalism must be retained. Charles Bettelheim : CLASS STRUGGLES IN THE USSR, Vol. 1, p. 471

In addition to the chiefly 'oppressive' apparatus—the standing army, the police and the bureaucracy—the modern state possesses an apparatus which has extremely close connection with the banks and syndicates, an apparatus wh ch performs an enormous amount of accounting and registration work, if it may be expressed this way. This apparatus must not, and should not, be smashed. It must be wrested from the control of the capitalists and the wires they pull must be cut off, lopped off, chopped away from the apparatus; it must be subordinated to the proletarian Soviets; it must be expanded, made more comprehensive, and nation-wide. And this can be done by utilising the achievements already made by large scale capitalism (in the same way as the proletarian revolution can, in general, reach its goal only by utilising these achievements). Lenin : COMPLETE WORKS, Vol. 26, pp. 105-6.

2. When we see how incredibly capitalism is already retarding this development (of productive forces), when we see how much progress could be achieved on the basis of the level of technique already attained, we are entitled to say with fullest confidence that the expropriation of the capitalists will inevitably result in an enormous development of the productive forces of human society. But how rapidly this development will proceed, how soon it will reach the point of breaking away from the division of labour, of doing away with the antithesis between mental and physical labour, of transforming labour into "life's prime want"—we do not and cannot know. Lenin, Complete Works, Vol. 25, pp. 468-9.

---

Send subscriptions & donations to :

* Mrs. S. SAINI
95, BURNS AVE.,
SOUTHALL, MIDDX
U.K.

* Mr. G. S. PANNU
3362 E, 29th AVE.,
VANCOUVER-16 (B.C.)
CANADA

Frice · Rs. 2.00 per copy
Subscription :
Annual (India) : Rs. 20
U.K , U.S.A., Canada : Rs. 100 (By air)
(Pakistan) : Rs. 40
Life membership : Rs. 200 (India);
Rs. 1,000 (Foreign)

ਤਾਂ ਉਦੋਂ ਇਹ ਤਬਦੀਲੀ ਹੁੰਦੀ ਕਿਸ ਤਰ੍ਹਾਂ ਹੈ ? ਇਹ ਤਬਦੀਲੀ ਮੁਲਖੱਈਏ ਦੀ ਕੀਤੀ ਜਮਾਤੀ ਜਦੋ-ਜਹਿਦ ਤੋਂ ਬਗੈਰ ਮੁਮਕਿਨ ਹੀ ਨਹੀਂ । ਜਮਾਤੀ ਜਦੋ-ਜਹਿਦ ਨਾਲ ਜਦੋਂ ਸਮਾਜਕ ਰਿਸ਼ਤਿਆਂ ਦੀ ਤਬਦੀਲੀ ਹੋਵੇ ਤਾਂ ਹੀ ਪਹਿਲਿਆਂ, ਕਾਬਜ਼ ਰਿਸ਼ਤਿਆਂ ਦਾ ਮਾਰਿਆ ਡੱਕਾ ਖਤਮ ਹੁੰਦਾ ਹੈ । ਪੈਦਾਵਾਰ ਦੀਆਂ ਸ਼ਕਤੀਆਂ ਦੀ ਬੰਦ-ਖਲਾਸ ਹੁੰਦੀ ਹੈ ਅਤੇ ਉਹਨਾਂ ਦੀ ਉਸਾਰੀ ਦਾ ਅਗੋਂ ਰਾਹ ਖੁਲ੍ਹਦਾ ਹੈ ।

ਇਹ ਖਿਆਲ, ਇਹ ਸੰਕਲਪ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਹੇਠ ਸਟੇਟ-ਸਰਮਾਏਦਾਰੀ ਦੇ ਆਰਥਕ ਅਡੰਬਰ ਤੇ ਉਸ ਵਿਚਲੇ ਰਿਸ਼ਤਿਆਂ ਦੀ ਕਾਇਆਂ-ਪਲਟੀ ਸਿਰਫ਼ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਨਾਲ ਆਪਣੇ ਆਪ ਹੀ ਹੋ ਜਾਂਦੀ ਹੈ, ਇਨਕਲਾਬੀ ਮਾਰਕਸਵਾਦ ਦਾ ਪੂਰਨ ਤਿਆਗ ਹੈ । ਇਹ ਸੌ ਫੀ ਸਦੀ ਬੁਰਜੁਆ ਪੈਂਤੜਾ ਹੈ । ਸਵਾਲ ਬੁਨਿਆਦੀ ਹੈ : ਜਮਾਤੀ ਸਮਾਜ ਵਿਚ ਇਤਿਹਾਸ ਨੂੰ ਧੱਕੀ ਆਉਂਦੀ ਤਾਕਤ ਕਿਹੜੀ ਹੈ : ਮੁਲਖੱਈਏ ਦੀ ਕੀਤੀ ਜਮਾਤੀ ਜਦੋ-ਜਹਿਦ ਜਾਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ? ਮਾਰਕਸਵਾਦ ਸਪਸ਼ਟ ਦਸਦਾ ਹੈ ਕਿ ਜਮਾਤੀ ਸਮਾਜ ਵਿਚ ਇਤਿਹਾਸ ਨੂੰ ਧੱਕੀ ਆਉਂਦੀ ਸ਼ਕਤੀ ਹੈ—ਜਮਾਤੀ ਜਦੋ-ਜਹਿਦ ।

ਇਹ ਸਟੇਟ ਬੁਰਜੁਆਜ਼ੀ ਦਾ ਸਿਧਾਂਤ ਹੈ ਕਿ ਇਤਿਹਾਸ ਨੂੰ ਧੱਕੀ ਆਉਂਦੀ ਤਾਕਤ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਹੈ । ਉਹ ਸਪਸ਼ਟ ਕਾਰਨਾਂ ਕਰਕੇ, ਆਪਣੇ ਜਮਾਤੀ ਜੁੱਸੇ ਕਟਕੇ ਮੁਲੱਖਈਏ ਦੀ ਆਪਣੀ ਆਜ਼ਾਦੀ ਵਾਸਤੇ ਕੀਤੀ ਜਮਾਤੀ ਜਦੋ-ਜਹਿਦ ਨੂੰ ਖਾਰੇ ਸਮੁੰਦਰ ਵਿਚ ਸੁਟਣਾ ਚਾਹੁੰਦੀ ਹੈ । ਉਸ ਦਾ ਭੋਗ ਨਹੀਂ ਪਾਉਣਾ ਚਾਹੁੰਦੀ । ਇਸ ਦਾ ਸਿਧਾਂਤ ਪਰੋਲਤਾਰੀ ਨੂੰ ਨਿਹੱਥਿਆਂ ਕਰਦਾ ਹੈ ਅਤੇ ਬੁਰਜੁਆਜ਼ੀ ਨੂੰ, ਬੁਰਜੁਆ ਰਿਸ਼ਤਿਆਂ ਨੂੰ ਵਧ ਤੋਂ ਵਧ ਮਜ਼ਬੂਤ ਹੋਣ ਦਾ ਰਾਹ ਦੇਂਦਾ ਹੈ । ਲੈਨਿਨ ਦੀਆਂ ਅਖੀਰਲੀਆਂ ਲਿਖਤਾਂ ਦਸਦੀਆਂ ਹਨ ਕਿ ਉਹ ਆਪਣੇ ਵਿਚ ਰਹਿੰਦੇ ਖੂੰਧੇ ਇਕਾਨੋਮਿਜ਼ਮ ਤੋਂ ਪਾਕ ਹੋਣ ਦੇ ਰਾਹੇ ਪੈ ਰਿਹਾ ਸੀ, ਪਰ ਜ਼ਿੰਦਗੀ ਨੇ ਉਸ ਦਾ ਸਾਥ ਨਾ ਦਿੱਤਾ । ਇਹ ਸਟੇਟ ਬੁਰਜੁਆਜ਼ੀ ਦਾ ਕਰਤਵ ਤੇ ਸਿਧਾਂਤ ਹੈ ਕਿ ਉਹ ਲੈਨਿਨ ਦਾ ਨਾਂ ਲੈ ਕੇ ਸਟੇਟ-ਸਰਮਾਏਦਾਰੀ ਨੂੰ ਸਮਾਜਵਾਦ ਦਾ ਨਾਂ ਦੇਈ ਆਉਂਦੀ ਹੈ ।

ਸੰਕਲਪ ਤੇ ਸਿਧਾਂਤ ਆਪਣੇ ਆਪ ਕੁਛ ਨਹੀਂ ਕਰ ਸਕਦੇ । ਜੋ ਹੁੰਦਾ ਹੈ ਬੰਦੇ ਦੇ ਅਮਲ ਦਾ, ਜਮਾਤੀ ਜਦੋ-ਜਹਿਦ ਦਾ, ਜਮਾਤਾਂ ਦੇ ਤਾਕਤ ਦੇ ਆਪਸ ਵਿਚ ਤਵਾਜ਼ਨ ਦਾ ਕੀਤਾ ਹੁੰਦਾ ਹੈ। ਸੰਕਲਪ, ਸਿਧਾਂਤ ਉਸ ਵਕਤ ਹੀ ਪਦਾਰਥਕ ਤਾਕਤ ਬਣਦੇ ਹਨ ਜਦੋਂ ਉਹ ਲੋਕਾਂ ਦੇ ਦਿਲਾਂ ਦਿਮਾਗਾਂ ਵਿਚ ਘਰ ਕਰ ਜਾਣ । ਸੰਕਲਪਾਂ, ਸਿਧਾਂਤਾਂ ਦਾ ਰੋਲ ਇਹ ਹੁੰਦਾ ਹੈ ਕਿ ਸਹੀ ਸੰਕਲਪ ਅਮਲ ਨੂੰ ਸਹੀ ਰਸਤਾ ਵਿਖਾਉਂਦੇ ਹਨ । ਗ਼ਲਤ ਵਿਚਾਰਧਾਰਾ ਲੰਗੜੀਂਦੇ ਤੇ ਲਾਗੂ ਢੱਬਾਂ ਨੂੰ ਅੱਖਾਂ ਦੇ ਸਾਹਮਣੇ ਹੀ ਨਹੀਂ ਆਉਣ ਦੇਂਦੀ । ਇਸ ਵਾਸਤੇ ਹੀ ਲੈਨਿਨ ਨੇ ਕਿਹਾ ਸੀ ਕਿ ਇਨਕਲਾਬੀ ਸਿਧਾਂਤ ਤੋਂ ਬਗੈਰ ਇਨਕਲਾਬੀ ਲਹਿਰ ਮੁਮਕਿਨ ਹੀ ਨਹੀਂ । ਇਸ ਵਾਸਤੇ ਹੀ ਮਾਰਕਸਵਾਦ, ਸਿਧਾਂਤ ਤੇ ਅਮਲ ਦੀ ਏਕਤਾ ਨੂੰ ਬੁਨਿਆਦੀ ਕਰਾਰ ਦੇਂਦਾ ਹੈ ।

---

1. Having effected this break, (of Kautsky's ideas on the question of the state with the teachings of Marx) however, Lenin nevertheless declared that the state economic apparatus which had been formed in the monopoly stage of capitalism must be retained. Charles Bettelheim : CLASS STRUGGLES IN THE USSR, Vol. 1, p. 471

In addition to the chiefly 'oppressive' apparatus—the standing army, the police and the bureaucracy—the modern state possesses an apparatus which has extremely close connection with the banks and syndicates, an apparatus wh ch performs an enormous amount of accounting and registration work, if it may be expressed this way. This apparatus must not, and should not, be smashed. It must be wrested from the control of the capitalists and the wires they pull must be cut off, lopped off, chopped away from the apparatus; it must be subordinated to the proletarian Soviets; it must be expanded, made more comprehensive, and nation-wide. And this can be done by utilising the achievements already made by large scale capitalism (in the same way as the proletarian revolution can, in general, reach its goal only by utilising these achievements). Lenin : COMPLETE WORKS, Vol. 26, pp. 105-6.

2. When we see how incredibly capitalism is already retarding this development (of productive forces), when we see how much progress could be achieved on the basis of the level of technique already attained, we are entitled to say with fullest confidence that the expropriation of the capitalists will inevitably result in an enormous development of the productive forces of human society. But how rapidly this development will proceed, how soon it will reach the point of breaking away from the division of labour, of doing away with the antithesis between mental and physical labour, of transforming labour into "life's prime want"—we do not and cannot know. Lenin, Complete Works, Vol. 25, pp. 468-9.

---


Send subscriptions & donations to :

* Mrs. S. SAINI
95, BURNS AVE.,
SOUTHALL, MIDDX
U.K.

* Mr. G. S. PANNU
3362 E, 29th AVE.,
VANCOUVER-16 (B.C.)
CANADA

Frice · Rs. 2.00 per copy
Subscription :
Annual (India) : Rs. 20
U.K , U.S.A., Canada : Rs. 100 (By air)
(Pakistan) : Rs. 40
Life membership : Rs. 200 (India);
Rs. 1,000 (Foreign)

# ਨੈਸ਼ਨਲ ਬੁੱਕ ਟਰੱਸਟ, ਇੰਡੀਆ

**ਦਾ 'ਆਦਾਨ ਪ੍ਰਦਾਨ' ਸਕੀਮ ਹੇਠ ਚੋਣਵਾਂ ਸਾਹਿਤ**

ਅਬਦੁਲ ਹਲੀਮ 'ਸ਼ਰਰ' : ਕਲ ਦਾ ਲਖਨਊ (ਉਰਦੂ ਰਚਨਾ)
ਅਨੁਵਾਦ : ਤਾਰਾ ਸਿੰਘ, ਲਖਨਊ ਦੇ ਇਤਿਹਾਸਕ ਪਿਛੋਕੜ ਵਿਚ ਉਥੋਂ ਦੇ ਨਵਾਬੀ ਠਾਠ-ਬਾਠ
ਸਮਾਜਕ ਜੀਵਨ ਉਤੇ ਝਾਤ। ਸਫ਼ੇ 372 ਕੀਮਤ ਰੁ. 7-5

ਤਾਰਾਸ਼ੰਕਰ ਬੈਨਰਜੀ : ਕਵੀ (ਬੰਗਾਲੀ ਨਾਵਲ) ਅਨੁਵਾਦ : ਅਮਰ ਭਾਰਤੀ
ਬੰਗਾਲੀ ਦੇ ਸਿਰਕੱਢ ਨਾਵਲਕਾਰ ਦਾ ਸਮੂਹ ਜੀਵਨ ਨੂੰ ਪੇਸ਼ ਕਰਦਾ ਨਾਵਲ। ਚੋਰਾਂ ਦੇ ਇਕ ਵਰ
ਦਾ ਮੁੰਡਾ ਜਿਹੜਾ ਕਵੀ ਬਣ ਗਿਆ—ਬੰਗਾਲੀ ਤੋਂ ਸਿੱਧਾ ਪੰਜਾਬੀ ਅਨੁਵਾਦ ਇਸ ਪੁਸਤਕ ਨੂੰ ਬੇਹੱ
ਰੌਚਕ ਤੇ ਦਿਲਚਸਪ ਬਣਾਉਂਦਾ ਹੈ। ਸਫ਼ੇ 244 ਕੀਮਤ ਰੁ. 6.0

ਹਰਿ ਨਾਰਾਇਣ ਆਪਟੇ : ਮੈਂ (ਮਰਾਠੀ ਨਾਵਲ) ਅਨੁਵਾਦ ਸਵਰਨ ਸਿੰਘ
ਮਰਾਠੀ ਸਮਾਜ ਦਾ ਪਰਿਵਰਤਣਸ਼ੀਲ ਜੀਵਨ ਇਸ ਨਾਵਲ ਦਾ ਵਿਸ਼ਾ ਹੈ। ਮਰਾਠੀ ਤੋਂ ਸਿ
ਪੰਜਾਬੀ ਅਨੁਵਾਦ। ਸਫ਼ੇ 356 ਕੀਮਤ ਰੁ: 8.7

ਕ੍ਰਿਸ਼ਨ ਚੰਦਰ ਰਾਜਿੰਦਰ ਸਿੰਘ ਬੇਦੀ ਤੇ ਇਸਮਤ ਚੁਗਤਾਈ :
ਕਥਾ ਭਾਰਤੀ (ਉਰਦੂ ਕਹਾਣੀਆਂ) ਅਨੁਵਾਦ : ਮਿਹਰ ਸਿੰਘ 'ਰੰਧਾਵਾ'
ਉਰਦੂ ਦੇ ਤਿੰਨ ਪ੍ਰਸਿਧ ਕਹਾਣੀਕਾਰਾਂ ਦੀਆਂ ਸਰਵੋਤਮ ਤੇ ਪ੍ਰਸਿਧ ਰਚਨਾਵਾਂ।
ਸਫ਼ੇ 244 ਕੀਮਤ ਰੁ: 5.2

ਸ੍ਰੀਧਰ ਵਿਅੰਕਟੇਸ਼ ਕੇਤਕਰ : ਬ੍ਰਾਹਮਣ ਕੰਨਿਆਂ (ਮਰਾਠੀ ਨਾਵਲ) ਅਨੁ : ਸਵਰਨ ਸਿੰ
ਇਹ ਮਰਾਠੀ ਭਾਸ਼ਾ ਦਾ ਇਕ ਰੌਚਕ ਉਪਨਿਆਸ ਹੈ, ਜਿਸ ਰਾਹੀਂ ਸਮਾਜ ਵਿਚ ਇਸਤ੍ਰ
ਦੀ ਦਸ਼ਾ ਤੇ ਇਸਤ੍ਰੀ ਵਿਦਿਆ ਨੂੰ ਕਲਾਪੂਰਣ ਢੰਗ ਨਾਲ ਪੇਸ਼ ਕੀਤਾ ਗਿਆ ਹੈ।
ਸਫ਼ੇ 240 ਕੀਮਤ ਰੁ. 6.0

ਫ਼ਣੀਸ਼ਵਰ ਨਾਥ ਰੇਣੂ : ਮੈਲਾ ਆਂਚਲ (ਹਿੰਦੀ ਨਾਵਲ) ਅਨੁ: ਜਸਵੰਤ ਸਿੰਘ ਵਿਰਦ
ਇਹ ਨਾਵਲ ਆਜ਼ਾਦੀ ਦੇ ਮਗਰੋਂ ਭਾਰਤੀ ਜੀਵਨ ਦੀ ਸਭ ਤੋਂ ਕਲਾਤਮਕ ਤੇ ਯਥਾਰਥਵਾਦ
ਰਚਨਾ ਹੈ। ਸਫ਼ੇ 351 ਕੀਮਤ ਰੁ. 16.5

ਅਮ੍ਰਿਤ ਲਾਲ ਨਾਗਰ : ਬੂੰਦ ਤੇ ਸਮੁੰਦਰ ਅਨੁਵਾਦ : ਮੋਹਨਜੀਤ
ਇਹ ਨਾਵਲ ਹਿੰਦੀ ਦੇ ਪ੍ਰਤਿਭਾਸ਼ਾਲੀ ਰਚਣਹਾਰੇ ਅੰਮ੍ਰਿਤ ਲਾਲ ਨਾਗਰ ਦੀ ਅਤਿਅੰਤ ਮਹੱਤਵਪੂਰ
ਰਚਨਾ ਹੈ। 'ਬੂੰਦ' ਵਿਅਕਤੀ ਦਾ ਪ੍ਰਤੀਕ ਹੈ ਤੇ 'ਸਮੁੰਦਰ' ਸਮਕਾਲੀਨ ਸਮਾਜ ਦਾ। ਇਸ ਰਚ
'ਚ ਕਲਾ ਦੀ ਉੱਤਮਤਾ ਵੀ ਹੈ ਤੇ ਪਾਠਕਾਂ ਲਈ ਖਿੱਚ ਵੀ। ਸਫ਼ੇ 522+14 ਕੀਮਤ ਰੁ: 21.

ਅਤੀਨ ਬੰਦੋਪਾਧਿਆਏ : ਨੀਲ ਕੰਠ ਪੰਖੀ ਦੀ ਭਾਲ (ਬੰਗਾਲੀ ਨਾਵਲ)
ਅਨੁਵਾਦ : ਜੀ. ਐਸ. ਮੋਹੋ : ਸਫ਼ੇ 463+16 ਕੀਮਤ ਰੁ: 14.

ਸ੍ਰੀ ਲਾਲ ਸੁਕਲ : ਰਾਗ ਦਰਬਾਰੀ ਸਫ਼ੇ 326+10 ਕੀਮਤ ਰੁ: 11.

ਯਸ਼ਪਾਲ : ਮਨੁੱਖ ਦੇ ਰੂਪ (ਹਿੰਦੀ ਨਾਵਲ) ਅਨੁਵਾਦ : ਐਸ. ਐਸ. ਮੀਸ਼ਾ
ਸਫ਼ੇ 312+11 ਕੀਮਤ ਰੁ: 12.

ਸਾਡੀਆਂ ਇਹ ਅਤੇ ਹੋਰ ਅਨੇਕਾਂ ਚੰਗੀਆਂ ਪੁਸਤਕਾਂ ਇਥੋਂ ਲਵੋ—

| | | |
|---|---|---|
| **ਨਵਯੁਗ ਪਬਲਿਸ਼ਰਜ਼** | **ਨੈਸ਼ਨਲ ਬੁਕ ਟਰੱਸਟ, ਇੰਡੀਆ** | **ਨਿਊ ਏਜ਼ ਬੁਕ ਸੈਂ** |
| ਚਾਂਦਨੀ ਚੌਂਕ | ਏ-5, ਗ੍ਰੀਨ ਪਾਰਕ, ਨਵੀਂ ਦਿੱਲੀ-16. | ਮਹਾਂ ਸਿੰਘ ਗੇਟ ਮਾਰ |
| ਦਿੱਲੀ-110006. | | ਅੰਮ੍ਰਿਤਸਰ |

**ਨਿਊ ਬੁਕ ਕੰਪਨੀ**
ਮਾਈ ਹੀਰਾਂ ਗੇਟ ਜਲੰਧਰ




> I believe myself to be a revolutionary — a non-violent revolutionary. My means are non-cooperation. —GANDHI

ਭਗਵਾਨ ਸਿੰਘ ਜੋਸ਼

## ਗਾਂਧੀਵਾਦ : ਮਾਰਕਸਵਾਦੀ ਦ੍ਰਿਸ਼ਟੀਕੋਨ

ਮੇਰੇ ਲੇਖ 'ਨਵੀਂ ਖੋਜ : ਗਾਂਧੀ ਬਨਾਮ ਭਗਤ ਸਿੰਘ' ਉਪਰ ਕੀਤੀ ਟਿੱਪਣੀ ਵਿਚ (ਸੇਧ, ਸਤੰਬਰ, 1979) ਪ੍ਰੀਤਮ ਸਿੰਘ ਨੇ ਗਾਂਧੀਵਾਦੀ ਵਿਚਾਰਧਾਰਕ ਪ੍ਰਬੰਧ ਦੇ ਕਈ ਪੱਖਾਂ ਨੂੰ ਅੱਡਰਾ ਅੱਡਰਾ ਲੈ ਕੇ ਮਾਰਕਸਵਾਦੀ ਦ੍ਰਿਸ਼ਟੀਕੋਨ ਤੋਂ ਉਨ੍ਹਾਂ ਪੱਖਾਂ ਦੇ ਮੂੜ੍ਹਪੁਣੇ ਨੂੰ ਦਰਸਾਉਣ ਦਾ ਯਤਨ ਕੀਤਾ ਹੈ। ਪਰ ਆਸ ਹੈ ਪ੍ਰੀਤਮ ਸਿੰਘ ਇਸ ਗੱਲ ਦਾ ਬੁਰਾ ਨਹੀਂ ਮਨਾਵੇਗਾ ਜੇਕਰ ਮੈਂ ਇਹ ਕਹਾਂ ਕਿ ਜੋ ਕੁਝ ਉਸ ਨੇ ਆਲੋਚਨਾ ਵਜੋਂ ਕਿਹਾ ਹੈ, ਉਸ ਵਿਚ ਕੁਝ ਵੀ ਨਵਾਂ ਨਹੀਂ ਸਗੋਂ ਇਹ ਸਾਰੀਆਂ ਗੱਲਾਂ ਪੰਜਾਹ ਸਾਲ ਪੁਰਾਣੀਆਂ ਹਨ ਤੇ ਖੱਬੇ ਹਲਕਿਆਂ ਦੀ ਆਮ ਚੇਤਨਾ ਦਾ ਅੰਗ ਬਣ ਗਈਆਂ ਹਨ। ਕਈ ਵੇਰ ਇੰਜ ਵੀ ਹੁੰਦਾ ਹੈ ਕਿ ਅਜਿਹੀ ਚੇਤਨਤਾ ਰਖਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਇਨ੍ਹਾਂ ਵਿਚਾਰਾਂ ਦੀ ਸ਼ੁਰੂਆਤ ਤੇ ਫੈਲਣ ਬਾਰੇ ਵੀ ਬਹੁਤ ਘੱਟ ਪਤਾ ਹੁੰਦਾ ਹੈ, ਹਾਲਾਂਕਿ ਪ੍ਰੀਤਮ ਸਿੰਘ ਨੂੰ ਮੈਂ ਉਨ੍ਹਾਂ ਲੋਕਾਂ ਵਿਚ ਸ਼ਾਮਿਲ ਨਹੀਂ ਕਰਦਾ।

ਗਾਧੀਵਾਦ ਦੇ ਇੰਜ ਇਕੱਲੇ ਇਕੱਲੇ ਪੱਖ ਨੂੰ ਲੈ ਕੇ ਉਸ ਦੀ ਮੂੜ੍ਹਤਾ ਦਰਸਾਉਣ ਦੀ ਵਿਧੀ ਐਮ. ਐਨ. ਰਾਏ ਦੀ ਵਿਧੀ ਹੈ ਤੇ ਪ੍ਰੀਤਮ ਸਿੰਘ ਦੇ ਸਮੁਚੇ ਵਿਚਾਰਾਂ ਦਾ ਤੱਤ-ਰੂਪ ਅਸਲ ਵਿਚ ਐਮ. ਐਨ. ਰਾਏ ਦੇ ਵਿਚਾਰ ਹੀ ਹਨ। ਪ੍ਰੀਤਮ ਸਿੰਘ ਦੀ ਗਲਤੀ ਉਹੀ ਹੈ ਜੋ ਰਾਏ ਨੇ ਕੀਤੀ ਸੀ। ਉਹ ਸਮੁਚੇ ਗਾਂਧੀਵਾਦੀ ਵਿਚਾਰ-ਪ੍ਰਬੰਧ ਬਾਰੇ (ਜੋ ਆਪਾ-ਵਿਰੋਧਾਂ ਨਾਲ ਭਰਿਆ ਪਿਆ ਹੈ) ਸਵਾਲ ਉਠਾਉਣ ਦੀ ਬਜਾਏ, ਉਸ ਦੇ ਤੱਤਾਂ ਨੂੰ ਅੱਡਰਾ ਅੱਡਰਾ ਕਰ ਕੇ, ਉਨ੍ਹਾਂ ਨੂੰ ਸਮੇਂ ਤੇ ਸਥਾਨ ਤੋਂ ਮੁਕਤ ਕਰ ਕੇ ਤੇ ਅੰਤ ਵਿਚ ਉਨ੍ਹਾਂ ਨੂੰ ਮਾਰਕਸਵਾਦ ਦੇ ਸਨਮੁਖ ਖੜਾ ਕਰ ਕੇ ਆਪਣਾ ਮੁਕੱਦਮਾ ਚਲਾ ਕੇ, ਅੰਤਮ ਨਿਰਨਾ ਸੁਣਾ ਦਿੰਦਾ ਹੈ। ਉਹ ਇਹ ਮਹੱਤਵਪੂਰਨ ਸਵਾਲ ਹੀ ਨਹੀਂ ਉਠਾਉਂਦਾ : ਗਾਂਧੀਵਾਦ ਦੀਆਂ ਇਕ ਵਿਚਾਰਧਾਰਕ ਪ੍ਰਬੰਧ ਦੇ ਤੌਰ 'ਤੇ ਜੜ੍ਹਾਂ ਕਿਥੇ ਹਨ ? ਕੀ ਇਹ ਗੱਲ ਸੰਭਵ ਨਹੀਂ ਕਿ ਕੋਈ ਆਪਾ-ਵਿਰੋਧਾਂ ਨਾਲ ਭਰਿਆ ਵਿਚਾਰ-ਪ੍ਰਬੰਧ, ਭਾਵੇਂ ਉਹ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਦੇ ਦ੍ਰਿਸ਼ਟੀਕੋਨ ਤੋਂ ਪਿਛਾਂਹ-ਖਿਚੂ ਸੋਚਣੀ ਦਾ ਹੀ ਮਾਲਕ ਹੋਵੇ, ਇਕ ਖ਼ਾਸ ਇਤਿਹਾਸਕ ਪੜਾਅ ਉਪਰ ਲੱਖਾਂ ਲੋਕਾਂ ਨੂੰ ਸੰਘਰਸ਼ ਵਿਚ ਧੂਹ ਲੈਣ ਦੀ ਸਮਰੱਥਾ ਕਾਰਨ, ਅਗਾਂਹ-ਵਧੂ (ਪਰ ਸੀਮਤ) ਰੋਲ ਅਦਾ ਕਰ ਸਕਦਾ ਹੈ ? ਵਿਗਿਆਨਕ ਤਰਕਸ਼ੀਲਤਾ ਦੇ ਪੱਖੋਂ ਪਿਛਾਂਹ

ਖਿਚੂ ਪਰ ਲੋਕ-ਭਾਵਨਾਵਾਂ ਨਾਲ ਓਤਪੋਤ ਹੋਣ ਕਾਰਨ ਅਗਾਂਹ-ਵਧੂ ਅਜਿਹੇ ਵਿਚਾਰ-ਪ੍ਰਬੰਧ ਹੇਠ ਉਭਰ ਰਹੀ ਲੋਕ ਲਹਿਰ ਨਾਲ, ਠੋਸ ਹਾਲਤਾਂ ਵਿਚ ਮਜ਼ਦੂਰ ਜਮਾਤ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਸ਼ਕਤੀਆਂ ਆਪਣਾ ਨਾਤਾ ਕਿਵੇਂ ਕਾਇਮ ਕਰਨ ? ਪ੍ਰੀਤਮ ਸਿੰਘ ਦੀ ਗਾਂਧੀਵਾਦ ਦੀ ਸਮੁੱਚੀ ਆਲੋਚਨਾ ਪਿੱਛੇ ਰਾਏ ਵਲੋਂ ਉਠਾਇਆ ਗਿਆ ਇਹ ਸਵਾਲ ਲੁਪਤ ਹੈ : ਮਾਰਕਸਵਾਦ ਦੇ ਮੁਕਾਬਲੇ 'ਤੇ ਕੀ ਗਾਂਧੀਵਾਦ ਅਗਾਂਹ-ਵਧੂ ਵਿਚਾਰਧਾਰਾ ਹੈ ?

ਇਥੇ ਇਕ ਹੋਰ ਸਵਾਲ ਉਠਾਉਣਾ ਵੀ ਜ਼ਰੂਰੀ ਹੈ : ਵਿਚਾਰਧਾਰਕ ਪ੍ਰਬੰਧਾਂ, ਜੋ ਵੱਖ ਵੱਖ ਸਮਾਜਾਂ ਦੇ ਵੱਖ ਵੱਖ ਇਤਿਹਾਸਕ ਪੜਾਵਾਂ ਉਪਰ ਖਾਸ ਸਮੇਂ ਪੈਦਾ ਹੁੰਦੇ ਹਨ ਤੇ ਫ਼ਿਰ ਖਿੰਡ ਜਾਂਦੇ ਹਨ, ਦੇ ਇਤਿਹਾਸਕ ਰੋਲ ਦਾ ਮੁਲਾਂਕਣ ਕਰਨ ਦੀ ਮਾਰਕਸਵਾਦੀ ਵਿਧੀ ਕੀ ਹੈ ? ਪ੍ਰੀਤਮ ਸਿੰਘ ਇਹ ਸਵਾਲ ਨਹੀਂ ਉਠਾਉਂਦਾ ਸਗੋਂ ਉਹ ਗਾਂਧੀਵਾਦ ਦਾ ਮਾਰਕਸਵਾਦ ਨਾਲ ਆਮ੍ਹੋ-ਸਾਹਮਣਾ ਕਰ ਕੇ, ਮੁਕਾਬਲਾ ਕਰ ਕੇ, ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਮਾਰਕਸਵਾਦ ਦੇ ਮੁਕਾਬਲੇ ਗਾਂਧੀਵਾਦ ਪਿਛਾਂਹ-ਖਿਚੂ ਵਿਚਾਰਧਾਰਾ ਹੈ ! ਜੇਕਰ 'ਠੋਸ ਇਤਿਹਾਸਕ ਹਾਲਤਾਂ ਵਿਚ ਰਖ ਕੇ ਵਿਸ਼ਲੇਸ਼ਣ' ਤੋਂ ਭਾਵ ਇਸ 'ਤੁਲਨਾਤਮਕ ਅਧਿਐਨ' ਤੋਂ ਹੈ ਤਾਂ ਵਾਕਿਆ ਗਾਂਧੀਵਾਦ ਪਿਛਾਂਹ-ਖਿਚੂ ਹੈ ਤੇ ਮਾਰਕਸਵਾਦ ਅਗਾਂਹ-ਵਧੂ ! ਮਿਸਾਲ ਦੇ ਤੌਰ 'ਤੇ ਪ੍ਰੀਤਮ ਸਿੰਘ ਲਿਖਦਾ ਹੈ : "ਜਿਥੋਂ ਤਕ ਹਿੰਸਾ-ਅਹਿੰਸਾ ਦੇ ਸੁਆਲ ਦਾ ਸਮਾਜਕ-ਰਾਜਨੀਤਕ ਸੰਘਰਸ਼ ਵਿਚ ਦਾਓ-ਪੇਚ ਦੇ ਤੌਰ 'ਤੇ ਵਰਤਣ ਦਾ ਸੰਬੰਧ ਹੈ, ਮਾਰਕਸਵਾਦੀ ਤੇ ਗਾਂਧੀਵਾਦੀ ਦ੍ਰਿਸ਼ਟੀਕੋਣ ਇਕ ਦੂਸਰੇ ਦੇ ਉਲਟ ਹਨ।... ਗਾਂਧੀ ਸਾਇੰਸ ਤੇ ਟੈਕਨਾਲੋਜੀ ਦੇ ਉਲਟ, ਆਧੁਨਿਕ ਸਿਹਤ ਵਿਗਿਆਨ ਦੇ ਉਲਟ, ਸਨਅਤੀਕਰਨ ਦੇ ਉਲਟ ਇਕ ਪਿਛਾਂਹ-ਖਿਚੂ ਸੋਚਣੀ ਦਾ ਮਾਲਕ ਸੀ...ਮਾਰਕਸਵਾਦੀ ਵਿਗਿਆਨ, ਟੈਕਨਾਲੋਜੀ ਤੇ ਸਨਅਤੀਕਰਨ ਦੇ ਹੱਕ ਵਿਚ ਹਨ ਕਿਉਂਕਿ ਇਸ ਰਾਹੀਂ ਹੀ ਮਨੁੱਖ ਆਪਣੀ ਸ਼ਕਤੀ ਮਹਿਸੂਸ ਕਰਦਾ ਹੈ।" ਇਥੇ ਪ੍ਰੀਤਮ ਸਿੰਘ ਜੋ ਵਿਧੀ ਅਪਣਾ ਰਿਹਾ ਹੈ ਉਹ ਮਾਰਕਸਵਾਦ ਦੇ **conceptual content** ਅਤੇ ਉਹਦੀ **internal rationality** ਨੂੰ ਗਾਂਧੀਵਾਦ ਦੇ **conceptual content** ਅਤੇ ਉਹਦੀ **internal absurdity and irrationality** ਨਾਲ ਮੁਕਾਬਲਾ ਕਰਨ ਦੀ ਵਿਧੀ ਹੈ। ਇਸ ਪੱਖ ਤੋਂ ਇਹ ਬਿਲਕੁਲ ਠੀਕ ਹੈ ਕਿ ਗਾਂਧੀਵਾਦ ਪਿਛਾਂਹ-ਖਿਚੂ ਵਿਚਾਰਧਾਰਾ ਹੈ ਤੇ ਮੈਂ ਆਪ ਵੀ ਇਸ ਤੋਂ ਚੰਗੀ ਤਰ੍ਹਾਂ ਵਾਕਿਫ਼ ਹਾਂ ਤੇ ਕਾਮਰੇਡ ਦੇਵਾ ਸਿੰਘ ਮਾਹਲਾ ਵੀ ਤੇ ਚੰਦਨ ਵੀ। ਜੇਕਰ ਮਸਲਾ ਸਾਰਾ ਐਨਾ ਹੀ ਸੀ ਤਾਂ ਸਾਨੂੰ ਫਿਰ ਗਾਂਧੀਵਾਦ ਬਾਰੇ ਬਹਿਸ ਮੁੜ ਸ਼ੁਰੂ ਕਰਨ ਦੀ ਲੋੜ ਹੀ ਕੀ ਸੀ ? ਜੋ 1920-26 ਵਿਚ ਐਮ. ਐਨ. ਰਾਏ ਨੇ ਕਿਹਾ ਸੀ, ਉਹ ਤਾਂ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ ਤੇ ਅਸੀਂ ਸਾਰੇ ਭਗਤ ਸਿੰਘ ਦੇ ਜਨਮ ਦਿਨ ਉਪਰ ਉਹਦਾ ਪ੍ਰਚਾਰ ਵੀ ਕਰਦੇ ਹਾਂ। ਅਸਲ ਵਿਚ ਮਸਲਾ 'ਠੋਸ ਹਾਲਤਾਂ ਹੇਠ ਤੇ ਸੀਮਤ ਕਾਲ ਵਿਚ' ਅਜਿਹੀਆਂ ਵਿਚਾਰਧਾਰਾਵਾਂ ਦੇ ਇਤਿਹਾਸਕ ਤੱਤ (**historical content**) ਨੂੰ ਪਛਾਣਨ ਦਾ ਹੈ।

ਗਾਂਧੀਵਾਦ ਬਾਰੇ ਉਪਰਲੇ ਸਵਾਲਾਂ ਨੂੰ ਨਾ ਉਠਾਉਣ ਕਾਰਨ ਪ੍ਰੀਤਮ ਸਿੰਘ ਨੂੰ ਨਾ ਤਾਂ ਪ੍ਰੋ: ਬਿਪਿਨ ਚੰਦਰ ਦੀ ਤੇ ਨਾ ਹੀ ਆਪਣੀ ਦਲੀਲ ਵਿਚ ਕੋਈ ਆਪਾ-ਵਿਰੋਧ ਨਜ਼ਰ ਆਉਂਦਾ ਹੈ। ਪ੍ਰੀਤਮ ਸਿੰਘ ਇਕ ਪਾਸੇ ਲਿਖਦਾ ਹੈ : "ਗਾਂਧੀ ਸਾਇੰਸ ਤੇ ਟੈਕਨਾਲੋਜੀ ਦੇ ਉਲਟ, ਆਧੁਨਿਕ ਸਿਹਤ ਵਿਗਿਆਨ ਦੇ ਉਲਟ, ਸਨਅਤੀਕਰਨ ਦੇ ਉਲਟ ਇਕ ਪਿਛਾਂਹ ਖਿਚੂ ਸੋਚਣੀ ਦਾ ਮਾਲਕ ਸੀ। ਇਸ ਦੇ ਆਦਰਸ਼ਾਂ ਦਾ ਸਮਾਜ ਚਰਖਿਆਂ ਵਾਲਾ, ਬੈਲ-ਗੱਡੀਆਂ ਵਾਲਾ, ਲੱਕੜ ਦੇ ਹਲਾਂ ਵਾਲਾ ਤੇ ਕੱਚਿਆਂ ਕੋਠਿਆਂ ਵਾਲਾ ਛੋਟੀ-ਖੇਤੀ ਪ੍ਰਧਾਨ ਸਮਾਜ ਹੀ ਹੋ ਸਕਦਾ ਹੈ। ਉਸ ਦੀ



ਵਿਚਾਰਧਾਰਾ ਵਿਚ ਫ਼ਿਰਕਾ-ਪ੍ਰਸਤ ਹਿੰਦੂ ਵਿਚਾਰਧਾਰਾ ਵੀ ਕਾਫ਼ੀ ਹੱਦ ਤੱਕ ਭਾਰੂ ਸੀ।" ਦੂਸਰੇ ਪਾਸੇ ਨਾਲ ਹੀ ਉਹ ਕਹਿੰਦਾ ਹੈ ਕਿ "ਗਾਂਧੀ ਬੁਰਜੂਆ ਹਿੱਤਾਂ ਦਾ ਰਾਖਾ" ਸੀ ਤੇ "ਕੌਮੀ ਲਹਿਰ ਵਿਚ ਬੁਰਜੂਆ ਵਿਚਾਰਧਾਰਾ ਦਾ ਹੱਥ-ਠੋਕਾ ਸੀ।" ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਬੁਰਜੂਆ ਦੀ ਵਿਚਾਰਧਾਰਾ ਤੇਜ਼ੀ ਨਾਲ ਸਨਅਤੀਕਰਨ ਕਰਨ, ਸਾਇੰਸ ਤੇ ਟੈਕਨਾਲੋਜੀ ਨੂੰ ਵਿਕਸਤ ਕਰਨ, ਤੇ ਆਧੁਨਿਕ ਸਿਹਤ ਵਿਗਿਆਨ ਦੀ ਵਿਚਾਰਧਾਰਾ ਸੀ, ਤਾਂ ਉਹ ਸ਼ਖ਼ਸ ਜਿਸ ਦਾ ਅਜਿਹੇ ਵਿਚਾਰ-ਧਾਰਕ ਪ੍ਰਬੰਧ ਨਾਲ ਹਰ ਮਸਲੇ 'ਤੇ ਸਰਾਸਰ ਵਿਰੋਧ ਸੀ ਉਹ ਬੁਰਜੂਆਜ਼ੀ ਦਾ 'ਹੱਥ ਠੋਕਾ' ਜਾਂ 'ਬੁਰਜੂਆ ਹਿੱਤਾਂ ਦਾ ਰਾਖਾ' ਕਿਵੇਂ ਹੋਇਆ ? ਕਿਉਂਕਿ ਪ੍ਰੀਤਮ ਸਿੰਘ ਆਪਣੀ ਦਲੀਲ ਪ੍ਰੋ: ਬਿਪਿਨ ਚੰਦਰ ਦੀ ਖੋਜ 'ਤੇ ਆਧਾਰਤ ਕਰਦਾ ਹੈ, ਇਸ ਲਈ ਇਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਇਸ ਉਪਰ ਦੱਸੇ ਆਪਾ-ਵਿਰੋਧ (ਬੁਰਜੂਆ ਵਿਚਾਰਧਾਰਾ ਦਾ ਵਿਰੋਧ ਕਰਨ ਵਾਲਾ ਤੇ ਨਾਲ ਹੀ ਬੁਰਜੂਆ ਦਾ ਹੱਥ-ਠੋਕਾ) ਨੂੰ ਅਜੇ ਤਕ ਪ੍ਰੋ: ਬਿਪਿਨ ਚੰਦਰ ਵੀ ਆਪਣੀਆਂ ਛਪੀਆਂ ਲਿਖਤਾਂ ਵਿਚ ਸੁਲਝਾਉਣ ਤੋਂ ਅਸਮਰੱਥ ਰਹੇ ਹਨ।

ਅਸਲ ਵਿਚ ਗਾਂਧੀ ਦੇ 'ਹੱਥ-ਠੋਕਾ' ਹੋਣ ਦਾ ਨਤੀਜਾ ਉਸ ਦੇ ਰੋਲ ਦੇ, ਉਸ ਦੇ ਵਿਚਾਰਾਂ ਦੇ ਰੋਲ ਦੇ ਠੋਸ ਇਤਿਹਾਸਕ ਵਿਸ਼ਲੇਸ਼ਣ ਤੋਂ ਨਹੀਂ ਸਗੋਂ ਇਕ ਹੋਰ ਕਿਸਮ ਦੀ ਅਪੁੱਠ ਦਲੀਲਬਾਜ਼ੀ ਤੋਂ ਕੱਢਿਆ ਜਾਂਦਾ ਹੈ ਜੋ ਇਸ ਪ੍ਰਕਾਰ ਹੈ : 1947 ਵਿਚ ਭਾਰਤ ਵਿਚ ਸਿਆਸੀ ਤਾਕਤ ਕਿਸ ਜਮਾਤ ਦੇ ਹੱਥ ਆਈ ? ਇਸ ਦਾ ਜਵਾਬ ਦਿੱਤਾ ਜਾਂਦਾ ਹੈ : ਬੁਰਜੂਆਜ਼ੀ ਦੇ। ਇਹ ਸਿਆਸੀ ਤਾਕਤ ਉਸ ਨੂੰ ਕਿਸ ਲਹਿਰ ਦੇ ਨਤੀਜੇ ਵਜੋਂ ਪ੍ਰਾਪਤ ਹੋਈ ? ਜਵਾਬ ਦਿੱਤਾ ਜਾਂਦਾ ਹੈ : ਕਾਂਗਰਸ ਲਹਿਰ ਦੇ। ਉਸ ਦੀ ਅਗਵਾਈ ਕਿਸ ਦੇ ਹੱਥ ਸੀ ? ਜਵਾਬ : ਗਾਂਧੀ ਦੇ। ਤਾਂ ਫਿਰ ਗਾਂਧੀ 'ਬੁਰਜੂਆ ਹਿੱਤਾਂ ਦਾ ਹੱਥ-ਠੋਕਾ' ਨਾ ਹੋਇਆ ? ਇਸ ਗ਼ਲਤ ਦਲੀਲ ਪਿੱਛੇ ਬਹੁਤ ਮਨੌਤਾਂ ਹਨ ਤੇ ਇਸ ਦਲੀਲ ਨੂੰ ਗਲਤ ਦਰਸਾਉਣ ਲਈ ਉਨ੍ਹਾਂ ਮਨੌਤਾਂ ਨੂੰ ਗਲਤ ਦਰਸਾਉਣਾ ਬਹੁਤ ਜ਼ਰੂਰੀ ਹੈ। ਅਜਿਹਾ ਅਸੀਂ 'ਮਾਰਕਸਵਾਦ, ਗਾਂਧੀ ਤੇ ਕੌਮੀ ਆਜ਼ਾਦੀ ਦੀ ਲਹਿਰ' ਦੀ ਲੇਖ-ਲੜੀ ਵਿਚ ਕਰਨ ਦੀ ਕੋਸ਼ਿਸ਼ ਕਰਾਂਗੇ।

ਉਪਰ ਅਸੀਂ ਸਵਾਲ ਉਠਾਇਆ ਹੈ : ਵਿਚਾਰਧਾਰਕ-ਪ੍ਰਬੰਧਾਂ ਨੂੰ, ਜੋ ਵੱਖ ਵੱਖ ਸਮਾਜਾਂ ਵਿਚ ਖਾਸ ਇਤਿਹਾਸਕ ਹਾਲਤਾਂ ਹੇਠ ਵੱਖ ਵੱਖ ਸਮੇਂ ਪੈਦਾ ਹੁੰਦੇ ਹਨ, ਸਮਝਣ ਦੀ ਮਾਰਕਸਵਾਦੀ ਵਿਧੀ ਕੀ ਹੈ ? ਇਥੇ ਮੈਂ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਮਾਰਕਸ, ਏਂਗਲਜ਼ ਅਤੇ ਲੈਨਿਨ ਦੀਆਂ ਲਿਖਤਾਂ ਵਿਚ ਅਜਿਹੀ ਕੋਈ ਸਿਲਸਿਲੇਬੱਧ ਵਿਧੀ ਨਹੀਂ ਮਿਲਦੀ ਪਰ ਤਾਂ ਵੀ ਅਜਿਹੀ ਵਿਧੀ ਨੂੰ ਉਨ੍ਹਾਂ ਦੀਆਂ ਅਮੀਰ ਲਿਖਤਾਂ ਵਿਚ ਥਾਂ ਥਾਂ 'ਤੇ ਖਿੰਡੀਆਂ ਪੁੰਡੀਆਂ **insights** ਤੋਂ ਸ਼ੁਰੂ ਕਰ ਕੇ ਵਿਕਸਤ ਕਰਨ ਵਲ ਵਧਿਆ ਜਾ ਸਕਦਾ ਹੈ। ਇਥੇ ਅਸੀਂ ਇਕ ਅਜਿਹੀ ਸਿਧਾਂਤਕ ਵਿਧੀ ਵਿਕਸਤ ਨਹੀਂ ਕਰ ਰਹੇ ਸਗੋਂ ਅਜਿਹੇ ਕੁਝ ਕੁ ਮਹੱਤਵਪੂਰਨ **insights** ਵਲ ਇਸ਼ਾਰਾ ਕਰਨਾ ਚਾਹਾਂਗਾ ਜੋ ਗਾਂਧੀਵਾਦ ਨੂੰ ਸਮਝਣ ਵਿਚ ਸਹਾਈ ਹੋ ਸਕਦੇ ਹਨ। ਲੈਨਿਨ ਦੀਆਂ 'ਟਾਲਸਟਾਏਵਾਦ' ਅਤੇ 'ਸਨ-ਯੇਤ-ਸਿਨ-ਵਾਦ' ਨਾਲ ਸਬੰਧਤ ਲਿਖਤਾਂ ਪਿਛੇ ਅਜਿਹੀ ਵਿਧੀ ਗੁਝੀ ਸ਼ਕਲ ਵਿਚ (implicit) ਹੈ। ਇਥੇ ਮੈਂ ਇਸ ਦਿਲਚਸਪ ਤੱਥ ਵਲ ਇਸ਼ਾਰਾ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਇਹ ਇਸੇ ਵਿਧੀ ਕਾਰਨ ਹੀ ਹੈ ਕਿ ਲੈਨਿਨ ਦੇ ਟਾਲਸਟਾਏ ਬਾਰੇ ਨਿਰਨੇ ਪਲੈਖ਼ਾਨੋਵ ਦੇ ਨਿਰਨਿਆਂ ਤੋਂ ਉਲਟ ਹਨ।

ਪਲੈਖ਼ਾਨੋਵ ਟਾਲਸਟਾਏਵਾਦ ਨੂੰ ਪਿਛਾਂਹ-ਖਿਚੂ ਵਿਚਾਰਧਾਰਾ ਸਮਝਦਾ ਸੀ ਜਦੋਂ ਕਿ ਲੈਨਿਨ

ਅਨੁਸਾਰ ਟਾਲਸਟਾਏ 'ਰੂਸੀ ਇਨਕਲਾਬ ਦਾ ਸ਼ੀਸ਼ਾ' ਸੀ ਤੇ ਬਿਨਾਂ ਸ਼ੱਕ ਦੇ, ਇਕ ਮਹਾਨ ਹਸਤੀ। ਇਸ ਤੋਂ ਵੀ ਅੱਗੇ ਲੈਨਿਨ ਨੇ ਮਜ਼ਦੂਰ ਜਮਾਤ ਨੂੰ ਇਸ ਵਿਰਾਸਤ ਨੂੰ ਆਲੋਚਨਾਤਮਿਕ ਢੰਗ ਨਾਲ ਆਪਣੀ ਵਿਰਾਸਤ ਦਾ ਅਟੁੱਟ ਅੰਗ ਬਣਾ ਲੈਣ ਉਪਰ ਵੀ ਜ਼ੋਰ ਦਿੱਤਾ। ਲੈਨਿਨ ਤੇ ਪਲੈਖਾਨੋਵ ਦੋਵੇਂ ਮਾਰਕਸਵਾਦੀ ਹਨ ਪਰ ਟਾਲਸਟਾਏਵਾਦ ਬਾਰੇ ਉਨ੍ਹਾਂ ਦੇ ਵਿਚਾਰ ਇਕ ਦੂਸਰੇ ਤੋਂ ਬਿਲਕੁਲ ਉਲਟ ਕਿਉਂ ਹਨ ? ਇਸ ਦਾ ਭੇਦ ਉਨ੍ਹਾਂ ਵਲੋਂ ਟਾਲਸਟਾਏਵਾਦ ਦੇ ਵਿਚਾਰਧਾਰਕ ਸੂਝ ਪ੍ਰਬੰਧ ਦਾ ਵਿਸ਼ਲੇਸ਼ਣ ਕਰਨ ਲਈ ਵਰਤੀਆਂ ਗਈਆਂ ਵਿਧੀਆਂ ਵਿਚ ਹੈ। ਇਥੇ ਅਸੀਂ ਲੈਨਿਨ ਦੇ insights ਨੂੰ ਇਸ ਲਈ ਵੀ ਮਹੱਤਤਾ ਦਿੰਦੇ ਹਾਂ ਕਿ ਗਾਂਧੀ ਨੇ ਆਪਣੇ ਵਿਚਾਰ-ਪ੍ਰਬੰਧ ਦਾ ਮਹੱਤਵਪੂਰਨ ਭਾਗ ਟਾਲਸਟਾਏ ਤੋਂ ਹੀ ਲਿਆ ਸੀ ਤੇ ਉਹ ਉਸ ਨੂੰ ਆਪਣਾ ਗੁਰੂ ਵੀ ਸਵੀਕਾਰ ਕਰਦਾ ਸੀ।* ਟਾਲਸਟਾਏ (ਗਾਂਧੀਵਾਦ) ਦੇ ਵਿਚਾਰਾਂ ਨੂੰ ਮੋਟੇ ਤੌਰ 'ਤੇ ਵੇਖਣ ਤੋਂ ਇਹ ਗੱਲ ਤਾਂ ਬਿਲਕੁਲ ਸਪਸ਼ਟ ਹੋ ਜਾਂਦੀ ਹੈ ਕਿ ਟਾਲਸਟਾਏ ਦੀ ਸਮਾਜ ਦੀਆਂ ਸੰਸਥਾਵਾਂ ਦੀ ਕੀਤੀ ਹੋਈ ਆਲੋਚਨਾ, ਮਜ਼ਦੂਰ ਜਮਾਤ ਦੇ ਪ੍ਰਤੀਨਿਧਾਂ ਦੇ ਦ੍ਰਿਸ਼ਟੀਕੋਨ ਤੋਂ ਕੀਤੀ ਹੋਈ ਆਲੋਚਨਾ ਤੋਂ ਭਿੰਨ ਹੈ (ਟਾਲਸਟਾਏ ਦੀ ਭਾਸ਼ਾ ਵਿਚ ਹੀ ਗਾਂਧੀ ਨੇ ਬਸਤੀਵਾਦੀ ਰਾਜ ਨੂੰ 1920 ਵਿਚ 'ਸ਼ੈਤਾਨ ਦੀ ਸਰਕਾਰ' ਕਹਿ ਕੇ ਇਸ ਵਿਰੁਧ ਜਹਾਦ ਛੇੜਿਆ ਸੀ) । **ਪਰ ਮਹੱਤਵਪੂਰਨ ਗੱਲ ਇਸ ਆਲੋਚਨਾ ਦੇ ਬੋਧਕੀ ਪ੍ਰਗਟਾ ਦੀ ਨਹੀਂ ਸਗੋਂ ਇਸ ਪਿਛੇ ਕੰਮ ਕਰ ਰਹੇ ਤਿੱਖੇ ਜਜ਼ਬੇ ਦੀ ਸੇਧ ਦੀ ਹੈ ? ਹਾਲਾਂਕਿ ਇਸ ਜਜ਼ਬੇ ਤੋਂ ਪੈਦਾ ਹੋਈ ਆਲੋਚਨਾ ਦੇ ਬੋਧਕੀਕਰਨ ਦਾ ਭਾਸ਼ਾਈ ਉਛਾੜ ਵਿਗਿਆਨਕ ਦ੍ਰਿਸ਼ਟੀਕੋਨ ਤੋਂ ਗਲਤ ਅਤੇ ਪਿਛਾਂਹ-ਖਿਚੂ ਹੋ ਸਕਦਾ ਹੈ।** ਲੈਨਿਨ ਲਿਖਦਾ ਹੈ :

For Tolstoy's criticism of contemporary institutions differs from the criticism of the same institutions by representatives of the modern labour movement in the fact that Tolstoy's point of view was that of the patriarchal, naive peasant, whose psychology Tolstoy introduced into his criticism and his doctrine. Tolstoy's criticism is marked by such emotional power, such passion, convincingness, freshness, sincerity and fearlessness in striving to "go to the roots," to find the real cause of the afflictions of the masses, just because this criticism really expresses a sharp change in the ideas of millions of peasants, who had only just emerged from feudalism into freedom,

---

* ਗਾਂਧੀ ਦੀ ਜੀਵਨੀ ਦਾ ਲੇਖਕ ਬੀ. ਆਰ. ਨੰਦਾ ਗਾਂਧੀ ਉਪਰ ਟਾਲਸਟਾਏ ਦੇ ਪ੍ਰਭਾਵ ਬਾਰੇ ਇੰਜ ਲਿਖਦਾ ਹੈ : In the first year before he took the plunge in politics, he read 'quite eighty books', most of them on religion. One of these books was Tolstoy's 'Kingdom of God Is within You. Tolstoy became his favourite author and in the coming years he read the 'Gospels in Brief, "What To Do ?, 'What is Art ?' 'How Shall We Escape', 'Letters to a Hindoo'. Tolstoy's bold idealism and fearless candour gripped him...,' MAHATMA GANDHI, A BIOGRAPHY, by B.R. Nanda, p. 123



and saw that this freedom meant new horrors of ruin, death by starvation, a homeless life among the lower strata of the city population. Tolstoy mirrored their sentiments so faithfully that he imported their naivete into his own doctrine, their alienation from political life, their mysticism, their desire to keep aloof from the world, "non-resistence to evil," their impotent imperfections against capitalism and the "power of money". The protest of millions of peasants and their desperation-these were combined in Tolstoy's doctrine.")* (p. 55)

ਗਾਂਧੀ ਦੇ ਵਿਚਾਰ-ਪ੍ਰਬੰਧ ਵਿਚ ਵੀ ਅਜਿਹੀਆਂ ਹੀ ਵਿਰੋਧਤਾਈਆਂ ਸਨ । ਇਕ ਪਾਸੇ ਤਾਂ ਉਹ ਬਿਸਵੇਦਾਰਾਂ ਨੂੰ ਕਹਿੰਦਾ ਸੀ ਉਨ੍ਹਾਂ ਦਾ ਜ਼ਮੀਨ ਉਪਰ ਪੂਰਾ ਹੱਕ ਹੈ ਪਰ ਨਾਲ ਹੀ ਇਹ ਵੀ ਕਹੀ ਜਾਂਦਾ ਸੀ : 'ਸਾਰੀ ਧਰਤੀ ਗੁਪਾਲ ਕੀ।' ਸਵਾਲ ਪੈਦਾ ਹੁੰਦਾ ਹੈ ਕਿ ਟਾਲਸਟਾਏਵਾਦ (ਗਾਂਧੀਵਾਦ) ਦੇ ਆਪਾ-ਵਿਰੋਧਾਂ ਨੂੰ ਸਮਝਣ ਲਈ ਅਪਣਾਈ ਜਾਣ ਵਾਲੀ ਵਿਧੀ ਦਾ point of departure ਕੀ ਹੋਵੇ ? ਲੈਨਿਨ ਸਪਸ਼ਟ ਕਰਦਾ ਹੈ :

And the contradictions in Tolstoy's views must be appraised not from the stand point of the present day working-class movement and present day socialism but from the stand point of protest against advancing capitalism, against the ruining of the masses, who are being dispossessed of their land—a protest which had to arise from the patriarchal Russian countryside. Tolstoy is absurd as a prophet who has discovered new nostrums for the salvation of mankind... Tolstoy is great as the spokesman of the ideas and sentiments that emerged among the millions of Russian peasants at the time the bourgeois revolution was approaching in Russia. (p 30)

ਇੰਜ ਹੀ ਗਾਂਧੀ ਦੇ ਵਿਚਾਰ ਮਨੁੱਖਤਾ ਦੇ ਦੁਖਾਂ ਦਾ ਸਦਾ ਸਦਾ ਲਈ ਲੱਭਿਆ ਹੋਇਆ ਇਲਾਜ ਨਹੀਂ ਸਨ, ਸਗੋਂ ਆਧੁਨਿਕ ਸਰਮਾਏਦਾਰੀ ਪ੍ਰਬੰਧ ਅਤੇ ਉਸ ਦੀ ਵਿਗਿਆਨਕ ਦ੍ਰਿਸ਼ਟੀਕੋਨ ਤੋਂ ਆਲੋਚਨਾ ਪਖੋਂ ਉਹ ਥੋਥੇ ਸਨ ਜਾਂ ਹਨ ਪਰ ਸਾਮਰਾਜ ਦੇ ਖਿਲਾਫ਼ ਹਿੰਦੁਸਤਾਨ ਦੇ ਲੋਕਾਂ ਵਿਚ ਉਠੇ ਵਿਦਰੋਹ ਦੇ ਜਜ਼ਬੇ ਦੇ ਪਖੋਂ ਉਠੀ ਉਹਦੀ ਆਵਾਜ਼ ਸਚਮੁੱਚ ਹੀ ਮਹਾਨ ਆਤਮਾ ਦੀ ਆਵਾਜ਼ ਸੀ। ਉਸ ਦੇ 'ਕੌਮ ਦਾ ਬਾਪੂ' ਆਖੇ ਜਾਣ ਪਿਛੇ ਜਾਂ 'ਮਹਾਤਮਾਂ' ਆਖੇ ਜਾਣ ਪਿਛੇ ਇਹੀ ਜਜ਼ਬਾ ਕੰਮ ਕਰਦਾ ਸੀ ।

ਇਹ ਠੀਕ ਹੈ ਕਿ ਇਸ ਜਜ਼ਬੇ ਨੇ ਹਥਿਆਰਬੰਦ ਕਿਸਾਨੀ ਬਗਾਵਤਾਂ ਦਾ ਰੂਪ ਧਾਰਨ ਕਰਨ ਦੀ ਬਜਾਏ 'ਅਹਿੰਸਾ-ਸ਼ਾਂਤੀ', ਅਤੇ 'ਸਮਝੌਤਾਵਾਦੀ' ਰੁੱਖ ਅਖਤਿਆਰ ਕੀਤਾ । ਇਸ ਪੱਖੋਂ ਵੀ ਗਾਂਧੀਵਾਦ, ਟਾਲਸਟਾਇਵਾਦ ਦੇ ਕਿੰਨਾ ਨਜ਼ਦੀਕ ਸੀ ! ਲੈਨਿਨ ਅਨੁਸਾਰ :

...and a very small part indeed rose up in arms to exterminate its enemies, to destroy the Tsar's servants and protectors of the

* ਟਾਲਸਟਾਏ ਸੰਬੰਧੀ ਲੈਨਿਨ ਦੀਆਂ ਸਾਰੀਆਂ ਟੂਕਾਂ ਪੁਸਤਕ Lenin on Art and Literature, (Moscow Publication) ਵਿਚੋਂ ਲਈਆਂ ਗਈਆਂ ਹਨ ।

landlords. Most of the peasantry wept and prayed, moralised and dreamed, wrote petitions and sent "pleaders" — quite in the vein of Leo Tolstoy...Tolstoy's ideas are a mirror of the weakness, the shortcomings of our peasant revolt a reflection of the flabbiness of the patriarchal countryside and of the hidebound cowardice of the enterprising muzhik. (p.31)

ਇਕਾ ਦੁਕਾ ਹਥਿਆਰਬੰਦ ਮੁੱਠ-ਭੇੜਾਂ ਨੂੰ ਛੱਡ ਕੇ, ਇਹ ਟੂਕ ਇਕਦਮ ਗਾਂਧੀ ਦੀ ਅਗਵਾਈ ਹੇਠ ਲੜੇ ਚੰਪਾਰਨ, ਖੇੜਾ ਤੇ ਬਰਦੌਲੀ ਦੇ ਕਿਸਾਨਾਂ ਦੀਆਂ ਉਹਨਾਂ ਜਦੋ-ਜਹਿਦਾਂ ਦੀ ਯਾਦ ਦੁਵਾਉਂਦੀ ਹੈ ਜੋ ਕਿੰਨੀਆਂ ਹੀ ਪਟੀਸ਼ਨਾਂ ਤੋਂ ਬਾਅਦ, ਕਿੰਨੀਆਂ ਹੀ ਕਮਜ਼ੋਰੀਆਂ ਨਾਲ ਲੜੀਆਂ ਗਈਆਂ। ਗਾਂਧੀਵਾਦ ਵਾਂਗ ਟਾਲਸਟਾਇਵਾਦ ਵੀ ਪੁਰਾਣੇ ਸਮਾਜ ('ਚਰਖਿਆਂ, ਬੈਲ-ਗੱਡੀਆਂ, ਹੱਲਾਂ ਤੇ ਕੱਚਿਆਂ ਕੋਠਿਆਂ ਵਾਲਾ ਸਮਾਜ') ਦੇ ਗੁਣ ਗਾਉਂਦਾ ਹੈ ਤੇ ਨਵੀਂ ਸਭਿਅਤਾ ('ਸਾਇਸ, ਟੈਕਨਾਲੋਜੀ, ਸਿਹਤ ਵਿਗਿਆਨ ਤੇ ਸਨਅਤੀਕਰਨ') ਦਾ ਤਿੱਖਾ ਵਿਰੋਧ ਕਰਦਾ ਹੈ। ਇਸ ਤੱਥ ਵਲ ਇਸ਼ਾਰਾ ਕਰਦਿਆਂ ਲੈਨਿਨ ਲਿਖਦਾ ਹੈ :

His unremitting accusations against capitalism—accusations permeated with most profound emotion and most ardent indignation—convey all the horror felt by the patriarchal peasant at the advent of the new, invisible, incomprehensible enemy coming from somewhere in the cities, or from somewhere abroad, destroying all the "pillars" of rural life, bringing in its train unprecedented ruin, poverty, starvation, savagery, prostitution, syphillis—all the calamities attending the epoch of primitive accumulation. (pp.49–50)

ਇਸ ਜਜ਼ਬੇ ਦਾ ਸਮਾਜਕ ਆਧਾਰ ਕੀ ਸੀ ਜੋ ਟਾਲਸਟਾਇ ਦੀਆਂ ਲਿਖਤਾਂ 'ਚੋਂ ਫੁੱਟ ਫੁੱਟ ਕੇ ਨਿਕਲਦਾ ਹੈ। ਉਹ ਹੈ ਵਿਸ਼ਾਲ ਕਿਸਾਨੀ ਜਨਤਾ। ਲੈਨਿਨ ਅਨੁਸਾਰ :

This great human ocean, agitated to its very depths, with all its weaknesses and all its strong features found its reflection in the doctrine of Tolstoy. (p.56)

ਗਾਂਧੀ ਜਦ ਦੱਖਣੀ ਅਫ਼ਰੀਕਾ ਤੋਂ ਵਾਪਿਸ ਮੁੜ ਕੇ ਆਇਆ ਤਾਂ ਬੰਬਈ ਵਿਚ ਉਸ ਦੇ ਸਨਮਾਨ ਵਿਚ ਮੀਟਿੰਗ ਕੀਤੀ ਗਈ ਜਿਸ ਵਿਚ ਉਸ ਦੀ ਮਹਾਨਤਾ ਦੇ ਪੁੱਲ ਬੰਨ੍ਹੇ ਗਏ। ਉਹ ਸਭ ਕੁਝ ਸੁਣਦਾ ਰਿਹਾ ਪਰ ਅੰਤ ਜਦ ਉਹ ਬੋਲਣ ਲਈ ਉਠਿਆ ਤਾਂ ਉਸ ਨੇ ਕਿਹਾ ਕਿ ਇਹ ਗੱਲ ਬਿਲਕੁਲ ਝੂਠ ਹੈ ਕਿ ਮੈਂ ਅਫ਼ਰੀਕਾ ਵਿਚ ਲੋਕਾਂ ਨੂੰ ਜਦੋ-ਜਹਿਦ ਕਰਨ ਲਈ ਉਤਸ਼ਾਹਿਤ ਕੀਤਾ। ਸਚਾਈ ਇਸ ਦੇ ਉਲਟ ਹੈ, ਸਗੋਂ ਲੋਕਾਂ ਨੇ ਮੈਨੂੰ ਲੜਨ ਲਈ ਉਤਸ਼ਾਹਿਤ ਕੀਤਾ। ਭਾਰਤੀ ਕਿਸਾਨੀ ਜਨ-ਸਮੂਹ ਦੀਆਂ ਮਨੋ-ਭਾਵਨਾਵਾਂ ਨੂੰ ਗਾਂਧੀ ਨੇ ਜਬਾਨ ਦਿਤੀ। ਇਸ ਬਾਰੇ ਨਹਿਰੂ ਲਿਖਦਾ ਹੈ :

He took each province by turn and visited every district and almost every town of any consequence, as well as remote rural areas. Everywhere he attracted enormous crowds, and it required great deal of previous staff work to carry through this programme. In this



manner he has repeatedly toured India and got to know every bit of the vast country from the north to the far south, from the eastern mountains to the western sea. I do not think any other human being has ever travelled about India as he has done. I could not help marvelling at the vast crowds he attracted. As we motored through the rural areas, we would have gatherings of from ten thousand to twenty five thousand every few miles and the principal meeting of the day might even exceed a hundred thousand. There were no broadcasting facilities and it was manifestly impossible to be heard by these crowds. Probably they did not expect to hear anything; they were satisfied if they saw the Mahatma. (Nehru by Dorothy Norman, Vol. 1, p. 186–187)

ਇਹੀ ਵਿਧੀ ਲੈਨਿਨ ਸਨ-ਯੇਤ-ਸਿਨ ਦੇ ਵਿਚਾਰਾਂ ਨੂੰ ਸਮਝਣ ਲਈ ਵਰਤਦਾ ਹੈ। ਟਾਲਸਟਾਇ ਵਾਂਗ ਸਨ-ਯੇਤ-ਸਿਨ ਦੇ ਵਿਚਾਰ ਉਪਰੋਂ ਵੇਖਣ ਨੂੰ ਪਿਛਾਂਹ-ਖਿੱਚੂ ਸਨ ਪਰ ਉਹਨਾਂ ਵਿਚਾਰਾਂ ਦੀ ਬੌਧਕ ਵਸਤੂ (conceptual content) ਵਿਚ ਉਲਝਣ ਦੀ ਬਜਾਏ ਉਹ ਉਸ ਦੇ ਬੌਧਿਕ ਤੱਤ ਪਿਛੇ ਛੁਪੇ ਹੋਏ ਉਸ ਦੇ ਇਤਿਹਾਸਕ ਤੱਤ (historical content) ਨੂੰ ਪਛਾਣਦਾ ਹੈ। ਜੇਕਰ ਸਨ-ਯੇਤ-ਸਿਨ ਦੇ ਵਿਚਾਰਾਂ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਨ ਤੋਂ ਵੇਖਣਾ ਹੋਵੇ (ਭਾਵ ਮੁਕਾਬਲਾ ਕਰਨਾ ਹੋਵੇ) ਤਾਂ ਉਹ ਕੀ ਹਨ ? ਲੈਨਿਨ ਲਿਖਦਾ ਹੈ :

From the point of view of doctrine, this theory is that of a petty-bourgeois "socialist" reactionary. For the idea that capitalism can be prevented in China and that a social revolution there will be made easier by the country's backwardness, and so on, is all together reactionary. But the question arises : does Sun Yat-Sen, on the basis of his reactionary economic theory, uphold an actually reactionary agrarian programme ? That is the crux of the matter, its most interesting point, and one on which curtailed and emasculated liberal quasi-Marxism is often at loss. (Lenin, Collected Works, Vol. 18, p. 167)

ਤਾਂ ਫਿਰ ਅਸੀਂ ਲੈਨਿਨ ਦੇ ਇਨ੍ਹਾਂ ਵਿਚਾਰਾਂ ਤੋਂ ਬਾਅਦ ਕਿਸ ਨਤੀਜੇ ਉਪਰ ਪਹੁੰਚਦੇ ਹਾਂ ? ਇਸ ਨੂੰ ਦੋ ਧਾਰਨਾਵਾਂ ਰਾਹੀਂ ਫਾਰਮੂਲੇਟ ਕੀਤਾ ਜਾ ਸਕਦਾ ਹੈ :

(1) ਇਤਿਹਾਸ ਦੇ ਕਿਸੇ ਵੀ ਪੜਾਅ ਉਪਰ ਮਜ਼ਦੂਰ ਜਮਾਤ ਦੇ ਦ੍ਰਿਸ਼ਟੀਕੋਨ ਤੋਂ ਪਿਛਾਂਹ-ਖਿੱਚੂ ਵਿਚਾਰਧਾਰਾ ਦੇ ਝੰਡੇ ਹੇਠ ਅਗਾਂਹ-ਵਧੂ ਲੋਕ-ਲਹਿਰ ਨਾ ਪਲ ਸਕਦੀ ਹੈ ਤੇ ਨਾ ਹੀ ਵਿਗਸ ਸਕਦੀ ਹੈ।

(2) ਬਹੁਤ ਸਾਰੇ ਇਤਿਹਾਸਕ ਪੜਾਵਾਂ ਵਿਚ ਖ਼ਾਸ ਹਾਲਤਾਂ ਹੇਠ ਮਜ਼ਦੂਰ ਜਮਾਤ ਦੇ ਦ੍ਰਿਸ਼ਟੀਕੋਨ ਤੋਂ ਪਿਛਾਂਹ-ਖਿਚੂ ਵਿਚਾਰਧਾਰਾ ਵੀ ਅਗਾਂਹ-ਵਧੂ ਰੋਲ ਅਦਾ ਕਰ ਸਕਦੀ ਹੈ। ਅਜਿਹੇ ਵਿਚਾਰਧਾਰਕ-ਪ੍ਰਬੰਧਾਂ ਦੀ ਪੁਣ-ਛਾਣ ਵਿਚ ਉਹਨਾਂ ਪ੍ਰਬੰਧਾਂ ਦੇ ਬੌਧਿਕ ਸੰਗਠਨ ਅਤੇ ਇਤਿਹਾਸਕ ਤੱਤ ਵਿਚ ਅੰਤਰ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਪਰਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਉਸ

ਪਿਛਾਂਹ-ਖਿਚੂ ਵਿਚਾਰਧਾਰਾ ਪਿਛੇ ਕੰਮ ਕਰ ਰਿਹਾ ਮਨੋ-ਭਾਵਾਂ ਦਾ ਵੇਗ ਮੂਲ ਰੂਪ ਵਿਚ ਕਿਸ ਦੇ ਵਿਰੁਧ ਰੋਸ, ਪ੍ਰੋਟੈਸਟ ਪ੍ਰਗਟ ਕਰਦਾ ਹੈ ਜਾਂ ਉਸ ਵੇਗ ਦਾ ਨਿਸ਼ਾਨਾ ਕੌਣ ਹੈ ?

ਲੈਨਿਨ ਅਨੁਸਾਰ : Tolstoy's doctrine is certainly utopian and in content is reactionary in the most precise and most profound sense of the word. But that certainly does not mean that the doctrine was not socialistic or that it did not contain critical elements capable of providing valuable material for the enlightenment of the advanced classes. p. 61.

ਪ੍ਰੀਤਮ ਸਿੰਘ ਦੀ ਸਮੁੱਚੀ ਆਲੋਚਨਾ ਪਹਿਲੀ ਧਾਰਨਾ 'ਤੇ ਆਧਾਰਤ ਹੈ ਤੇ ਇਹੀ ਧਾਰਨਾ ਐਮ. ਐਨ. ਰਾਏ ਦੇ ਗਾਂਧੀ ਬਾਰੇ ਵਿਚਾਰਾਂ ਦੇ ਕੇਂਦਰ ਵਿਚ ਸਥਿਤ ਹੈ। ਐਮ. ਐਨ, ਰਾਏ ਅਤੇ ਨਹਿਰੂ ਵਿਚ ਬਸ ਇਹੀ ਅੰਤਰ ਹੈ। ਨਹਿਰੂ ਗਾਂਧੀ ਨੂੰ ਸਮਝਣ ਲਈ ਲੈਨਿਨ ਵਾਲਾ ਇਹੀ ਢੰਗ ਅਪਣਾਉਂਦਾ ਹੈ ਤੇ ਉਸ ਨਾਲ ਪਾਜ਼ੇਟਿਵ ਕਰਿਟੀਸਿਜ਼ਮ ਦਾ ਰਿਸ਼ਤਾ ਸਥਾਪਤ ਕਰਦਾ ਹੈ। ਨਹਿਰੂ ਉਸ ਦੇ ਟਰੱਸਟੀਸ਼ਿਪ ਦੇ ਸੰਕਲਪ, ਅਹਿੰਸਾ ਦੇ ਸੰਕਲਪ, ਉਸ ਦੇ ਬਿਸਵੇਦਾਰਾਂ ਪ੍ਰਤੀ ਵਤੀਰੇ, ਉਸ ਦੇ ਖੱਦਰ ਪ੍ਰੋਗਰਾਮ ਅਤੇ ਉਸ ਦੇ ਰਾਮਰਾਜ ਦੇ ਸੰਕਲਪ ਦੀਆਂ ਧੱਜੀਆਂ ਉਡਾਉਂਦਾ ਹੋਇਆ ਨਾਲ ਹੀ ਉਸ ਨੂੰ ਸਾਮਰਾਜ-ਵਿਰੋਧੀ ਲਹਿਰ ਵਿਚ ਭਾਰਤੀ ਲੋਕਾਂ ਦਾ ਸਭ ਤੋਂ ਮਹਾਨ ਨੇਤਾ ਵੀ ਸਵੀਕਾਰ ਕਰਦਾ ਹੈ ਤੇ ਲੋਕਾਂ ਨੂੰ ਜਥੇਬੰਦ ਕਰਨ, ਉਹਨਾਂ ਨੂੰ ਮੌਕੇ, 'ਤੇ ਸਾਮਰਾਜ-ਵਿਰੁੱਧ ਲਹਿਰ ਵਿਚ ਸ਼ਾਮਲ ਕਰਨ, ਉਹਨਾਂ ਨੂੰ ਸਵੈਮਾਨ ਤੇ ਸਵੈ-ਵਿਸ਼ਵਾਸ਼ ਦੇਣ ਵਿਚ, ਪਹਿਲੇ ਦਰਜੇ ਦੀ ਅਤਿ ਲੋੜੀਂਦੀ ਤੇ ਮਹਾਨ ਸ਼ਖ਼ਸੀਅਤ ਸਵੀਕਾਰ ਕਰਦਾ ਹੈ। ਤੇ ਇਸ ਕਾਰਜ ਵਿਚ, ਇਨ੍ਹਾਂ ਗੁਣਾਂ ਕਰਕੇ ਨਹਿਰੂ ਕਹਿੰਦਾ ਹੈ : "ਮਹਾਤਮਾ, ਸਿਆਸਤ ਵਿਚ ਮੈਂ ਤੇਰਾ ਬੱਚਾ ਹਾਂ।" ਗੰਭੀਰ ਸਿਆਸਤ ਦਾ ਅਸਲੀ ਮੁੱਢ, ਜਿਵੇਂ ਕਿ ਲੈਨਿਨ ਕਹਿੰਦਾ ਹੁੰਦਾ ਸੀ, ਉਥੇ ਬੱਝਦਾ ਹੈ ਜਿਥੇ ਲੱਖਾਂ ਲੋਕ ਆ ਜੁੜਦੇ ਹਨ। ਮਹਾਤਮਾ ਵਿਚ ਅਜਿਹੀ ਸਿਆਸਤ ਦੇ ਆਸਾਰ ਸ਼ੁਰੂ ਕਰਨ ਦੀ ਸਮਰੱਥਾ ਸੀ। ਗਾਂਧੀ ਦੁਆਰਾ ਸਿਆਸਤ ਵਿਚ ਸਾਮਰਾਜ-ਵਿਰੁਧ ਧੂਹ ਲਏ ਗਏ ਇਨ੍ਹਾਂ ਕਰੋੜਾਂ ਲੋਕਾਂ ਦੀ ਚੇਤਨਤਾ ਅਗੇ ਵਿਕਾਸ ਕਰ ਕੇ ਉਨ੍ਹਾਂ ਨੂੰ ਕਿਥੇ ਪਹੁੰਚਾਏਗੀ, ਮਹਾਤਮਾਂ ਦੇ ਹੀ ਵਿਰੁਧ ਖੜ੍ਹਾ ਕਰੇਗੀ, ਇਸ ਗੱਲ ਨੇ ਤਾਂ ਹੋਰ ਕਈ ਕਾਰਨਾਂ ਉਪਰ ਨਿਰਭਰ ਹੋਣਾ ਸੀ। ਜਦ ਮਹਾਤਮਾਂ ਅਜਿਹਾ ਮਹਾਨ ਸਾਮਰਾਜ-ਵਿਰੋਧੀ ਰੋਲ ਅਦਾ ਕਰ ਰਿਹਾ ਸੀ ਤਾਂ ਭਾਰਤੀ ਕਮਿਊਨਿਸਟ, ਪਹਿਲੀ ਧਾਰਨਾ ਤੋਂ ਚਲ ਕੇ ਉਸ ਦੀ ਅਜਿਹਾ ਕਰ ਸਕਣ ਦੀ ਸਮਰੱਥਾ ਨੂੰ 'ਲੋਕਾਂ ਦੇ ਅੱਖੀਂ ਘੱਟਾ ਪਾਉਣਾ', 'ਰਾਜਸੀ ਠੱਗੀ' ਆਦਿ ਲਕਬਾਂ ਨਾਲ ਉਸ ਨੂੰ ਸਨਮਾਨਤ ਕਰ ਰਹੇ ਸਨ! (ਉਦੋਂ ਦੀ ਗੱਲ ਤਾਂ ਛੱਡੋ, ਅਜ ਤੀਹ ਸਾਲ ਬਾਅਦ ਵੀ ਉਨ੍ਹਾਂ ਵਿਚੋਂ ਬਹੁਤ ਸਾਰੇ ਆਪਣੀ ਗਲਤੀ ਨੂੰ ਸਮਝਣ ਤੋਂ ਅਸਮਰੱਥ ਹਨ।

ਹੁਣ ਸਾਨੂੰ ਦਲੀਲ ਨੂੰ ਸਿਰੇ ਤਕ ਵੀ ਲੈ ਕੇ ਜਾਣਾ ਚਾਹੀਦਾ ਹੈ। ਅੰਤ ਵਿਚ ਲੈਨਿਨ ਸਵਾਲ ਉਠਾਉਂਦਾ ਹੈ : ਆਪਾ-ਵਿਰੋਧਾਂ ਨਾਲ ਭਰੀ ਟਾਲਸਟਾਏ ਦੀ ਇਹ "ਪਿਛਾਂਹ-ਖਿਚੂ" ਵਿਰਾਸਤ ਕਿਸ ਦੀ ਹੈ ? ਟਾਲਸਟਾਏ ਨੂੰ ਇਨਕਲਾਬ ਦੀਆਂ ਸ਼ਕਤੀਆਂ ਨਾਲ ਅਭੇਦ (identify) ਕੀਤਾ ਜਾਵੇ ਜਾਂ ਉਨ੍ਹਾਂ ਦੇ ਵਿਰੋਧੀਆਂ ਨਾਲ ? ਲੈਨਿਨ ਟਾਲਸਟਾਏ ਨੂੰ ਇਨਕਲਾਬ ਦੀਆਂ ਸ਼ਕਤੀਆਂ ਨਾਲ ਅਭੇਦ ਕਰਦਾ ਹੈ (ਭਾਵੇਂ ਬਹੁਤੇ 'ਮਾਰਕਸਵਾਦੀਆਂ' ਨੂੰ ਇਹ ਗੱਲ ਅਜੀਬ ਹੀ ਕਿਉਂ ਨਾ ਲੱਗੇ) ਉਹ ਲਿਖਦਾ ਹੈ :—



To identify the great artist with the revolution which he has obviously failed to understand, and from which he obviously stands aloof may at first sight seem strange and artificial. (29)

ਫੇਰ ਲੈਨਿਨ ਡੂੰਘਾਈ ਵਿਚ ਜਾ ਕੇ ਦਿਖਾਉਂਦਾ ਹੈ ਕਿ ਅਸਲ ਵਿਚ ਇਹ ਅਭੇਦਤਾ ਦੀ ਗੱਲ ਨਾ ਤਾਂ ਅਜੀਬ ਹੈ ਤੇ ਨਾ ਹੀ ਫੋਕੀ। ਤੇ ਜਿਥੋਂ ਤਕ ਵਿਰਾਸਤ ਦਾ ਸੰਬੰਧ ਹੈ ?

But the heritage which he has left includes that which has not become a thing of the past, but belongs to the future This heritage is accepted and is being worked upon by the Russian proletariat. p. 52.

By studying the literary works of Leo Tolstoy the Russian working class will learn to know its enemies better, but in examining the doctrine of Tolstoy, the whole Russian people will have to understand where their own weakness lies, the weakness which did not allow them to carry the cause of their emancipation to its conclusion. This must be understood in order to go forward. (p. 57)

ਥੋੜ੍ਹੇ ਸ਼ਬਦਾਂ ਵਿਚ ਲੈਨਿਨ ਰੂਸੀ ਮਿਹਨਤੀ ਜਮਾਤਾਂ ਨੂੰ ਟਾਲਸਟਾਏ ਦੀ ਵਿਰਾਸਤ ਨਾਲ ਪਾਜ਼ੇਟਿਵ ਕਰੀਟੀਸਿਜ਼ਮ ਦਾ ਰਿਸ਼ਤਾ ਕਾਇਮ ਕਰਨ ਲਈ ਕਹਿੰਦਾ ਹੈ। ਲੈਨਿਨ ਵਾਲਾ ਵਤੀਰਾ ਅਪਣਾਉਂਦੇ ਹੋਏ ਗ੍ਰੈਮਸ਼ੀ ਨੇ ਗਾਂਧੀਵਾਦ ਅਤੇ ਟਾਲਸਟਾਏਵਾਦ ਨੂੰ "ਸ਼ਾਂਤਮਈ ਇਨਕਲਾਬ" (Passive Revolution) ਦਾ ਲਕਬ ਦਿੱਤਾ ਹੈ। ਗ੍ਰੈਮਸ਼ੀ ਲਿਖਦਾ ਹੈ : Gandhism and Tolstoyism are naive theorisations of the "passive revolution" with religious overtones. Prison Notebooks, p. 107.

ਇਸ ਤੋਂ ਪਹਿਲਾਂ ਕਿ ਮੈਂ ਇਹ ਟਿੱਪਣੀ ਖ਼ਤਮ ਕਰਾਂ ਮੈਂ ਪ੍ਰੀਤਮ ਸਿੰਘ ਦੇ ਦੋ ਹੋਰ ਵਿਚਾਰਾਂ ਦਾ ਵੀ ਖੰਡਨ ਕਰਨਾ ਚਾਹਾਂਗਾ। ਪ੍ਰੀਤਮ ਸਿੰਘ ਲਿਖਦਾ ਹੈ : "ਉਸ ਦੀ ਵਿਚਾਰਧਾਰਾ ਵਿਚ ਫ਼ਿਰਕਾ-ਪ੍ਰਸਤ ਹਿੰਦੂ-ਵਿਚਾਰਧਾਰਾ ਵੀ ਕਾਫ਼ੀ ਹੱਦ ਤੱਕ ਭਾਰੂ ਸੀ। ਉਸ ਦਾ ਰਾਮਰਾਜ ਦਾ ਨਾਹਰਾ ਤੇ ਗਊ-ਪੂਜਾ ਉਸ ਦੀ ਹਿੰਦੂ ਫਿਰਕਾ-ਪ੍ਰਸਤ ਸੋਚਣੀ ਦਾ ਪ੍ਰਗਟਾਵਾ ਸਨ। ਜਿਸ ਫਿਰਕਾ-ਪ੍ਰਸਤ ਸੋਚਣੀ ਨੂੰ ਉਸ ਨੇ ਟੇਡੇ ਢੰਗ ਨਾਲ ਵਿਚਾਰਧਾਰਕ ਮਦਦ ਦਿਤੀ, ਉਸੇ ਸੋਚਣੀ ਦੇ ਵਿਕਾਸ ਦੀ ਪੈਦਾਵਾਰ ਨੇ ਉਸ ਦੀ ਜਾਨ ਲੈ ਲਈ।" ਇਹ ਗੱਲ ਠੀਕ ਹੈ ਕਿ ਗਾਂਧੀ ਆਪਣੀ ਨਿੱਜੀ ਧਾਰਮਿਕਤਾ ਵਿਚ ਹਿੰਦੂ ਸੀ ਪਰ ਹਿੰਦੂ ਹੋਣਾ ਤੇ ਹਿੰਦੂਤਵ ਨੂੰ ਸਿਆਸਤ ਦਾ ਆਧਾਰ ਬਣਾਉਨਾ ਦੋ ਅਲੱਗ ਅਲੱਗ ਗੱਲਾਂ ਹਨ। ਧਾਰਮਕ ਹੋਣਾ ਫ਼ਿਰਕਾ-ਪ੍ਰਸਤ ਹੋਣਾ ਨਹੀਂ ਹੈ ਜਿਵੇਂ ਕਿ ਪ੍ਰੀਤਮ ਸਿੰਘ ਸਮਝਦਾ ਹੈ; ਧਰਮ ਨੂੰ ਸਿਆਸਤ ਦਾ ਆਧਾਰ ਬਣਾਉਣਾ ਫ਼ਿਰਕਾ-ਪ੍ਰਸਤੀ ਹੈ। ਪ੍ਰੀਤਮ ਸਿੰਘ ਦੀ ਪਰੀਭਾਸ਼ਾ ਅਨੁਸਾਰ ਤਾਂ ਸਾਡੇ ਸਾਰੇ ਗਦਰੀ ਬਾਬੇ ਸਣੇ ਭਾਈ ਸੰਤੋਖ ਸਿੰਘ ਦੇ ਫ਼ਿਰਕਾ-ਪ੍ਰਸਤ ਹੋ ਜਾਣਗੇ! ਇਹ ਦਲੀਲ ਕਿ ਗਾਂਧੀ ਫ਼ਿਰਕਾਪ੍ਰਸਤਾਂ ਦਾ ਕਾਮਯਾਬੀ ਨਾਲ ਮੁਕਾਬਲਾ ਨਹੀਂ ਕਰ ਸਕਿਆ, ਕਿਉਂਕਿ ਉਹਦੇ ਫ਼ਿਰਕਾ-ਪ੍ਰਸਤੀ ਨਾਲ ਲੜਨ ਦੇ ਦਾਅ-ਪੇਚ ਅਤੇ ਯੁੱਧ-ਨੀਤੀ ਗੱਲਤ ਸਨ, ਸਮਝ ਆਉਣ ਵਾਲੀ ਗੱਲ ਹੈ ਤੇ ਵਾਦ-ਵਿਵਾਦ ਤੇ ਇਤਿਹਾਸਕ ਸਮੱਸਿਆ ਦਾ ਵਿਸ਼ਾ ਹੋ ਸਕਦੀ ਹੈ, ਪਰ ਇਹ ਕਹਿਣਾ ਕਿ ਉਸ ਨੇ ਫ਼ਿਰਕਾ-ਪ੍ਰਸਤੀ ਨੂੰ ਟੇਡੇ ਢੰਗ ਨਾਲ ਵਿਚਾਰਧਾਰਕ ਮਦਦ ਦਿੱਤੀ, ਬਿਲਕੁਲ ਫ਼ਜ਼ੂਲ ਗੱਲ ਹੈ। ਇਹ ਇਸ ਪ੍ਰਕਾਰ ਦਾ ਅਵੱਤਾ ਤਰਕ (perverted logic) ਹੈ ਕਿ ਭਾਰਤੀ ਕਮਿਊਨਿਸਟਾਂ ਨੇ ਪਿਛਲੇ ਪੰਜਾਹ ਸਾਲਾਂ ਵਿਚ ਸਰਮਾਏਦਾਰੀ

ਵਿਚਾਰਧਾਰਾ ਦੇ ਤਕੜੇ ਹੋਣ ਵਿਚ ਟੇਡੇ ਢੰਗ ਨਾਲ ਮਦਦ ਕੀਤੀ ਹੈ; ਹਾਲਾਂ ਕਿ ਇਸ ਗੱਲ ਉਪਰ ਵਾਦ-ਵਿਵਾਦ ਹੋ ਸਕਦਾ ਹੈ ਕਿ ਪਿਛਲੇ ਪੰਜਾਹ ਸਾਲਾਂ ਵਿਚ ਭਾਰਤੀ ਕਮਿਊਨਿਸਟ ਸਰਮਾਏਦਾਰ ਵਿਚਾਰਧਾਰਾ ਦੇ ਵਿਰੁਧ ਲੜਨ ਦੇ ਮੁਨਾਸਬ ਦਾਅ-ਪੇਚ ਵਿਕਸਤ ਕਰਨ ਵਿਚ ਅਸਫ਼ਲ ਰਹੇ ਹਨ।

ਦੂਸਰੀ ਗੱਲ ਹੈ ਗਾਂਧੀ ਦੀ ਬਰਤਾਨਵੀ ਟ੍ਰੇਡ ਯੂਨੀਨਿਸਟ ਸਿਡਨੀ ਵੈੱਬ ਨਾਲ ਤੁਲਨਾ। ਇੰਜ ਕਰ ਕੇ ਪ੍ਰੀਤਮ ਸਿੰਘ ਆਪਣੇ ਗਾਂਧੀ ਦੇ ਵਿਸ਼ਲੇਸ਼ਣ ਦੇ ਮਸਲੇ ਦੀ ਔਖ ਨੂੰ ਆਸਾਨੀ ਨਾਲ ਹੱਲ ਕਰ ਲੈਂਦਾ ਹੈ। ਪਰ ਸਵਾਲ ਪੈਦਾ ਹੁੰਦਾ ਹੈ : ਕੀ ਗਾਂਧੀ ਸਿਡਨੀ ਵੈੱਬ ਵਾਂਗ ਮਜ਼ਦੂਰ ਜਮਾਤ ਦਾ ਨੇਤਾ ਸੀ ? ਠੀਕ ਹੈ ਉਪਰੋਂ ਵੇਖਣ ਨੂੰ ਗਾਂਧੀ ਦੇ ਸਿਧਾਂਤਾਂ ਦਾ ਬੌਧਿਕ ਸੰਗਠਨ ਸਿਡਨੀ ਵੈੱਬ ਵਾਂਗ ਸਨੇ-ਸਨੇਵਾਦੀ (gradualist) ਤੇ ਸ਼ਾਂਤਵਾਦੀ (pacifist) ਲੱਗਦਾ ਹੈ ਪਰ ਗਾਂਧੀ ਦੇ ਸ਼ਾਂਤਵਾਦ ਪਿਛੇ ਕਿਹੋ ਜਿਹਾ ਪ੍ਰੋਗਰਾਮ ਛੁਪਿਆ ਹੋਇਆ ਹੈ ? ਪ੍ਰੀਤਮ ਸਿੰਘ ਨੇ ਫੇਰ ਇਸ 'ਤੁਲਨਾ' ਤੋਂ ਅਗੇ ਜਾ ਕੇ ਇਸ ਪ੍ਰੋਗਰਾਮ ਨਾਲ ਆਪਣਾ ਕੋਈ ਸਰੋਕਾਰ ਨਹੀਂ ਦਿਖਾਇਆ। ਐਮ. ਐਨ. ਰਾਏ ਦੇ ਸ਼ਬਦਾਂ ਵਿਚ, ਉਹ ਪ੍ਰੋਗਰਾਮ ਇੰਜ ਹੈ :

Judging from the past history of the Congress the peaceful and legitimate means do not exclude 'mass civil disobedience' and 'non-payment of taxes',.. short of armed revolt these two weapons are most effective and revolutionary at the sametime. (Documents of the History of CPI, G. Adhikari, IIIB-1927, p. 314

ਜੇਕਰ ਤੁਲਨਾ ਹੀ ਕਰਨੀ ਹੈ ਤਾਂ ਸਿਡਨੀ ਵੈੱਬ ਦੀ ਤੁਲਨਾ, ਏਟਕ ਦੇ ਜਨਰਲ ਸਕੱਤਰ ਲਿਬਰਲ ਐਨ. ਐਮ. ਜੋਸ਼ੀ ਨਾਲ ਕੀਤੀ ਜਾ ਸਕਦੀ ਹੈ ਤੇ ਅਜਿਹੀ ਤੁਲਨਾ 1928 ਵਿਚ ਭਾਰਤ ਵਿਚ ਬਰਤਾਨਵੀ ਕਮਿਊਨਿਸਟ ਫਿਲਪ ਸਪਰੈਟ ਨੇ ਕੀਤੀ ਵੀ ਸੀ। ਪਰ ਐਨ. ਐਮ. ਜੋਸ਼ੀ ਕੌਣ ਸੀ ? ਸਨੇ-ਸਨੇਵਾਦੀ, ਸ਼ਾਂਤਵਾਦੀ, ਲਿਬਰਲ ਤੇ ਗਾਂਧੀਵਾਦ ਦਾ ਕੱਟੜ ਵਿਰੋਧੀ ਜਿਸ ਨੂੰ ਉਹ 'ਅਹਿੰਸਾ ਦੇ ਪਰਦੇ ਉਹਲੇ ਲੁਕਿਆ ਲੈਨਿਨਵਾਦ' ਸਮਝਦਾ ਸੀ।

ਨੋਟ : 'ਮਾਰਕਸਵਾਦ, ਗਾਂਧੀ ਤੇ ਕੌਮੀ ਆਜ਼ਾਦੀ ਦੀ ਲਹਿਰ' ਲੇਖ-ਲੜੀ ਦੀ ਅਗਲੀ ਕਿਸ਼ਤ ਨਵੰਬਰ ਅੰਕ ਵਿਚ ਦਿੱਤੀ ਜਾਏਗੀ।

---

### ਬੇਨਤੀ

ਸੇਧ ਲਈ ਲਿਖਣ ਵਾਲੇ ਵਿਦਵਾਨਾਂ, ਲੇਖਕਾਂ ਨੂੰ ਸਾਡੀ ਬੇਨਤੀ ਹੈ ਕਿ ਉਹ

* ਕਾਗ਼ਜ਼ ਦੇ ਇਕ ਬੰਨੇ ਹੀ ਲਿਖਿਆ ਕਰਨ, ਖੁਲ੍ਹਾ ਹਾਸ਼ੀਆ ਛਡ ਕੇ ਲਿਖਿਆ ਕਰਨ ਅਤੇ ਖੁਲ੍ਹਾ ਖੁਲ੍ਹਾ ਸਾਫ਼ ਸਾਫ਼ ਲਿਖਿਆ ਕਰਨ;
* ਅੰਗਰੇਜ਼ੀ ਵਿਚ ਜੇ ਟੂਕਾਂ ਦੇਣੀਆਂ ਹੋਣ ਤਾਂ (ਜੇ ਸੰਭਵ ਹੋ ਸਕੇ) ਥੋੜਾ ਕਸ਼ਟ ਕਰ ਕੇ ਵੱਖਰੇ ਕਾਗ਼ਜ਼ 'ਤੇ ਟਾਈਪ ਕਰਵਾ ਕੇ ਨਾਲ ਨੱਥੀ ਕਰ ਦਿਆ ਕਰਨ;
* ਸ਼ਬਦਾਂ ਦੇ ਹਿੱਜੇ (ਸਪੈਲਿੰਗਜ਼) ਸੁਰਗਵਾਸੀ ਸ੍ਰ: ਤੇਜਾ ਸਿੰਘ ਵਾਲੇ ਰਖਣ, ਪੰਜਾਬੀ ਦੇ ਉਚਾਰਣ ਅਨੁਸਾਰ। ਹਿੰਦੀ ਦੀ ਨਕਲ ਕਰ ਕੇ ਆਰਥਕ, ਸਮਾਜਕ, ਪਰਵਾਰ ਆਦਿ ਜਿਹੇ ਸ਼ਬਦਾਂ ਵਿਚ ਖ਼ਾਹਮਖ਼ਾਹ ਸਿਹਾਰੀਆਂ ਨਾ ਫਸਾਇਆ ਕਰਨ। ਏਸੇ ਤਰ੍ਹਾਂ ਹੀ ਨ ਤੇ ਣ ਦੀ ਸਹੀ ਵਰਤੋਂ ਕਰਨ ਜਿਵੇਂ ਬਣਾਵਟ, ਬਣਨ ਆਦਿ ਸ਼ਬਦਾਂ ਵਿਚ।





ਸੁੱਚਾ ਸਿੰਘ ਗਿੱਲ

## ੧੯੪੭ ਤੋਂ ਬਾਅਦ ਭਾਰਤ ਦੀ ਆਰਥਕਤਾ 'ਤੇ ਵਿਦੇਸ਼ੀ ਗਲਬਾ

ਸਾਮਰਾਜਵਾਦ ਤੋਂ ਸਿਆਸੀ ਆਜਾਦੀ ਤਾਂ ਮਿਲ ਗਈ
1947 ਵਿਚ ਭਾਰਤ ਨੂੰ ਬਰਤਾਨਵੀ ਸਾਮਰਾਜਵਾਦ ਤੋਂ ਸਿਆਸੀ ਆਜਾਦੀ ਤਾਂ ਮਿਲ ਗਈ
ਪਰ ਆਰਥਕ ਪੱਧਰ 'ਤੇ ਭਾਰਤ ਦੇ ਸੰਬੰਧ ਬਰਤਾਨੀਆਂ ਦੇ ਨਾਲ ਉਸੇ ਤਰ੍ਹਾਂ ਹੀ ਬਣੇ ਰਹੇ।
ਆਜ਼ਾਦੀ ਦੀ ਜਦੋ-ਜਹਿਦ ਵਿਚ ਬਰਤਾਨਵੀ ਸਾਮਰਾਜ ਦੁਆਰਾ ਭਾਰਤ ਦੀ ਲੁਟ ਖਸੁੱਟ ਉਪਰ
ਕਾਫੀ ਜ਼ੋਰ ਦਿੱਤਾ ਗਿਆ। ਆਜ਼ਾਦੀ ਹਾਸਲ ਹੋਣ ਤੋਂ ਹੀ ਭਾਰਤੀ ਹਾਕਮਾਂ ਨੇ ਵਿਦੇਸੀ ਸਰਮਾਏ
ਵਲ ਆਪਣਾ ਨਜ਼ਰੀਆ ਬਦਲ ਲਿਆ ਅਤੇ ਇਕ ਦਮ ਇਸ ਵਲ ਸਮਝੌਤੇ ਦਾ ਰੁਝਾਨ ਅਪਣਾ
ਲਿਆ। ਇਸ ਦਾ ਸਬੂਤ ਭਾਰਤ ਦੀ ਵਿਦੇਸ਼ੀ ਸਰਮਾਏ ਦੀ ਨੀਤੀ ਤੋਂ ਮਿਲਦਾ ਹੈ।

**ਵਿਦੇਸ਼ੀ ਸਰਮਾਏ ਸੰਬੰਧੀ ਨੀਤੀ** : ਵਿਦੇਸ਼ੀ ਸਰਮਾਏ ਸੰਬੰਧੀ ਨੀਤੀ ਬਾਰੇ ਭਾਰਤ ਦੇ ਪਹਿਲੇ
ਪ੍ਰਧਾਨ ਮੰਤਰੀ, ਜਵਾਹਰਲਾਲ ਨਹਿਰੂ ਨੇ ਵਿਧਾਨਕ ਅਸੈਂਬਲੀ (Constituent Assembly)
ਵਿਚ ਇਕ ਅਹਿਮ ਬਿਆਨ ਦਿੱਤਾ ਜੋ ਕਿ ਭਾਰਤ-ਵਿਦੇਸ਼ੀ ਸਰਮਾਏ ਸੰਬੰਧੀ ਨੀਤੀ ਦਾ ਆਧਾਰ ਬਣ
ਗਿਆ।[1] ਇਸ ਬਿਆਨ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਭਾਰਤ ਦੇ ਹਾਲਾਤ ਬਦਲ
ਗਏ ਹਨ ਅਤੇ ਵਿਦੇਸ਼ੀ ਸਰਮਾਏ ਬਾਰੇ ਭਾਰਤ ਨੂੰ ਆਪਣਾ ਵਤੀਰਾ ਬਦਲਣ ਦੀ ਲੋੜ ਹੈ। ਇਸ
ਦੇ ਮੁਖ ਦੋ ਕਾਰਨ ਦੱਸੇ ਗਏ। ਪਹਿਲਾ ਤਾਂ ਇਹ ਸੀ ਕਿ ਭਾਰਤ ਵਿਚ ਕੌਮੀ ਬਚਤ ਘਟ ਹੋਣ
ਕਰਕੇ ਸਰਮਾਏ ਦੇ ਵਿਕਾਸ ਦੀ ਦਰ ਘਟ ਹੈ। ਦੂਸਰੇ, ਭਾਰਤ ਦੀ ਆਰਥਕਤਾ ਨੂੰ ਆਧੁਨਿਕਕਰਨ
ਅਤੇ ਨਵੀਂ ਤਕਨੀਕ ਤੇ ਹੁਨਰ ਦੀ ਜ਼ਰੂਰਤ ਹੈ। ਇਨ੍ਹਾਂ ਦੋਹਾਂ ਕਾਰਨਾਂ ਕਰਕੇ ਭਾਰਤ ਲਈ ਵਿਦੇਸ਼ੀ
ਸਰਮਾਏ ਦੀ ਮਿਲਵਰਤਣ ਲੈਣੀ ਜ਼ਰੂਰੀ ਹੈ। ਇਸ ਦਲੀਲ ਦੇ ਆਧਾਰ 'ਤੇ ਵਿਦੇਸ਼ੀ ਸਰਮਾਏ ਵਲ
ਵਿਰੋਧਤਾ ਦੀ ਨੀਤੀ ਛਡ ਕੇ ਭਿਆਲੀ ਦੀ ਨੀਤੀ ਅਪਣਾਈ ਗਈ। ਇਸ ਨੀਤੀ ਦੇ ਛੇ ਮੁਖ
ਨੁਕਤੇ ਸਨ :[2]

(1) ਭਾਰਤ ਸਰਕਾਰ ਵਿਦੇਸ਼ੀ ਸਰਮਾਏ ਨਾਲ ਕਿਸੇ ਕਿਸਮ ਦਾ ਵਿਤਕਰਾ ਨਹੀਂ ਕਰੇਗੀ ਅਤੇ
ਨਾ ਹੀ ਉਸ ਉਤੇ ਐਸੀਆਂ ਸ਼ਰਤਾਂ ਲਾਈਆਂ ਜਾਣਗੀਆਂ ਜੋ ਭਾਰਤੀ ਸਰਮਾਏ ਉਪਰ ਨਹੀਂ ਹਨ।
ਵਿਦੇਸ਼ੀ ਸਰਮਾਏ ਨੂੰ ਭਾਰਤੀ ਸਰਮਾਏ ਦੀ ਤਰ੍ਹਾਂ ਹੀ ਸਮਝਿਆ ਜਾਵੇਗਾ। (2) ਭਵਿਖ ਵਿਚ ਐਸੀਆਂ
ਕੋਸ਼ਿਸ਼ਾਂ ਕੀਤੀਆਂ ਜਾਣਗੀਆਂ ਜਿਸ ਨਾਲ ਭਾਰਤ ਵਿਚ ਵਧੇਰੇ ਵਿਦੇਸ਼ੀ ਸਰਮਾਏ ਨੂੰ ਲਿਜਾਉਣ
ਵਿਚ ਮਦਦ ਮਿਲੇ। (3) ਭਾਰਤ ਵਿਚ ਵਿਦੇਸ਼ੀ ਸਰਮਾਏ ਨੂੰ ਮੁਨਾਫਾ ਕਮਾਉਣ ਤੇ ਬਾਹਰ ਲਿਜਾਣ
ਦੀ ਖੁਲ੍ਹ ਹੋਵੇਗੀ। ਵਿਦੇਸ਼ੀ ਆਪਣਾ ਸਰਮਾਇਆ ਆਪਣੀ ਮਰਜ਼ੀ ਅਨੁਸਾਰ ਬਾਹਰ ਲਿਜਾ ਸਕਣਗੇ,
ਬਸ਼ਰਤੇਕਿ ਭਾਰਤ ਨੂੰ ਵਿਦੇਸ਼ੀ ਸਿੱਕੇ ਦੀ ਕੋਈ ਮੁਸ਼ਕਲ ਨਾ ਹੋਵੇ। (4) ਇਸ ਗੱਲ ਦਾ ਭਰੋਸਾ

ਦਿੱਤਾ ਗਿਆ ਕਿ ਜੇਕਰ ਮਜਬੂਰਨ ਕਿਸੇ ਵਿਦੇਸ਼ੀ ਅਦਾਰੇ ਨੂੰ ਸਰਕਾਰ ਆਪਣੇ ਹੱਥਾਂ ਵਿਚ ਲਵੇਗੀ ਤਾਂ ਉਸ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ । (5) ਭਾਵੇਂ ਸਰਕਾਰ ਇਸ ਗੱਲ ਨੂੰ ਤਰਜੀਹ ਦੇਵੇਗੀ ਕਿ ਮਾਲਕੀ ਦਾ ਵਧੇਰੇ ਹਿੱਸਾ ਭਾਰਤੀਆਂ ਦਾ ਹੋਵੇ ਪਰ ਜੇ ਕੌਮੀ ਹਿੱਤ ਦੀ ਲੋੜ ਹੋਵੇ, ਤਾਂ ਆਰਥਕ ਅਦਾਰਿਆਂ ਉਪਰ ਵਿਦੇਸ਼ੀ ਕੰਟਰੋਲ ਅਤੇ ਇਥੋਂ ਤਕ ਕਿ ਮਾਲਕੀ ਦੇ ਵਧੇਰੇ ਹਿੱਸਿਆਂ ਦਾ ਵਿਦੇਸ਼ੀਆਂ ਦੇ ਹੱਥ ਹੋਣ ਦਾ ਵਿਰੋਧ ਨਹੀਂ ਕਰੇਗੀ । (6) ਆਰਥਕ ਅਦਾਰਿਆਂ ਵਿਚ ਨੌਕਰੀਆਂ ਦੇ ਮਾਮਲੇ ਵਿਚ ਸਰਕਾਰ ਭਾਰਤੀ ਸ਼ਹਿਰੀਆਂ ਨੂੰ ਲਾਉਣ ਨੂੰ ਕਾਫੀ ਮਹਾਨਤਾ ਦਿੰਦੀ ਹੈ, ਪਰ ਜਟਿਲ ਅਤੇ ਤਕਨੀਕੀ ਕੰਮ ਵਾਸਤੇ ਜਿਥੇ ਯੋਗ ਭਾਰਤੀਆਂ ਦੀ ਘਾਟ ਹੋਵੇ ਉਥੇ ਵਿਦੇਸ਼ੀਆਂ ਨੂੰ ਲਾਉਣ ਦਾ ਸਰਕਾਰ ਵਿਰੋਧ ਨਹੀਂ ਕਰੇਗੀ ।

ਇਨ੍ਹਾਂ ਛੇ ਲਿਖਤੀ ਨੁਕਤਿਆਂ ਤੋਂ ਇਲਾਵਾ ਸਰਕਾਰ ਦੇ ਬੁਲਾਰਿਆਂ ਨੇ ਸਮੇਂ ਸਮੇਂ ਸਿਰ ਵਿਦੇਸ਼ੀ ਸਰਮਾਏ ਨੂੰ ਕਈ ਹੋਰ ਰਿਆਇਤਾਂ ਵੀ ਦਿਵਾਈਆਂ ਅਤੇ ਇਸ ਦੇ ਭਾਰਤ ਵਿਚ ਉੱਜਲ ਭਵਿਖ ਦੀਆਂ ਗੱਲਾਂ ਕੀਤੀਆਂ । ਪਰ ਇਸ ਦੇ ਨਾਲ ਇਹ ਗੱਲ ਵੀ ਸਪਸ਼ਟ ਕਰ ਦਿੱਤੀ ਕਿ ਵਿਦੇਸ਼ੀ ਅਦਾਰਿਆਂ ਨੂੰ ਸਨਅਤੀ ਕੰਟਰੋਲ ਬਿੱਲ ਦੇ ਅਧੀਨ ਰਹਿਣਾ ਪਵੇਗਾ । ਜਿਥੇ ਵਿਦੇਸ਼ੀ ਮਾਹਿਰ ਕੰਮ ਕਰ ਰਹੇ ਹੋਣਗੇ ਉਸ ਲਈ ਭਾਰਤੀਆਂ ਨੂੰ ਜਲਦੀ ਤੋਂ ਜਲਦੀ ਸਿਖਲਾਈ ਦੇਣੀ ਪਵੇਗੀ ਤਾਕਿ ਭਾਰਤੀ ਮਾਹਿਰ ਵਿਦੇਸ਼ੀਆਂ ਦੀ ਜਗ੍ਹਾ ਲੈ ਸਕਣ । ਕੌਮੀ ਹਿੱਤਾਂ ਦੀ ਰਾਖੀ ਵਾਸਤੇ ਅਤੇ ਖਾਸ ਵਾਕਿਆਤਾਂ (Exceptional cases) ਦਾ ਸਾਹਮਣਾ ਕਰਨ ਵਾਸਤੇ ਕੌਮੀ ਸਰਕਾਰ ਆਪਣੇ ਹੱਥਾਂ ਵਿਚ ਤਾਕਤ ਲਵੇਗੀ ।[3] ਇਸ ਤਰ੍ਹਾਂ ਸਰਕਾਰੀ ਨੀਤੀ ਦਾ ਖਾਸਾ ਵਿਦੇਸ਼ੀ ਸਰਮਾਏ ਨਾਲ ਭਿਆਲੀ ਦਾ ਸੀ ਭਾਵੇਂ ਇਸ ਵਿਚ ਕੌਮੀ ਹਿੱਤਾਂ ਦੀ ਗੱਲ ਜ਼ਰੂਰ ਕੀਤੀ ਗਈ ਸੀ । ਇਹ ਨੀਤੀ ਵਿਦੇਸ਼ੀ ਸਰਮਾਏ ਦੇ ਭਾਰਤ ਵਿਚ ਲਗਣ ਬਾਰੇ ਸੀ ਜਿਸ ਵਿਚ ਭਾਰਤੀ ਸਰਕਾਰ ਦੁਆਰਾ ਦੂਜੇ ਦੇਸ਼ਾਂ ਤੋਂ ਕਰਜ਼ੇ ਲੈਣ ਬਾਰੇ ਕੋਈ ਇਤਰਾਜ਼ ਨਹੀਂ ਸੀ ਕੀਤਾ ਗਿਆ । ਸਗੋਂ ਵਿਦੇਸ਼ੀ ਕਰਜ਼ੇ ਲੈਣ ਲਈ ਸਰਕਾਰ ਹਰ ਕਿਸਮ ਦੀ ਕੋਸ਼ਿਸ਼ ਵਿਚ ਸੀ ।

ਵਿਦੇਸ਼ੀ ਸਰਮਾਏ ਨਾਲ ਭਿਆਲੀ ਦੀ ਨੀਤੀ ਦੇ ਬਾਵਜੂਦ, ਭਾਰਤੀ ਸਰਮਾਏ ਵਲੋਂ ਇਸ ਦਾ ਵਿਰੋਧ ਕੀਤਾ ਗਿਆ ।[4] ਜਿਥੋਂ ਤੱਕ ਵਿਦੇਸ਼ੀ ਸਰਮਾਏ ਨੂੰ ਰਿਆਇਤਾਂ ਦਾ ਸਵਾਲ ਹੈ ਭਾਰਤੀ ਸਰਮਾਇਆ ਇਸ ਨੂੰ ਨਿਜੀ ਖੇਤਰ (Private sector) ਦੀਆਂ ਰਿਆਇਤਾਂ ਸਮਝ ਕੇ ਜੀ-ਆਇਆਂ ਆਖਦਾ ਸੀ । ਪਰ ਦੂਜੇ ਪਾਸੇ ਇਨ੍ਹਾਂ ਰਿਆਇਤਾਂ ਨੂੰ ਵਿਦੇਸ਼ੀਆਂ ਨੂੰ ਦਿੱਤੀਆਂ ਗਈਆਂ ਰਿਆਇਤਾਂ ਸਮਝ ਕੇ ਇਨ੍ਹਾਂ 'ਤੇ ਨਾਰਾਜ਼ਗੀ ਵੀ ਪ੍ਰਗਟ ਕਰਦਾ ਸੀ । ਭਾਰਤੀ ਸਰਮਾਏ ਵੱਲ ਵਿਦੇਸ਼ੀ ਸਰਮਾਏ ਦਾ ਵਿਰੋਧ ਦਾ ਕਾਰਨ, ਵਿਦੇਸ਼ੀ ਸਰਮਾਏ ਦਾ ਕੌਮੀ ਸਰਮਾਏ ਨਾਲ ਮੁਕਾਬਲਾ ਸੀ । ਇਸ ਕਰਕੇ ਭਾਰਤੀ ਸਰਮਾਇਆ ਸਰਕਾਰ ਪਾਸੋਂ ਵਿਦੇਸ਼ੀ ਸਰਮਾਏ ਦੇ ਮੁਕਾਬਲੇ ਤੋਂ ਸੁਰਖਿਆ ਦੀ ਮੰਗ ਕਰਦਾ ਰਿਹਾ । ਜਿਸ ਦਾ ਅਰਥ ਅਮਲੀ ਰੂਪ ਵਿਚ ਵਿਦੇਸ਼ੀ ਸਰਮਾਏ ਦਾ ਵਿਰੋਧ ਹੀ ਸੀ । ਇਸ ਸੰਬੰਧ ਵਿਚ ਭਾਰਤੀ ਸਰਮਾਏਦਾਰਾਂ ਦੇ ਵਫਦ (deputations) ਕੇਂਦਰੀ ਸਰਕਾਰ ਨੂੰ ਸਮੇਂ ਸਮੇਂ ਸਿਰ ਮਿਲਦੇ ਰਹੇ ਅਤੇ ਆਪਣੀ ਇਸ ਮੰਗ ਬਾਰੇ ਜਾਣੂੰ ਕਰਵਾਉਂਦੇ ਰਹੇ । ਸਰਕਾਰ ਨੂੰ ਮੰਗ-ਪਤਰ ਦਿੰਦੇ ਸਮੇਂ ਕੌਮੀ ਸਰਮਾਏ ਦੀ ਅਹਿਮੀਅਤ ਅਤੇ ਵਿਦੇਸ਼ੀ ਸਰਮਾਏ ਦੇ ਖਤਰੇ ਬਾਰੇ ਗੱਲ ਕਰਦੇ ਰਹੇ । ਸਰਕਾਰ ਦੇ ਵਿਦੇਸ਼ੀ ਸਰਮਾਏ ਵਲ ਨਰਮੀ ਦੇ ਵਤੀਰੇ ਦੀ ਆਲੋਚਨਾ ਕੀਤੀ ਜਾਂਦੀ ਰਹੀ । ਇਸ ਕਰਕੇ ਵਿਦੇਸ਼ੀ ਸਰਮਾਏ ਦੀ ਭਾਰਤ ਵਿਚ 1953 ਤੱਕ ਘਟ ਹੀ ਦਰਾਮਦ ਹੋਈ । ਜੋ ਹੋਈ ਉਹ ਮੁਖ ਤੌਰ 'ਤੇ ਤੇਲ ਸਾਫ ਕਰਨ ਦੇ ਕਾਰਖਾਨਿਆਂ ਵਿਚ ਹੋਈ ।



ਇਸ ਨਾਲ ਸਰਕਾਰ ਦੀ ਲਿਖਤੀ ਨੀਤੀ ਵਿਚ ਤਾਂ ਕੋਈ ਤਬਦੀਲੀ ਨਾ ਆਈ ਪਰ 1953 ਤੋਂ ਭਾਰਤ ਦੇ ਅੰਦਰੂਨੀ ਅਤੇ ਬਾਹਰੀ ਹਾਲਾਤ ਕਾਰਨ ਵਿਦੇਸ਼ੀ ਸਰਮਾਏ ਵਲ ਰੱਵਈਏ ਵਿਚ ਤਬਦੀਲੀ ਆ ਗਈ । 1954 ਵਿਚ ਜਵਾਹਰਲਾਲ ਨਹਿਰੂ ਚੀਨ ਦੀ ਯਾਤਰਾ 'ਤੇ ਗਏ । ਇਸ ਨੂੰ ਪੱਛਮੀ ਦੇਸ਼ਾਂ ਨੇ ਬੜੀ ਗੰਭੀਰਤਾ ਨਾਲ ਨੋਟ ਕੀਤਾ ਅਤੇ ਇਸ ਗੱਲ ਦਾ ਪ੍ਰਚਾਰ ਕੀਤਾ ਗਿਆ ਕਿ ਭਾਰਤ ਵਿਕਾਸ ਦੇ ਮਧ ਮਾਰਗ ਤੋਂ ਖੱਬੇ ਪਾਸੇ ਜਾ ਰਿਹਾ ਹੈ । ਇਸ ਗੱਲ ਦਾ ਸਭ ਤੋਂ ਤਿੱਖਾ ਪ੍ਰਤੀਕਰਮ ਸੰਸਾਰ ਬੈਂਕ (World Bank) ਦੇ ਖੇਤਰ ਵਿਚ ਹੋਇਆ । ਸੰਸਾਰ ਬੈਂਕ, ਜੋ ਸ਼ੁਰੂ ਤੋਂ ਹੀ ਨਿਜੀ ਖੇਤਰ ਅਤੇ ਸਰਮਾਏ, ਖਾਸ ਕਰਕੇ ਵਿਦੇਸ਼ੀ ਸਰਮਾਏ ਦਾ ਹਿਮਾਇਤੀ ਹੈ, ਨੇ ਸਿੱਧੇ ਰੂਪ ਵਿਚਾਰਧਾਰਕ ਵਿਰੋਧਤਾ ਕੀਤੀ । ਸੰਸਾਰ ਬੈਂਕ ਦੇ ਪ੍ਰਧਾਨ ਨੇ 1956 ਵਿਚ ਭਾਰਤ ਦੇ ਵਿੱਤ ਮੰਤਰੀ, ਕ੍ਰਿਸ਼ਨਅਚਾਰੀ ਨੂੰ ਪੱਤਰ ਲਿਖਿਆ ਜਿਸ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਵਿਦੇਸ਼ੀ ਸਰਮਾਏ ਦੀ ਕੀ ਅਹਿਮੀਅਤ ਹੈ ਅਤੇ ਇਸ ਨੂੰ ਭਾਰਤ ਵਿਚ ਲਗਣ ਵਿਚ ਸਰਕਾਰ ਨੂੰ ਮਦਦ ਕਰਨੀ ਚਾਹੀਦੀ ਹੈ । ਪਰ ਸਰਕਾਰ ਦੇ ਵਤੀਰੇ 'ਤੇ ਇਸ ਗੱਲ ਦਾ ਕੋਈ ਖਾਸ ਅਸਰ ਨਾ ਹੋਇਆ । ਬਲਕਿ ਸਰਕਾਰੀ ਬੁਲਾਰਿਆਂ ਨੇ ਸਰਕਾਰ ਦੇ ਰੱਵਈਏ ਨੂੰ ਠੀਕ ਦਸਦਿਆਂ ਵਿਦੇਸ਼ੀ ਹਿੱਤਾਂ (Foreign Interests) ਦੀ ਆਲੋਚਨਾ ਕੀਤੀ । ਉਨ੍ਹਾਂ ਦੇ ਬਿਆਨਾਂ ਦੇ ਖਾਸੇ ਦਾ ਮੁਖ ਪਹਿਲੂ ਆਜ਼ਾਦ ਰੱਵਈਆ ਅਤੇ ਵਿਦੇਸ਼ੀ ਸਰਮਾਏ ਨਾਲ ਸਮਝੌਤੇ ਤੋਂ ਸੰਕੋਚ ਸੀ । ਇਸ ਗੱਲ ਦਾ ਸਬੂਤ ਇਸ ਤੋਂ ਵੀ ਮਿਲਦਾ ਹੈ ਕਿ ਅਮਰੀਕਾ ਦੇ ਦਬਾਅ ਪਾਉਣ ਦੇ ਬਾਵਜੂਦ ਭਾਰਤ ਨੇ ਪੂੰਜੀ ਲਾਉਣ ਸੰਬੰਧੀ ਗਰੰਟੀ ਸਮਝੌਤਾ (Investment Guarantee Agreement) 1955 ਵਿਚ ਨਾ ਕੀਤਾ । ਇਸ ਦਾ ਨਤੀਜਾ ਇਹ ਹੋਇਆ ਕਿ ਵਿਦੇਸ਼ੀ ਸਰਮਾਇਆ ਭਾਵੇਂ ਭਾਰਤ ਵਿਚ ਕਈ ਉਪਯੋਗਾਂ ਜਿਵੇਂ ਰਸਾਇਣ, ਦਵਾਈਆਂ, ਤੇਲ, ਭਾਰੀ ਮਸ਼ੀਨਰੀ, ਲੋਹਾ ਤੇ ਇਸਪਾਤ ਅਤੇ ਹਵਾਈ ਜਹਾਜ਼ਾਂ ਆਦਿ ਵਿਚ ਆਇਆ ਪਰ ਇਸ ਦੀ ਮਿਕਦਾਰ ਘਟ ਰਹੀ ।[5]

ਪਰ 1956 ਦੇ ਮਧ ਵਿਚ ਹੀ ਸਰਕਾਰ ਨੂੰ ਵਿਦੇਸ਼ੀ ਸਿੱਕੇ ਦਾ ਸੰਕਟ ਆ ਪਿਆ । ਇਸ ਨੂੰ ਹੱਲ ਕਰਨ ਵਾਸਤੇ ਭਾਰਤ ਨੂੰ ਪੱਛਮੀ ਦੇਸ਼ਾਂ ਦੀ ਮਦਦ ਦੀ ਜ਼ਰੂਰਤ ਪਈ । ਇਸ ਨੇ ਸਰਕਾਰ ਦੀ ਵਿਦੇਸ਼ੀ ਸਰਮਾਏ ਦੀ ਵਿਰੋਧਤਾ ਦੀ ਨੀਤੀ ਨੂੰ ਤਿਆਗ ਕੇ ਉਸ ਨੂੰ ਸਮਝੌਤੇ ਦੀ ਨੀਤੀ ਵਿਚ ਤਬਦੀਲ ਕਰ ਦਿੱਤਾ । ਬਹੁਤ ਸਾਰੇ ਸਰਕਾਰੀ ਵਫਦ ਬਾਹਰਲੇ ਦੇਸ਼ਾਂ ਵਿਚ ਭੇਜੇ-ਗਏ । ਸਰਕਾਰੀ ਨੁਮਾਇੰਦੇ ਜਿਹੜੇ ਪਹਿਲਾਂ ਵਿਦੇਸ਼ੀ ਸਰਮਾਏ ਦੇ ਵਿਰੁੱਧ ਬੋਲਦੇ ਸਨ ਹੁਣ ਇਸ ਦੇ ਹੱਕ ਵਿਚ ਬੋਲਣ ਲੱਗ ਪਏ । ਸਰਕਾਰੀ ਤੌਰ 'ਤੇ ਇਹ ਕਿਹਾ ਗਿਆ ਕਿ ਸਰਕਾਰ ਨਹੀਂ; ਬਲਕਿ ਭਾਰਤੀ ਸਰਮਾਇਆ ਹੀ ਵਿਦੇਸ਼ੀ ਸਰਮਾਏ ਦੇ ਖਿਲਾਫ ਹੈ । ਇਸ ਤੋਂ ਬਾਅਦ ਭਾਰਤੀ ਸਰਮਾਏਦਾਰਾਂ ਦੇ ਵਫਦ ਵੀ ਬਾਹਰ ਭੇਜੇ ਗਏ, ਜਿਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਵਿਚ ਵਿਦੇਸ਼ੀ ਸਰਮਾਏ ਵਾਸਤੇ ਅੱਛਾ ਵਾਤਾਵਰਣ ਹੈ ਅਤੇ ਭਾਰਤੀ ਸਰਮਾਏ ਨੂੰ ਵਿਦੇਸ਼ੀ ਸਰਮਾਏ ਦੀ ਜ਼ਰੂਰਤ ਹੈ । ਇਸ ਤਰ੍ਹਾਂ ਭਾਰਤ ਦੇ ਸਰਮਾਏਦਾਰਾਂ ਦੀ ਵਿਦੇਸ਼ੀ ਸਰਮਾਏ ਵਲ ਵਿਰੋਧਤਾ ਖਤਮ ਹੋ ਗਈ ਅਤੇ ਵੱਡੇ ਪੱਧਰ 'ਤੇ ਇਹਨਾਂ ਦੋਹਾਂ ਦੀ ਭਿਆਲੀ ਪੈ ਗਈ । ਸਰਕਾਰੀ ਤੌਰ 'ਤੇ ਵਿਰੋਧਤਾ ਪਹਿਲਾਂ ਹੀ ਖਤਮ ਹੋ ਚੁੱਕੀ ਸੀ । ਇਸ 'ਤੇ ਸਰਕਾਰ ਨੇ ਇਸ ਗੱਲ ਦਾ ਐਲਾਨ ਕਰ ਦਿੱਤਾ ਕਿ ਸਾਂਝੇ ਅਦਾਰਿਆਂ (Joint ventures) ਵਿਚ 51 ਫੀ ਸਦੀ ਦੇ ਨਿਯਮ (51 Percent rule) ਅਨੁਸਾਰ ਭਾਰਤ ਦੇ ਜ਼ਿਆਦਾ (Majority) ਹਿੱਸਿਆਂ ਦੀ ਜ਼ਰੂਰਤ ਨਹੀਂ । ਇਸ ਦੇ ਤਹਿਤ 1958 ਦੇ ਸ਼ੁਰੂ ਵਿਚ ਕਈ ਵਿਦੇਸ਼ੀ ਕੰਪਨੀਆਂ ਦੇ ਭਾਰਤੀ ਕੰਪਨੀਆਂ ਨਾਲ ਸਮਝੌਤੇ ਹੋਏ ਅਤੇ ਇਥੋਂ ਤੱਕ ਕਿ 60 ਫੀ ਸਦੀ ਹਿੱਸੇ ਵਿਦੇਸ਼ੀਆਂ ਦੇ ਹੱਥਾਂ

ਵਿਚ ਦੇ ਦਿੱਤੇ ਗਏ। ਇਸ ਦੇ ਇਲਾਵਾ 1957 ਵਿਚ ਅਮਰੀਕਾ ਨਾਲ ਸਮਝੌਤਾ ਹੋਇਆ ਜਿਸ ਅਨੁਸਾਰ ਭਾਰਤ ਵਿਚੋਂ ਵਿਦੇਸ਼ੀ ਮੁਨਾਫ਼ਾ ਡਾਲਰ ਦੇ ਰੂਪ ਵਿਚ ਬਾਹਰ ਜਾ ਸਕਦਾ ਸੀ। ਸੰਸਾਰ ਬੈਂਕ ਦਾ ਸਥਾਈ ਮਿਸ਼ਨ (Permanent Mission) ਦਿੱਲੀ ਵਿਚ ਖੁਲ੍ਹ ਗਿਆ। ਇਸ ਦੇ ਇਲਾਵਾ 1957 ਵਿਚ ਹੀ ਵਿਦੇਸ਼ੀ ਕੰਪਨੀਆਂ ਨੂੰ ਟੈਕਸ ਤੋਂ ਨਵੀਆਂ ਰਿਆਇਤਾਂ ਦਿੱਤੀਆਂ ਗਈਆਂ ਅਤੇ ਵਿਦੇਸ਼ੀ ਕੰਪਨੀਆਂ ਨੂੰ ਰਾਖਵੇਂ ਸਰਕਾਰੀ ਖੇਤਰ ਵਿਚ ਬੁਲਾ ਲਿਆ ਗਿਆ।[6] ਵਿਦੇਸ਼ੀ ਸਰਮਾਏ ਦੇ ਰਸਤੇ ਵਿਚੋਂ ਕਈ ਕਿਸਮ ਦੀਆਂ ਰੋਕਾਂ ਖਤਮ ਕਰ ਕੇ ਅਮਲੀ ਰੂਪ ਵਿਚ ਭਾਰਤ ਦੇ ਦਰਵਾਜ਼ੇ ਵਿਦੇਸ਼ੀ ਸਰਮਾਏ ਵਾਸਤੇ ਖੋਲ੍ਹ ਦਿੱਤੇ ਗਏ ਅਤੇ ਇਸ ਵਲ ਖੁਲ੍ਹੀਆ ਬਾਹਾਂ ਨਾਲ ਸਵਾਗਤ ਦੀ ਨੀਤੀ ਅਪਣਾਈ ਗਈ। ਇਸ ਨਾਲ ਵਿਦੇਸ਼ੀ ਸਰਮਾਏ ਦੀ ਸਰਕਾਰੀ ਅਤੇ ਗੈਰ ਸਰਕਾਰੀ (ਭਾਰਤੀ ਸਰਮਾਏ ਦੀ) ਵਿਰੋਧਤਾ ਖਤਮ ਹੋ ਗਈ ਅਤੇ ਵਿਦੇਸ਼ੀ ਅਤੇ ਭਾਰਤੀ ਸਰਮਾਏ ਦਾ ਸਰਕਾਰੀ ਤੌਰ 'ਤੇ ਖੁਲ੍ਹੇ ਆਮ ਗਠਜੋੜ ਹੋ ਗਿਆ। ਇਸ ਗਠਜੋੜ ਵਿਚ ਭਾਰਤ ਸਰਕਾਰ, ਵਿਕਸਤ ਪੂੰਜੀਵਾਦੀ ਦੇਸ਼ ਅਮਰੀਕਾ ਦੀ ਅਗਵਾਈ ਵਿਚ, ਕੌਮਾਂਤਰੀ ਵਿੱਤ ਸੰਸਥਾਵਾਂ (ਸੰਸਾਰ ਬੈਂਕ ਦੀ ਅਗਵਾਈ ਵਿਚ), ਵਿਦੇਸ਼ੀ ਨਿਜੀ ਸਰਮਾਇਆ ਅਤੇ ਭਾਰਤੀ ਨਿਜੀ ਸਰਮਾਇਆ, ਸਾਰੇ ਹੀ ਭਾਈਵਾਲ ਅਤੇ ਰਜ਼ਾਮੰਦ ਸਨ। ਇਸ ਦੇ ਇਵਜ਼ਾਨੇ ਵਿਚ ਵਿਕਸਤ ਪੂੰਜੀਵਾਦੀ ਦੇਸ਼ਾਂ ਨੇ ਸੰਸਾਰ ਬੈਂਕ ਦੀ ਅਗਵਾਈ ਵਿਚ 1958 ਵਿਚ ਭਾਰਤ ਮਦਦ-ਕਲੱਬ (Aid India Consortium) ਕਾਇਮ ਕੀਤੀ ਅਤੇ ਇਨ੍ਹਾਂ ਦੇਸ਼ਾਂ ਤੋਂ ਸਰਕਾਰੀ ਕਰਜ਼ਾ (ਸਰਮਾਇਆ) ਸੰਸਾਰ ਬੈਂਕ ਰਾਹੀਂ ਵੱਡੀ ਮਾਤਰਾ ਵਿਚ ਆਉਣ ਲੱਗਾ। ਇਸ ਨਾਲ ਸਾਮੂਹਕ ਨਵਬਸਤੀਵਾਦ (Collective Neo-colonialism) ਦਾ ਕੰਮ ਸਰਕਾਰੀ ਤੌਰ 'ਤੇ ਭਾਰਤ ਵਿਚ ਸ਼ੁਰੂ ਹੋ ਗਿਆ ਅਤੇ ਸੰਸਾਰ ਬੈਂਕ ਦੇ ਭਾਰਤ ਵਿਚ ਦਖਲ ਨੂੰ ਸਰਕਾਰੀ ਤੌਰ 'ਤੇ ਮਾਨਤਾ ਮਿਲ ਗਈ।

ਇਸ ਨਾਲ ਵਿਦੇਸ਼ੀ ਸਰਮਾਇਆ ਬੜੀ ਤੇਜ਼ੀ ਨਾਲ ਆਉਣਾ ਸ਼ੁਰੂ ਹੋ ਗਿਆ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਨੇ ਆਪਣੀਆਂ ਸ਼ਾਖਾਵਾਂ ਰਾਹੀਂ ਭਾਰਤੀ ਆਧੁਨਿਕ ਖੇਤਰ ਵਿਚ ਤੇਜ਼ੀ ਨਾਲ ਵਿਸਥਾਰ ਕਰਨਾ ਸ਼ੁਰੂ ਕਰ ਦਿੱਤਾ। ਵਿਦੇਸ਼ੀ ਸਰਮਾਇਆ, ਕੌਮੀ ਪਹਿਲ (National Priority) ਦੇ ਖੇਤਰਾਂ ਤੋਂ ਇਲਾਵਾ ਗੈਰ-ਜ਼ਰੂਰੀ ਖੇਤਰਾਂ ਵਿਚ ਵੀ ਲਗਣ ਲੱਗ ਪਿਆ। ਇਹ ਭਾਰਤ ਸਰਕਾਰ ਦੀ ਮੰਨਜ਼ੂਰੀ ਨਾਲ ਹੋਇਆ ਅਤੇ ਇਸ ਵਿਚ ਭਾਰਤੀ ਸਰਮਾਏ ਦੀ ਸਾਂਝ ਸੀ। ਇਸ ਗੱਲ ਦੀ ਵਿਰੋਧਤਾ ਕੁਝ ਸਿਆਸੀ ਹਲਕਿਆਂ ਵਿਚ ਹੁੰਦੀ ਰਹੀ ਪਰ ਉਸ ਦਾ ਅਮਲੀ ਰੂਪ ਵਿਚ ਕੋਈ ਅਸਰ ਨਾ ਹੋਇਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਭਾਰਤ ਦੀ ਵਿਦੇਸ਼ੀ ਸਰਮਾਏ ਉਪਰ ਨਿਰਭਰਤਾ ਵਧਦੀ ਗਈ। ਬਦੇਸ਼ੀ ਸਰਕਾਰਾਂ ਨੇ ਭਾਰਤ ਤੋਂ ਸਿਆਸੀ ਰਿਆਇਤਾਂ ਵੀ ਮੰਗਣੀਆਂ ਸ਼ੁਰੂ ਕਰ ਦਿੱਤੀਆਂ। ਜਦ ਕਦੇ ਵੀ ਭਾਰਤ ਨੇ ਵਿਦੇਸ਼ੀ ਮਾਮਲਿਆਂ ਵਿਚ ਆਜ਼ਾਦ ਤੌਰ 'ਤੇ ਸਟੈਂਡ ਲਿਆ ਤਾਂ ਵਿਦੇਸ਼ੀਆਂ ਨੇ ਕਰਜ਼ਿਆਂ ਨੂੰ ਇਕ ਹਥਿਆਰ ਬਣਾ ਕੇ ਵਰਤਣਾ ਚਾਹਿਆ, ਜਿਸ ਨਾਲ ਵਿਦੇਸ਼ੀ ਮਦਦ (ਕਰਜ਼ਿਆ) ਦੀ ਅਨਿਸ਼ਚਤਾ ਵਧ ਗਈ। ਇਸ 'ਤੇ ਭਾਰਤ ਵਿਚ ਇਕ ਸਿਆਸੀ ਨਾਹਰਾ, ਆਤਮ ਨਿਰਭਰਤਾ ਅਤੇ ਵਿਦੇਸ਼ੀ ਮਦਦ ਨਾਲ ਵਿਦੇਸ਼ੀ ਮਦਦ ਨੂੰ ਖਤਮ ਕਰਨ ਦਾ ਤੀਜੀ ਪੰਜ ਸਾਲਾ ਯੋਜਨਾ ਦੇ ਮਧ ਵਿਚ ਦਿੱਤਾ ਗਿਆ।[7] ਪਾਕਿਸਤਾਨ ਨਾਲ ਲੜਾਈ ਸਮੇਂ ਅਮਰੀਕਾ ਨੇ ਭਾਰਤ ਨੂੰ ਕਰਜ਼ੇ ਦੇਣੇ ਬੰਦ ਕਰ ਦਿੱਤੇ ਪਰ ਇਸ ਦਾ ਸਰਕਾਰ ਦੀ ਵਿਦੇਸ਼ੀ ਸਰਮਾਏ ਦੀ ਨੀਤੀ ਉੱਤੇ ਕੋਈ ਅਸਰ ਨਾ ਹੋਇਆ। ਇਸ 'ਤੇ ਮੁੜ ਵਿਚਾਰ ਕਰਨ ਦੀ ਬਜਾਏ ਅਮਰੀਕਨ ਕਰਜ਼ੇ ਬਹਾਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਭਾਰਤੀ ਸਰਮਾਏ ਦੀ ਵਿਦੇਸ਼ੀ ਸਰਮਾਏ ਨਾਲ ਭਿਆਲੀ ਚਲਦੀ



ਰਹੀ। ਪਿਛਲੇ ਕੁਝ ਸਮੇਂ ਤੋਂ ਤਾਂ ਪਬਲਿਕ ਖੇਤਰ ਦੇ ਅਦਾਰਿਆਂ ਨੇ ਵੀ ਵਿਦੇਸ਼ੀ ਬਹੁ-ਕੌਮੀ ਕਾਰਪੋਰੇਸ਼ਨਾਂ ਨਾਲ ਸਮਝੌਤੇ ਕਰ ਲਏ ਹਨ।[8]

ਜਦ ਭਾਰਤ ਸਰਕਾਰ ਨੇ ਵਿਦੇਸ਼ੀ ਸਰਮਾਏ ਦੇ ਭਾਰਤ ਵਿਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੁੜ ਅਮਰੀਕਨ ਮਦਦ ਬਹਾਲ ਹੋ ਗਈ।

ਇਸ ਤਰ੍ਹਾਂ 1958 ਤੋਂ ਲੈ ਕੇ ਭਾਰਤ ਸਰਕਾਰ ਦੀ ਨੀਤੀ ਵਿਦੇਸ਼ੀ ਸਰਮਾਏ ਨੂੰ ਸਵਾਗਤ ਕਰਨ ਦੀ ਨੀਤੀ ਰਹੀ ਹੈ। ਇਸ ਸਮੇਂ ਤੋਂ ਬਾਅਦ ਭਾਰਤੀ ਅਤੇ ਵਿਦੇਸ਼ੀ ਸਰਮਾਏ ਦੀ ਭਿਆਲੀ ਅਤੇ ਤਾਲਮੇਲ ਵਧਿਆ ਹੈ। 1977 ਵਿਚ ਕੇਂਦਰੀ ਸਰਕਾਰ ਦੇ ਬਦਲਣ ਨਾਲ ਵੀ ਇਸ ਨੀਤੀ ਵਿਚ ਕੋਈ ਤਬਦੀਲੀ ਨਹੀਂ ਆਈ। ਅੱਜ ਦੇ ਸਮੇਂ ਵਿਚ ਵਿਦੇਸ਼ੀ ਸਰਮਾਇਆ ਭਾਰਤ ਦੇ ਆਧੁਨਿਕ ਖੇਤਰ ਦੇ ਹਰ ਪਾਸੇ, ਲੋਕਲ ਸਰਮਾਏ ਨਾਲ ਰਲ ਕੇ ਲੱਗਿਆ ਹੋਇਆ ਹੈ ਅਤੇ ਆਰਥਕਤਾ ਵਿਚ ਅਹਿਮ ਪ੍ਰਭਾਵ ਰਖਦਾ ਹੈ।

**ਭਾਰਤ ਵਿਚ ਵਿਦੇਸ਼ੀ ਸਰਮਾਇਆ :** 1947 ਤੋਂ ਬਾਅਦ ਭਾਰਤ ਵਿਚ ਵਿਦੇਸ਼ੀ ਸਰਮਾਇਆ ਤਿੰਨ ਤਰੀਕਿਆਂ ਨਾਲ ਆਇਆ ਹੈ। ਸਭ ਤੋਂ ਵੱਡਾ ਹਿੱਸਾ ਪੱਛਮੀ ਸਰਕਾਰਾਂ ਰਾਹੀਂ ਭਾਰਤ ਸਰਕਾਰ ਨੂੰ ਕਰਜ਼ਿਆਂ ਦੇ ਰੂਪ ਵਿਚ ਆਇਆ ਹੈ। ਇਸ ਦੇ ਨਾਲ ਇਕ ਛੋਟ ਹਿੱਸਾ ਵਿਦੇਸ਼ੀ ਸਰਕਾਰ ਦੁਆਰਾ ਭਾਰਤ ਨੂੰ ਗਰਾਟਾਂ ਦੇ ਰੂਪ ਵਿਚ ਵੀ ਮਿਲਿਆ। ਪਰ ਇਹ ਕੁਲ ਵਿਦੇਸ਼ੀ ਸਰਮਾਏ ਦਾ ਬਹੁਤ ਛੋਟਾ ਹਿੱਸਾ ਸੀ। ਗਰਾਂਟਾਂ ਦਾ ਮੁਖ ਹਿੱਸਾ ਅਮਰੀਕਾ ਤੋਂ ਪੀ. ਐਲ. 480 ਰਾਹੀਂ ਆਇਆ। ਇਹ ਸਰਕਾਰੀ ਕਰਜ਼ੇ ਭਾਰਤ ਦੀਆਂ ਯੋਜਨਾਵਾਂ ਵਿਚ ਵਰਤੇ ਗਏ। ਇਨ੍ਹਾਂ ਦੋ ਤਰੀਕਿਆਂ ਰਾਹੀਂ 1977-78 ਤੱਕ 13,078 ਕਰੋੜ ਰੁਪਏ ਦਾ ਸਰਮਾਇਆ ਭਾਰਤ ਵਿਚ ਆਇਆ, ਜੋ ਕਿ ਭਾਰਤ ਸਰਕਾਰ ਦੁਆਰਾ ਯੋਜਨਾ ਵਿਚ 1977-78 ਤੱਕ ਦੇ ਖਰਚ ਦਾ 22.8 ਫੀ ਸਦੀ ਸੀ।[9] ਇਸ ਦਾ ਮੁਖ ਹਿੱਸਾ (87 ਫੀ ਸਦੀ) ਪੱਛਮੀ ਦੇਸ਼ਾਂ ਤੋਂ ਆਇਆ ਜੋ ਸੰਸਾਰ ਬੈਂਕ ਦੁਆਰਾ ਬਣਾਏ ਭਾਰਤ-ਮਦਦ ਕੱਲਬ ਦੇ ਮੈਂਬਰ ਹਨ। ਇਸ ਵਿਚ ਪੂਰਬੀ ਯੂਰਪ ਅਤੇ ਰੂਸ ਦਾ ਹਿੱਸਾ ਕੁਲ ਸਰਮਾਏ ਦਾ ਸਿਰਫ 7.3 ਫੀ ਸਦੀ ਸੀ। ਪੱਛਮੀ ਦੇਸ਼ਾਂ ਵਿਚੋਂ ਅਮਰੀਕਾ ਦਾ ਪਹਿਲਾ ਨੰਬਰ ਹੈ ਜਿਸ ਨੇ ਭਾਰਤ ਨੂੰ ਕੁਲ ਵਿਦੇਸ਼ੀ ਸਰਮਾਏ ਦਾ 42.2 ਫੀ ਸਦੀ ਦਿੱਤਾ। ਹੋਰ ਪੱਛਮੀ ਦੇਸ਼ ਜਿਨ੍ਹਾਂ ਨੇ ਭਾਰਤ ਨੂੰ ਇਸ ਰੂਪ ਵਿਚ ਸਰਮਾਇਆ ਦਿੱਤਾ ਉਨ੍ਹਾਂ ਦੇ ਨਾਂ ਹਨ—ਅਸਟਰੀਆ, ਬੈਲਜੀਅਮ, ਕਨੇਡਾ, ਡੈਨਮਾਰਕ, ਫਰਾਂਸ, ਪੱਛਮੀ ਜਰਮਨੀ, ਇਟਲੀ, ਜਪਾਨ (ਜੋ ਏਸ਼ੀਆ ਦਾ ਦੇਸ਼ ਹੈ), ਨੀਦਰਲੈਂਡ, ਨਾਰਵੇ, ਸਵੀਡਨ ਅਤੇ ਬਰਤਾਨੀਆ। ਇਨ੍ਹਾਂ ਦੇਸ਼ਾਂ ਤੋਂ ਇਲਾਵਾ ਕੌਮਾਂਤਰੀ ਵਿੱਤ ਸੰਸਥਾਵਾਂ, ਸੰਸਾਰ ਬੈਂਕ ਅਤੇ ਇਸ ਨਾਲ ਸੰਬੰਧਤ ਸੰਸਥਾਵਾਂ ਨੇ ਵਿਦੇਸ਼ੀ ਕਰਜ਼ਿਆਂ ਦਾ ਕਾਫੀ ਵੱਡਾ ਹਿੱਸਾ (19.1 ਫੀ ਸਦੀ) ਭਾਰਤ ਨੂੰ ਦਿੱਤਾ। ਇਸ ਤਰ੍ਹਾਂ ਪੱਛਮੀ ਦੇਸ਼ਾਂ (ਅਮਰੀਕਾ ਦੀ ਅਗਵਾਈ ਵਿਚ) ਅਤੇ ਕੌਮਾਂਤਰੀ ਵਿੱਤ ਸੰਸਥਾਵਾਂ ਨੇ ਮੁਖ ਤੌਰ 'ਤੇ ਭਾਰਤ ਸਰਕਾਰ ਨੂੰ ਵਿਦੇਸ਼ੀ ਸਰਮਾਇਆ ਕਰਜ਼ਿਆਂ ਦੇ ਰੂਪ ਵਿਚ ਦਿੱਤਾ। ਇਥੇ ਇਹ ਗੱਲ ਵਰਣਨਯੋਗ ਹੈ ਕਿ ਭਾਰਤ ਸਰਕਾਰ ਦੀ ਵਿਦੇਸ਼ੀ ਕਰਜ਼ਿਆਂ ਉਪਰ ਯੋਜਨਾ ਦੇ ਖਰਚ ਸੰਬੰਧੀ ਨਿਰਭਰਤਾ ਵਧਦੀ ਹੀ ਗਈ ਹੈ। ਪਹਿਲੀ ਯੋਜਨਾ ਵਿਚ ਇਨ੍ਹਾਂ ਦਾ ਹਿੱਸਾ 9.6 ਫੀ ਸਦੀ ਸੀ ਜੋ ਵਧ ਕੇ ਸਾਲਾਨਾਂ ਯੋਜਨਾਵਾਂ ਦੇ ਸਮੇਂ (1966-69) ਵਿਚ 35.9 ਫੀ ਸਦੀ ਹੋ ਗਿਆ। ਪਰ ਚੌਥੀ ਯੋਜਨਾ ਸਮੇਂ ਅਮਰੀਕਨ ਕਰਜ਼ੇ ਨਾ ਮਿਲਣ ਕਰਕੇ ਇਹ ਘਟ ਕੇ 12.9 ਫੀ ਸਦੀ ਰਹਿ ਗਿਆ ਜੋ ਕਿ ਪੰਜਵੀਂ ਯੋਜਨਾ ਦੇ ਪਹਿਲੇ ਤਿੰਨ ਸਾਲਾਂ ਵਿਚ ਵਧ ਕੇ ਫਿਰ 24.3 ਫੀ ਹੋ ਗਿਆ। ਇਸ ਤਰ੍ਹਾਂ ਭਾਰਤ ਦੀ ਯੋਜਨਾਬੰਦੀ ਵਿਚ ਵਿਦੇਸ਼ੀ ਕਰਜ਼ਿਆਂ ਉਪਰ ਨਿਰਭਰਤਾ ਵਧਦੀ ਹੀ ਗਈ ਹੈ।

ਵਿਦੇਸ਼ੀ ਸਰਮਾਏ ਦਾ ਸਿੱਧੇ ਰੂਪ ਵਿਚ ਭਾਰਤ ਵਿਚ ਲਗਣਾ ਤੀਸਰਾ ਤਰੀਕਾ ਹੈ। 1948 ਵਿਚ ਵਿਦੇਸ਼ੀ ਸਰਮਾਇਆ 217.6 ਕਰੋੜ ਰੁਪਏ ਸਿੱਧੇ ਰੂਪ ਵਿਚ ਭਾਰਤ ਵਿਚ ਲੱਗਾ ਹੋਇਆ ਸੀ। 1953 ਵਿਚ ਇਹ ਵਧ ਕੇ 349.8 ਕਰੋੜ, 1955 ਵਿਚ 425.7 ਕਰੋੜ ਅਤੇ 1972 ਵਿਚ ਵਧ ਕੇ 912.6 ਕਰੋੜ ਹੋ ਗਿਆ।[10] ਇਹ ਸਰਮਾਇਆ ਮੁਖ ਰੂਪ ਵਿਚ ਤਿੰਨ ਕਿਸਮਾਂ ਦੀਆਂ ਕੰਪਨੀਆਂ ਜੋ ਕਿ ਭਾਰਤੀ ਸਰਮਾਏ ਨਾਲ ਭਿਆਲੀ 'ਤੇ ਉਸਰੀਆਂ ਹਨ ਉਨ੍ਹਾਂ ਵਿਚ ਲੱਗਾ ਹੋਇਆ ਹੈ। ਇਹ ਕੰਪਨੀਆਂ ਹਨ : (1) ਵਿਦੇਸ਼ੀ ਕੰਪਨੀਆਂ ਦੀਆਂ ਸ਼ਾਖਾਵਾਂ (Foreign Branches) (2) ਵਿਦੇਸ਼ੀ ਕੰਟਰੋਲ ਅਧੀਨ ਰੁਪੈਆ ਕੰਪਨੀਆਂ (Foreign Controlled Rupee Companies) (3) ਅਸਿੱਧੇ ਕੰਟਰੋਲ ਅਧੀਨ ਕੰਪਨੀਆਂ (Companies Indirectly Controlled by foreigners.) ਇਹ ਕੰਪਨੀਆਂ ਭਾਰਤ ਦੇ ਆਧੁਨਿਕ ਖੇਤਰ ਦੇ ਵੱਖ ਵੱਖ ਹਿੱਸਿਆਂ ਵਿਚ ਕੰਮ ਕਰਦੀਆਂ ਹਨ। ਇਥੇ ਇਹ ਗੱਲ ਵਰਨਣਯੋਗ ਹੈ ਕਿ ਤਿੰਨ ਢੰਗ ਜਿਨ੍ਹਾਂ ਨਾਲ ਵਿਦੇਸ਼ੀ ਸਰਮਾਇਆ ਭਾਰਤ ਵਿਚ ਆਇਆ ਹੈ ਉਸ ਦਾ ਮੁਖ ਸੋਮਾਂ ਇਕ ਹੀ ਹੈ। ਇਹ ਹਨ ਵਿਕਸਤ ਪੂੰਜੀਵਾਦੀ ਦੇਸ਼ ਜਿਨ੍ਹਾਂ ਦੀ ਅਗਵਾਈ ਅਮਰੀਕਾ ਅਤੇ ਸੰਸਾਰ ਪੱਧਰ 'ਤੇ ਸੰਸਾਰ ਬੈਂਕ ਰਾਹੀਂ ਹੋ ਰਹੀ ਹੈ। ਸਰਕਾਰਾਂ ਰਾਹੀਂ ਕਰਜ਼ੇ ਅਤੇ ਸੀਮਤ ਗਰਾਟਾਂ ਦਾ ਮੁਖ ਉਦੇਸ਼ ਭਾਰਤ ਵਿਚ ਵਿਦੇਸ਼ੀ ਸਰਮਾਏ ਨੂੰ ਸਿੱਧੇ ਰੂਪ ਵਿਚ ਲਗਣ ਵਿਚ ਸਹੂਲਤ ਦੇਣਾ ਅਤੇ ਉਸ ਵਾਸਤੇ ਠੀਕ ਵਾਤਾਵਰਣ ਬਣਾਉਣਾ ਹੈ। ਇਸ ਦੇ ਇਲਾਵਾ ਓਪਰੀ ਨਜ਼ਰੇ ਵੇਖਣ ਤੋਂ ਵੀ ਇਹ ਨਜ਼ਰ ਆਉਂਦਾ ਹੈ ਕਿ ਵਿਦੇਸ਼ੀ ਸਰਮਾਏ ਦੇ ਮੁਖ ਸਰੋਤ ਅੱਡ ਅੱਡ ਹਨ, ਪਰ ਅਸਲ ਵਿਚ ਇਸ ਦਾ ਸੋਮਾਂ ਇਕ ਹੀ ਹੈ। ਪੱਛਮੀ ਸਰਕਾਰਾਂ ਜੋ ਭਾਰਤ ਸਰਕਾਰ ਨੂੰ ਕਰਜ਼ੇ ਦਿੰਦੀਆਂ ਹਨ ਉਸ ਦਾ ਸੋਮਾਂ ਉਥੋਂ ਦੀ ਸਰਮਾਏਦਾਰੀ, ਬਹੁਕੌਮੀ ਕਾਰਪੋਰੇਸ਼ਨਾਂ ਦੀਆਂ ਵਿੱਤ ਸੰਸਥਾਵਾਂ ਹਨ ਤੇ ਜਾਂ ਉਨ੍ਹਾਂ ਦੀ ਮਦਦ ਨਾਲ ਅਤੇ ਉਨ੍ਹਾਂ ਦੀ ਮਦਦ ਵਾਸਤੇ ਬਣਾਈਆਂ ਸੰਸਥਾਵਾਂ ਹਨ। ਇਸੇ ਤਰ੍ਹਾਂ ਸੰਸਾਰ ਬੈਂਕ ਗਰੁਪ ਜੋ ਕਰਜ਼ੇ ਦਿੰਦਾ ਹੈ ਉਸ ਦਾ ਮੁਖ ਸਰੋਤ ਵੀ ਪੱਛਮੀ ਦੇਸ਼ਾਂ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਅਤੇ ਵਿੱਤ ਸੰਸਥਾਵਾਂ ਹੀ ਹਨ। ਜੋ ਸਰਮਾਇਆ ਸਿੱਧੇ ਰੂਪ ਵਿਚ ਭਾਰਤ ਵਿਚ ਲੱਗ ਰਿਹਾ ਹੈ, ਉਸ ਦਾ ਸਿੱਧੇ ਰੂਪ ਵਿਚ ਸਰੋਤ ਪੱਛਮੀ ਦੇਸ਼ਾਂ ਦੀਆਂ ਬਹੁ ਕੌਮੀ ਕਾਰਪੋਰੇਸ਼ਨਾਂ ਹੀ ਹਨ। ਇਸ ਤਰ੍ਹਾਂ ਭਾਵੇਂ ਵੇਖਣ ਨੂੰ ਇਹ ਅੱਡ ਅੱਡ ਨਜ਼ਰ ਆਉਂਦੇ ਹਨ ਪਰ ਇਨ੍ਹਾਂ ਦਾ ਆਧਾਰ ਇਕ ਹੀ ਹੈ ਅਤੇ ਇਹ ਤਿੰਨੇ ਹੀ ਨਵਸਾਮਰਾਜਵਾਦ ਦੇ ਪ੍ਰਤੀਕ ਹਨ। ਇਸ ਆਧਾਰ 'ਤੇ ਅਸੀਂ ਭਾਰਤ ਵਿਚ ਵਿਦੇਸ਼ੀ ਸਰਮਾਏ ਅਤੇ ਸੰਸਥਾਵਾਂ ਦੇ ਰੋਲ ਦੇ ਦੋ ਪੜਾਅ ਵੇਖਦੇ ਹਾਂ: (1) ਪਹਿਲਾ ਪੜਾਅ 1958 ਤੱਕ (2) ਦੂਜਾ ਪੜਾਅ 1958 ਤੋਂ ਬਾਅਦ। ਪਹਿਲੇ ਪੜਾਅ ਵਿਚ ਸਭ ਤੋਂ ਵਧ ਰੋਲ ਵਿਦੇਸ਼ੀ ਸਰਕਾਰਾਂ ਅਤੇ ਉਨ੍ਹਾਂ ਦੁਆਰਾ ਕਰਜ਼ਿਆਂ ਦਾ ਸੀ। ਸਿੱਧੇ ਰੂਪ ਵਿਚ ਵਿਦੇਸ਼ੀ ਸਰਮਾਇਆ ਘਟ ਮਿਕਦਾਰ ਵਿਚ ਆਇਆ ਅਤੇ ਕੌਮਾਂਤਰੀ ਵਿੱਤ ਸੰਸਥਾਵਾਂ ਦਾ ਰੋਲ ਵੀ ਸੰਸਾਰ ਪੱਧਰ 'ਤੇ ਨਹੀਂ ਸੀ ਵਧਿਆ। ਪਰ 1958 ਤੋਂ ਬਾਅਦ ਸਰਕਾਰਾਂ ਦਾ ਰੋਲ ਵੀ ਸਿੱਧੇ ਰੂਪ ਵਿਚ ਘਟ ਗਿਆ ਅਤੇ ਕੌਮਾਂਤਰੀ ਵਿੱਤ ਸੰਸਥਾਵਾਂ ਦਾ ਰੋਲ ਵਧ ਗਿਆ। ਸਰਕਾਰਾਂ ਦੇ ਸਾਧਨ ਕੌਮਾਂਤਰੀ ਵਿੱਤ ਸੰਸਥਾਵਾਂ ਰਾਹੀਂ ਆਉਣ ਲੱਗੇ ਅਤੇ ਇਸ ਨਾਲ ਸਿੱਧੇ ਰੂਪ ਵਿਚ ਬਦੇਸ਼ੀ ਸਰਮਾਇਆ ਤੇਜ਼ੀ ਨਾਲ ਆਉਣਾ ਸ਼ੁਰੂ ਹੋ ਗਿਆ। —ਚਲਦਾ

---

1. Report of the Fiscal Commission 1949-50 Vol, I, Government of India, pp. 417-18.



2. Michael Kidron, Foreign Investment in India, Oxford University Press, 1965, p. 101.

3. Report of Fiscal Commission 1949-50 op. cit. p. 416.

4. Michael Kidron, op. cit. pp. 103—110.

5. Ibid., pp. 152-156.

6. Ibid., pp. 156-60.

7. K.K. Subramanian, Role of Foreign Aid and Investment, Social Scientist, January 1973.

8. P. Mohanan Pillai, Foreign Collaboration in Public Sector, Economic And Political Weekly, May 27, 1978.

M.R. Ravi, Public Sector and Socialism, Frontier, September 16, 1978.

9. Government of India, Third Five Year Plan, Fourth Five Year Plan, Fifth Plan, Economic Survey, 1977-78.

10. N.K. Chandra, Foreign Capital in India, Social Scientist, April, 1977.

---

ਸੇਧ ਸੀਰੀਜ਼-1

## ਭਾਰਤ ਵਿਚ ਕਮਿਊਨਿਸਟ ਲਹਿਰ

ਭਾਰਤ ਦੇ ਉਘੇ ਕਮਿਊਨਿਸਟ ਨੇਤਾ ਕੇ. ਦਾਮੋਦਰਨ ਦੀ ਪੁਸਤਕਾਂ 'ਇਕ ਕਮਿਊਨਿਸਟ ਦੀਆਂ ਯਾਦਾਂ।'

ਸੇਧ ਦੇ ਏਜੰਟਾਂ ਕੋਲੋਂ ਪ੍ਰਾਪਤ ਕਰੋ ਜਾਂ ਸਿਧਿਆਂ ਸਾਨੂੰ ਲਿਖੋ।

ਮੁੱਲ : ਇਕ ਰੁਪੈਆ

---

## ਸਿੱਖ ਲਹਿਰ

ਲੇਖਕ : ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ ਅਤੇ ਉਸ ਦੇ ਜਮਾਤੀ ਪੈਂਤੜੇ ਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ

ਆਰਸੀ ਪਬਲਿਸ਼ਰਜ਼ ਦੀ ਇਹ ਪੁਸਤਕ ਸੇਧ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਚਮਨ ਲਾਲ ਪ੍ਰਭਾਕਰ

## ਨਾਵਲ ਅਤੇ ਇਤਿਹਾਸਕ-ਸਮਾਜਕ ਯਥਾਰਥ ਦਾ ਸੰਬੰਧ

ਸਾਹਿਤ ਆਪਣੇ ਭਿੰਨ ਭਿੰਨ ਰੂਪਾਂ ਵਿਚ ਜ਼ਿੰਦਗੀ ਨੂੰ ਮੁੜ ਸਿਰਜਦਾ ਹੈ । ਅਸਲ ਵਿਚ ਸਾਹਿਤ ਦੇ ਜਾਂ ਹੋਰ ਕਲਾਵਾਂ ਦੇ ਜਿੰਨੇ ਵੀ ਰੂਪ, ਸੰਸਕ੍ਰਿਤੀ ਦੇ ਸ਼ੁਰੂ ਤੋਂ ਲੈ ਕੇ ਅੱਜ ਤਕ ਮਿਲਦੇ ਹਨ, ਉਹ ਜ਼ਿੰਦਗੀ ਦੀਆਂ ਆਪਣੀਆਂ ਅੰਦਰੂਨੀ ਲੋੜਾਂ ਤੋਂ ਪੈਦਾ ਅਤੇ ਵਿਗਸਤ ਹੋਏ ਹਨ । ਜ਼ਿੰਦਗੀ ਨੂੰ ਮੁੜ ਸਿਰਜਣ ਲਈ ਜ਼ਿੰਦਗੀ ਦਾ ਗਿਆਨ, ਜ਼ਿੰਦਗੀ ਦੀ ਸਮਝ, ਦੂਜੇ ਸ਼ਬਦਾਂ ਵਿਚ ਜੀਵਨ ਯਥਾਰਥ ਦੀ ਪਕੜ ਪਹਿਲੀ ਤੇ ਲੋੜੀਂਦੀ ਸ਼ਰਤ ਹੈ । ਜਿਵੇਂ ਜਿਵੇਂ ਜ਼ਿੰਦਗੀ ਨੇ ਅਰਥਾਤ ਜ਼ਿੰਦਗੀ ਜਿਊਣ ਵਾਲੇ ਮਨੁੱਖੀ ਸਮਾਜ ਨੇ ਜ਼ਿੰਦਗੀ ਨੂੰ ਬਦਲਿਆ ਹੈ, ਸਾਹਿਤ ਅਤੇ ਹੋਰ ਕਲਾ ਰੂਪਾਂ ਦੀ ਲੋੜ ਮਹਿਸੂਸ ਹੋਈ ਹੈ । ਮਾਰਕਸ ਦਾ ਇਹ ਕਥਨ ਸਹੀ ਹੈ ਕਿ ਮਨੁੱਖ ਜਾਤੀ ਆਪਣੇ ਸਾਹਮਣੇ ਕਦੀ ਵੀ ਅਜਿਹਾ ਉਦੇਸ਼ ਨਹੀਂ ਰਖਦੀ, ਜਿਸ ਨੂੰ ਪੂਰਾ ਕਰਨ ਦੇ ਉਹ ਸਮਰਥ ਨਾ ਹੋਵੇ । ਜਦ ਵੀ ਮਨੁੱਖੀ ਸਮਾਜ ਦੀਆਂ ਅੰਦਰੂਨੀ ਲੋੜਾਂ ਮੁਤਾਬਕ ਨਵੇਂ ਸਾਹਿਤ ਰੂਪਾਂ ਨੂੰ ਜਿਰਜਣ ਦਾ ਉਦੇਸ਼ ਮਨੁੱਖ ਜਾਤੀ ਸਾਹਮਣੇ ਆਇਆ, ਮਨੁੱਖ ਜਾਤੀ ਨੇ ਉਸ ਉਦੇਸ਼ ਨੂੰ ਪੂਰਾ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ । ਮੁੱਢਲੇ ਮਨੁੱਖੀ ਸਮਾਜ ਵਿਚ ਸਮੂਹਕ ਲੋਕ-ਨਾਚ, ਲੋਕ-ਗੀਤ, ਜਾਦੂ-ਟੂਨਾ ਗੀਤ ਆਦਿ ਕਲਾਵਾਂ ਤੇ ਸਾਹਿਤ ਦੇ ਰੂਪ ਪ੍ਰਚਲਤ ਸਨ । ਜਦ ਮਨੁੱਖੀ ਸਮਾਜ ਨੇ ਆਪਣੇ ਆਪ ਨੂੰ ਢਾਂਚੇ ਵਿਚ ਢਾਲਿਆ, ਗੁਲਾਮ ਜੁਗ ਅਤੇ ਉਸ ਤੋਂ ਮਗਰੋਂ ਜਗੀਰੂ ਵਿਵਸਥਾ ਨੇ ਸਥਿਰ ਰੂਪ ਧਾਰਿਆ ਤਾਂ ਉਹਨਾਂ ਹਾਲਾਤਾਂ ਅਨੁਸਾਰ ਸਾਹਿਤ ਅਤੇ ਹੋਰ ਕਲਾਵਾਂ ਨੇ ਵੀ ਆਪਣੇ ਸਮੇਂ ਦੀਆਂ ਲੋੜਾਂ ਮੁਤਾਬਕ ਨਵੇਂ ਰੂਪ ਗ੍ਰਹਿਣ ਕੀਤੇ, ਹਰ ਯੁਗ ਵਿਚ ਇਕ ਅਜਿਹਾ ਪ੍ਰਤੀਨਿਧੀ ਸਾਹਿਤ ਰੂਪ ਪੇਸ਼ ਹੁੰਦਾ ਰਿਹਾ ਹੈ, ਜਿਸ ਵਿਚ ਉਸ ਯੁਗ ਦੀ ਜ਼ਿੰਦਗੀ ਨੂੰ, ਉਸ ਵੇਲੇ ਦੇ ਯਥਾਰਥ ਨੂੰ ਵਧ ਤੋਂ ਵਧ ਸਮੱਗਰ ਤੇ ਵਧ ਤੋਂ ਵਧ ਪੂਰਨ ਰੂਪ ਵਿਚ ਪ੍ਰਗਟ ਕੀਤਾ ਜਾ ਸਕੇ । ਪਰ ਕਿਸੇ ਵੀ ਯੁਗ ਵਿਚ, ਕੋਈ ਵੀ ਸਾਹਿਤ ਰੂਪ ਤਾਂ ਹੀ ਉੱਚ ਅਤੇ ਪੂਰਨ ਬਣ ਸਕਦਾ ਹੈ ਜਦ ਉਸ ਯੁਗ ਦੇ ਸਾਹਿਤਕਾਰ ਦੀ ਆਪਣੇ ਸਮੇਂ ਦੇ ਜੀਵਨ-ਯਥਾਰਥ ਦੀ ਪਕੜ ਡੂੰਘੀ ਅਤੇ ਬਹੁ-ਤੈਹੀ ਹੁੰਦੀ ਹੈ ।

ਪੂਰਵ-ਪੂੰਜੀਵਾਦੀ ਕਾਲ ਵਿਚ ਮਹਾਕਾਵਿ ਅਜਿਹਾ ਸਾਹਿਤ ਰੂਪ ਸੀ, ਜਿਸ ਵਿਚ ਜ਼ਿੰਦਗੀ ਨੂੰ ਉਸ ਦੀ ਸਮੱਗਰਤਾ ਅਤੇ ਪੂਰਨਤਾ ਨਾਲ ਪ੍ਰਗਟ ਕੀਤੇ ਜਾਣ ਦਾ ਜਤਨ ਕੀਤਾ ਜਾਂਦਾ ਰਿਹਾ ਹੈ । ਹੁਣ ਤਕ ਜਿੰਨੇ ਵੀ ਸਾਹਿਤ ਰੂਪ ਵਿਗਸਤ ਹੋਏ ਹਨ, ਉਹਨਾਂ ਸਾਰਿਆਂ ਵਿਚੋਂ ਸ਼ਾਇਦ ਮਹਾਕਾਵਿ ਹੀ ਇਕ ਅਜਿਹਾ ਸਾਹਿਤ ਰੂਪ ਰਿਹਾ ਹੈ, ਜੋ ਜ਼ਿੰਦਗੀ ਨੂੰ ਉਸ ਦੀ ਸਮੱਗਰਤਾ ਵਿਚ ਪੇਸ਼ ਕਰ ਸਕਣ ਵਿਚ ਸਭ ਤੋਂ ਵਧ ਸਫਲ ਸਿੱਧ ਹੋਇਆ ਹੈ । ਪਰ ਮਹਾਕਾਵਿ ਦੀ ਇਹ ਸਫਲਤਾ ਪੂਰਵ-



ਪੂੰਜੀਵਾਦੀ ਯੁਗ ਤਕ ਹੀ ਸੰਭਵ ਸੀ ਕਿਉਂਕਿ ਉਸ ਕਾਲ ਦੀ ਜ਼ਿੰਦਗੀ ਮੁਕਾਬਲਤਨ ਘੱਟ ਜਟਿਲ ਸੀ, ਉਸ ਦੇ ਅੰਤਰ-ਵਿਰੋਧ ਵਧ ਸਪੱਸ਼ਟ ਸਨ ਅਤੇ ਉਹ ਮੁਕਾਬਲਤਨ ਇਕ ਸੰਤੁਲਤ ਸਮਾਜ-ਵਿਵਸਥਾ ਸੀ ।[1] ਵਿਅਕਤੀਗਤ ਪੱਧਰ 'ਤੇ ਵਿਅੱਕਤੀਤਵ ਦਾ ਖਿੰਡਾਅ ਇਸ ਤਰ੍ਹਾਂ ਨਹੀਂ ਹੋਇਆ ਸੀ, ਜਿਸ ਤਰ੍ਹਾਂ ਪੂੰਜੀਵਾਦੀ ਯੁਗ ਵਿਚ ਆ ਕੇ ਹੋਇਆ । ਉਸ ਸਮਾਜ-ਵਿਵਸਥਾ ਵਿਚ ਬਣੇ ਮਨੁੱਖੀ ਵਿਅੱਕਤੀਤਵ ਨੂੰ ਪੇਸ਼ ਕਰਨ ਵਿਚ ਮਹਾਕਾਵਿ ਇਕ ਸਫਲ ਮਾਧਿਅਮ ਰਿਹਾ ਹੈ ਅਤੇ ਪੱਛਮ ਵਿਚ ਹੋਮਰ ਦਾ 'ਇਲੀਅਡ' ਤੇ 'ਓਡੇਸੀ', ਮਿਲਟਨ ਦਾ 'ਪੈਰਾਡਾਈਜ਼ ਲਾਸਟ' ਤੇ 'ਪੈਰਾਡਾਈਜ਼ ਰੀਗੇਨਡ' ਦਾਂਤੇ ਦਾ 'ਦਿਵਾਇਨ ਕਾਮਦੀ' ਅਤੇ ਹਿੰਦੁਸਤਾਨ ਵਿਚ 'ਰਾਮਾਇਣ, 'ਮਹਾਭਾਰਤ', ਤੁਲਸੀ ਦਾ 'ਰਾਮਚਰਿਤ ਮਾਨਸ' ਜਾਇਸੀ, ਦਾ 'ਪਦਮਾਵਤ' ਆਦਿ ਇਸ ਦੇ ਉੱਤਮ ਉਦਾਹਰਣ ਹਨ ।

ਪੂੰਜੀਵਾਦੀ ਯੁਗ ਵਿਚ ਦਾਖਲ ਹੋਣ ਦੇ ਨਾਲ ਨਾਲ ਸਮਾਜ-ਵਿਵਸਥਾ ਦੀਆਂ ਗੁੰਝਲਾਂ ਵਧਦੀਆਂ ਗਈਆਂ ਸਨ ਅਤੇ ਇਕ ਪੱਧਰ 'ਤੇ ਉਹਨਾਂ ਨੂੰ ਕਾਵਿ ਵਿਚ ਪ੍ਰਗਟ ਕਰ ਸਕਣਾ ਸੰਭਵ ਨਹੀਂ ਸੀ ਰਹਿ ਗਿਆ । ਸੋ ਗੱਦ ਦਾ ਵਿਕਾਸ ਹੋਇਆ, ਦੂਜੀ ਪੱਧਰ 'ਤੇ ਗੱਦ ਵਿਚ ਵੀ ਉਹਨਾਂ ਦੇ ਕਲਾਤਮਕ ਪ੍ਰਗਟਾ ਲਈ ਮਹਾਕਾਵਿ ਵਰਗੇ ਇਕ ਵਿਸ਼ਾਲ ਸਾਹਿਤ ਰੂਪ ਦੀ ਸਿਰਜਣਾ ਇਕ ਲੋੜ ਬਣ ਗਈ ਸੀ । ਏਸ ਲੋੜ ਨੂੰ ਪੂਰਾ ਕਰਨ ਲਈ ਨਾਵਲ ਨਾਮੀ ਸਾਹਿਤ ਰੂਪ ਹੋਂਦ ਵਿਚ ਆਇਆ ।

ਨਾਵਲ ਦਾ ਜਨਮ ਸਮਾਜਕ ਵਿਕਾਸ ਦੀ ਇਕ ਖਾਸ ਸਥਿਤੀ—ਪੂੰਜੀਵਾਦ—ਵਿਚ ਆ ਕੇ ਹੋਇਆ । ਪਰ ਜਿਵੇਂ ਸਮਾਜਕ ਖੇਤਰ ਵਿਚ ਹਰ ਯੁਗ ਆਪਣੇ ਤੋਂ ਪਹਿਲੇ ਯੁਗ ਦੇ 'ਨਿਖੇਧ ਦਾ ਨਿਖੇਧ' ਹੁੰਦਾ ਹੈ, ਇਸੇ ਤਰ੍ਹਾਂ ਸਾਹਿਤ ਰੂਪ ਵੀ ਆਪਣੇ ਰੂਪਾਂ ਵਿਚ ਪਿਛਲੇ ਰੂਪਾਂ ਦੀ ਪਰੰਪਰਾ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੁੰਦੇ—ਸਗੋਂ ਨਵੇਂ ਯੁਗ ਅਤੇ ਪ੍ਰਗਟਾ ਦੀਆਂ ਸਮੱਸਿਆਵਾਂ ਮੁਤਾਬਕ, ਪੁਰਾਣੇ ਰੂਪ ਦੀਆਂ ਕੁਝ ਚੀਜ਼ਾਂ ਨੂੰ ਛੱਡਦਾ ਅਤੇ ਕੁਝ ਨਵਾਂ ਜੋੜ ਕੇ ਨਵਾਂ ਰੂਪ ਸਿਰਜਦਾ ਹੈ । ਨਾਵਲ ਨੇ ਮਹਾਕਾਵਿ ਦੀਆਂ ਬਹੁਤ ਸਾਰੀਆਂ ਚੀਜ਼ਾਂ ਛੱਡੀਆਂ ਪਰ ਉਸ ਦੀਆਂ ਕੁਝ ਵਿਸ਼ੇਸ਼ਤਾਵਾਂ ਨੂੰ ਵਿਗਸਤ ਕਰ ਕੇ ਨਵਾਂ ਰੂਪ ਦਿਤਾ । ਜਿਵੇਂ ਜ਼ਿੰਦਗੀ ਨੂੰ ਸਮੱਗਰਤਾ ਨਾਲ ਪੇਸ਼ ਕਰਨ ਦੀ ਮਹਾਂਕਾਵਿ ਦੀ ਵਿਸ਼ੇਸ਼ਤਾ ਨੂੰ ਨਾਵਲ ਨੇ ਨਵੇਂ ਯੁਗ ਦੀ ਲੋੜ ਅਨੁਸਾਰ ਨਵੇਂ ਰੂਪ ਵਿਚ ਵਿਗਸਤ ਕੀਤਾ ।

ਨਾਵਲ ਪ੍ਰਗਤੀਸ਼ੀਲ ਅਤੇ ਸਿਹਤਮੰਦ ਪੂੰਜੀਵਾਦੀ ਵਿਕਾਸ ਦੇ ਯੁਗ ਦਾ ਕਲਾਤਮਕ ਪ੍ਰਗਟਾ ਹੈ ਪਰ ਉਹ ਪਤਨਗ੍ਰਸੀ ਪੂੰਜੀਵਾਦੀ ਵਿਵਸਥਾ ਅਤੇ ਪ੍ਰਗਤੀਸ਼ੀਲ ਸਮਾਜਵਾਦੀ ਵਿਵਸਥਾ ਨੂੰ ਪੇਸ਼ ਕਰਨ ਵਿਚ ਵੀ ਪੂਰੀ ਤਰ੍ਹਾਂ ਸਫਲ ਮਾਧਿਅਮ ਸਿੱਧ ਹੋਇਆ ਹੈ । ਨਾਵਲ ਨੂੰ ਨਾ ਸਿਰਫ ਸਮਾਜਵਾਦੀ ਚਿੰਤਕਾਂ ਨੇ ਹੀ, ਸਗੋਂ ਦੂਜੇ ਸਾਹਿਤ ਚਿੰਤਕਾਂ ਨੇ ਵੀ ਸਮਕਾਲੀ ਯੁਗ ਵਿਚ ਯਥਾਰਥ ਨੂੰ ਪੇਸ਼ ਕਰਨ ਦਾ ਸਭ ਤੋਂ ਮਹੱਤਵਪੂਰਨ ਮਾਧਿਅਮ ਮੰਨਿਆ ਹੈ । ਇਥੇ ਅਸੀਂ ਜਾਰਜ ਲੂਕਾਚ ਦੀਆਂ ਨਾਵਲ ਸੰਬੰਧੀ ਧਾਰਨਾਵਾਂ 'ਤੇ, ਨਾਵਲ ਦੇ ਇਤਿਹਾਸਕ-ਸਮਾਜਕ ਯਥਾਰਥ ਨਾਲ ਸੰਬੰਧਾਂ ਦੇ ਪ੍ਰਸੰਗ ਵਿਚ, ਵਿਚਾਰ ਕਰਾਂਗੇ ।

**ਨਾਵਲ ਅਤੇ ਯਥਾਰਥ :** ਯਥਾਰਥ ਨੂੰ ਪੇਸ਼ ਕਰਨ ਦੇ ਪ੍ਰਸੰਗ ਵਿਚ ਰਾਲਫ ਫਾਕਸ ਨਾਵਲ ਨੂੰ ਮਹਾਂਕਾਵਿ ਦਾ ਹੀ ਅਗਲਾ ਵਿਕਾਸ ਮੰਨਦੇ ਹਨ । ਆਪਣੀ ਰਚਨਾ 'ਨਾਵਲ ਅਤੇ ਲੋਕ-ਜੀਵਨ' ਵਿਚ ਉਹਨਾਂ ਇਕ ਅਧਿਆਇ ਦਾ ਸਿਰਲੇਖ ਹੀ 'ਨਾਵਲ ਮਹਾਂਕਾਵਿ ਦੇ ਰੂਪ ਵਿਚ' ਰੱਖਿਆ ਹੈ । ਹੋਰ ਥਾਂਵਾਂ 'ਤੇ ਵੀ ਉਹ ਨਾਵਲ ਨੂੰ ਪੂੰਜੀਵਾਦੀ ਯੁਗ ਵਿਚ ਮਹਾਂਕਾਵਿ ਦੀ ਥਾਂ ਲੈਣ ਵਾਲਾ ਮੰਨਦੇ ਹਨ ।[2]

ਨਾਵਲ ਨੂੰ ਮਹਾਂਕਾਵਿ ਦੀ ਪੱਧਰ 'ਤੇ ਸਮਝਣ ਦਾ ਅਰਥ ਇਹ ਹੈ ਕਿ ਉਹ ਸਾਡੇ ਯੁਗ ਦਾ ਅਜਿਹਾ ਪ੍ਰਤੀਨਿਧ ਰੂਪ ਹੈ, ਜਿਸ ਵਿਚ ਯਥਾਰਥ ਨੂੰ ਵਧ ਤੋਂ ਵਧ ਸਮੱਗਰਤਾ ਅਤੇ ਪੂਰਨਤਾ ਨਾਲ ਪੇਸ਼ ਕੀਤਾ ਜਾਂਦਾ ਹੈ। ਹਰ ਮਹਾਨ ਕਲਾ ਦਾ ਸਭ ਤੋਂ ਪਹਿਲਾ ਅਤੇ ਸਭ ਤੋਂ ਵਧ ਮਹੱਤਵਪੂਰਨ ਉਦੇਸ਼ ਯਥਾਰਥ ਨੂੰ ਪੇਸ਼ ਕਰਨਾ ਹੀ ਹੁੰਦਾ ਹੈ। ਮਹਾਨ ਯਥਾਰਥਵਾਦੀ ਕਲਾਕਾਰ ਯਥਾਰਥ ਨੂੰ ਪੇਸ਼ ਕਰਨ ਲਈ ਜ਼ਿੰਦਗੀ ਦੀ ਸਚਾਈ ਨੂੰ ਸਮਝਣ ਦਾ ਜਤਨ ਕਰਦੇ ਹਨ, ਉਸ ਜੀਵਨ-ਸੱਚ ਨੂੰ, ਜੋ ਹਮੇਸ਼ਾਂ ਗਤੀਮਾਨ ਹੈ, ਜਾਨ-ਰਹਿਤ ਨਹੀਂ ਹੈ ਜਿਸ ਵਿਚ ਹਮੇਸ਼ਾ ਕੁਝ ਨਾ ਕੁਝ ਪੁਰਾਣਾ ਨਸ਼ਟ ਹੁੰਦਾ ਰਹਿੰਦਾ ਹੈ। ਏਸ ਨਿਰੰਤਰ ਗਤੀਮਾਨਤਾ ਵਿਚ ਜ਼ਿੰਦਗੀ ਨੂੰ ਪੇਸ਼ ਕਰ ਸਕਣਾ ਮਹਾਨ ਯਥਾਰਥਵਾਦੀ ਕਲਾਕਾਰਾਂ ਲਈ ਹੀ ਸੰਭਵ ਹੈ ਅਤੇ ਏਸ ਪੇਸ਼ਕਾਰੀ ਵਿਚ ਹੀ ਉਹਨਾਂ ਦੇ ਕਲਾਤਮਕ ਕੰਮ ਦੀ ਪੂਰਨਤਾ ਹੈ।[3] ਪ੍ਰਕਿਰਤੀਵਾਦੀ ਜਾਂ ਪੜ-ਯਥਾਰਥਵਾਦੀ ਕਲਾਕਾਰਾਂ ਦੀ ਦ੍ਰਿਸ਼ਟੀ ਦਾ ਦੋਸ਼ ਇਹ ਸੀ ਕਿ ਉਹ ਜ਼ਿੰਦਗੀ ਨੂੰ ਉਸ ਦੀ ਗਤੀਮਾਨਤਾ ਵਿਚ ਦੇਖ ਸਕਣ ਵਿਚ ਅਸਫਲ ਰਹੇ। ਉਹਨਾਂ ਜ਼ਿੰਦਗੀ ਨੂੰ ਅਬਦਲ ਚੀਜ਼ ਸਮਝ ਕੇ ਉਪਰਲੀਆਂ ਤੈਹਾਂ ਤੋਂ ਦੇਖਿਆ ਅਤੇ ਉਸ ਨੂੰ ਇਮਾਨਦਾਰੀ ਨਾਲ ਪੇਸ਼ ਕਰ ਦਿਤਾ। ਇਸ ਇਮਾਨਦਾਰ ਪੇਸ਼ਕਾਰੀ ਵਿਚ ਉਹਨਾਂ ਦੀ ਤਾਕਤ ਹੈ ਪਰ ਇਸੇ ਵਿਚ ਯਥਾਰਥ ਦਾ ਵਿਗਾੜ ਵੀ ਹੈ। ਪ੍ਰਕ੍ਰਿਤੀਵਾਦੀ ਕਲਾਕਾਰ ਅਤੇ ਯਥਾਰਥਵਾਦੀ ਕਲਾਕਾਰ ਦੇ ਫਰਕ ਨੂੰ ਏਂਗਲਜ਼ ਨੇ 'ਇਕ ਬਾਲਜ਼ਾਕ ਨੂੰ ਸਾਰਿਆਂ ਜ਼ੋਲਾਵਾਂ ਨਾਲੋਂ ਵਧੀਆ' ਮੰਨ ਕੇ ਆਪਣੇ ਕਥਨ ਨਾਲ ਦਰਸਾਇਆ ਹੈ।[4] ਜ਼ਿੰਦਗੀ ਹਮੇਸ਼ਾਂ ਅੰਤਰ-ਵਿਰੋਧਾਂ ਨਾਲ ਭਰੀ ਅਤੇ ਡਾਇਲੈਕਟਿਕ ਰਹੀ ਹੈ ਅਤੇ ਰਹੇਗੀ। ਜ਼ਿੰਦਗੀ ਦੀ ਡਾਇਲੈਕਟਿਕਸ ਵਿਚ ਹੀ ਉਸ ਦਾ ਵਿਕਾਸ, ਸਗੋਂ ਖ਼ੁਦ ਜ਼ਿੰਦਗੀ ਦੀ ਹੋਂਦ ਹੈ। ਜ਼ਿੰਦਗੀ ਵਿਚ ਅੰਤਰ-ਵਿਰੋਧਾਂ ਦੀ ਟੱਕਰ ਨਾਲ ਜ਼ਿੰਦਗੀ ਅਗੇ ਵਧਦੀ ਹੈ। ਇਹਨਾਂ ਟੱਕਰਾਂ ਨਾਲ ਕੁਝ ਅੰਤਰ-ਵਿਰੋਧ ਸੁਲਝ ਜਾਂਦੇ ਹਨ ਅਤੇ ਕੁਝ ਨਵੇਂ ਅੰਤਰ-ਵਿਰੋਧ ਪੈਦਾ ਹੋ ਜਾਂਦੇ ਹਨ ਅਤੇ ਇਹ ਲੜੀ ਇਸੇ ਤਰ੍ਹਾਂ ਚਲਦੀ ਰਹਿੰਦੀ ਹੈ ਅਤੇ ਜ਼ਿੰਦਗੀ ਉੱਚੀ ਤੋਂ ਉੱਚੀ ਉਠਦੀ ਜਾਂਦੀ ਹੈ। ਸਾਰੇ ਅੰਤਰ-ਵਿਰੋਧਾਂ ਦੀ ਪ੍ਰਕ੍ਰਿਤੀ ਇਕੋ ਜਿਹੀ ਨਹੀਂ ਹੁੰਦੀ। ਕੁਝ ਅੰਤਰ-ਵਿਰੋਧ ਵਿਰੋਧੀ ਤਾਕਤ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਕੇ ਹੀ ਸੁਲਝਾਏ ਜਾਂਦੇ ਹਨ ਅਤੇ ਕੁਝ ਅੰਤਰ-ਵਿਰੋਧਾਂ ਨੂੰ ਗਲ ਬਾਤ ਦੇ ਤਰੀਕੇ ਨਾਲ ਵੀ ਸੁਲਝਾ ਲਿਆ ਜਾਂਦਾ ਹੈ।

ਕਲਾ, ਜ਼ਿੰਦਗੀ ਨੂੰ ਏਸ ਗੁੰਝਲ ਅਤੇ ਡੂੰਘਾਈ ਨਾਲ ਉਸ ਦੀ ਸਰਬ-ਪੱਖੀ ਪੂਰਨਤਾ ਨਾਲ ਸਮਝਣ ਦੀ ਕੋਸ਼ਿਸ਼ ਕਰਦੀ ਹੈ। ਉਹ ਯਥਾਰਥ ਨੂੰ ਉਸ ਦੀ ਉਪਰਲੀ ਅਤੇ ਵਿਖਾਈ ਦੇਣ ਵਾਲੀ ਤਹਿ ਤਕ ਹੀ ਸੀਮਤ ਨਹੀਂ ਰੱਖਦੀ, ਉਹ ਉਸ ਦੀ ਵਿਖਾਈ ਦੇਣ ਵਾਲੀ ਤਹਿ ਦੀ ਹੇਠਲੀ ਡੂੰਘਾਈ ਤਕ ਜਾ ਕੇ ਉਸ ਦੀ ਪੜਤਾਲ ਕਰਦੀ ਹੈ, ਨਾਲ ਹੀ ਉਹ ਯਥਾਰਥ ਨੂੰ ਵਾਤਾਵਰਣ ਨਾਲੋਂ ਵਖਰੇ ਜਾਂ ਉਸ ਦੇ ਵਿਰੋਧ ਵਿਚ ਅਮੂਰਤ ਰੂਪ ਵਿਚ ਨਹੀਂ ਸਗੋਂ ਉਸ ਦੀ ਗਤੀਮਾਨ ਡਾਇਲੈਕਟਿਕ ਪ੍ਰਕ੍ਰਿਆ ਵਿਚ ਪੇਸ਼ ਕਰਦੀ ਹੈ, ਜਿਸ ਵਿਚ ਯਥਾਰਥ ਵਾਤਾਵਰਣ ਵਿਚ ਆਪਣਾ ਬਾਹਰੀ ਅਤੇ ਉਪਰ ਵਿਖਾਈ ਦੇਣ ਵਾਲਾ ਰੂਪ ਧਾਰਨ ਕਰਦਾ ਹੈ। ਯਥਾਰਥ ਨੂੰ ਉਸ ਦੇ ਗਤੀਮਾਨ ਅਤੇ ਜਿਉਂਦੇ ਰੂਪ ਵਿਚ ਤਾਂ ਹੀ ਪੇਸ਼ ਕੀਤਾ ਜਾ ਸਕਦਾ ਹੈ ਜਦ ਲੇਖਕ ਪੂਰੀ ਲਗਨ ਨਾਲ ਯਥਾਰਥ ਨੂੰ ਉਸ ਦੇ ਵਸਤੂਗਤ ਰੂਪ ਵਿਚ ਸਮਝਣ ਦਾ ਜਤਨ ਕਰਦਾ ਹੈ।[5] ਯਥਾਰਥ ਪੇਸ਼ਕਾਰੀ ਦੀ ਅਸਲੀਅਤ ਇਸ ਤੱਥ ਵਿਚ ਵੀ ਹੈ ਕਿ ਯਥਾਰਥ ਦਾ ਸਭ ਤੋਂ ਡੂੰਘਾ ਸਾਰ ਤੱਤ ਇਹ ਹੈ ਕਿ ਯਥਾਰਥ, ਸੰਪੂਰਨ ਯਥਾਰਥ ਦਾ ਮਹਿਜ਼ ਇਕ ਹਿੱਸਾ ਹੀ ਹੁੰਦਾ ਹੈ ਅਤੇ ਇਸ ਹਿੱਸੇ ਨੂੰ ਵੀ ਮਹਾਨ ਪ੍ਰਤਿਭਾਵਾਨ ਕਲਾਕਾਰ ਹੌਲੀ ਹੌਲੀ ਗ੍ਰਹਿਣ ਕਰਦੇ ਹਨ। ਇਹ ਵਸਤੂਗਤ ਯਥਾਰਥ ਕੋਈ ਖਿੰਡੀ



ਬੱਦਲਵਾਦੀ ਨਹੀਂ ਹੁੰਦੀ, ਸਗੋਂ ਇਕ ਵਿਸ਼ੇਸ਼ ਆਮ ਦਿਸ਼ਾ ਵਲ ਵਧ ਰਹੀ ਇਨਕਲਾਬੀ ਪ੍ਰਕ੍ਰਿਆ ਹੁੰਦੀ ਹੈ।

ਨਾਵਲ ਵਿਚ ਪੇਸ਼ ਯਥਾਰਥ ਇਤਿਹਾਸਕ ਅਤੇ ਸਮਾਜਕ ਇਕੋ ਵੇਲੇ ਹੁੰਦਾ ਹੈ। ਸਮਾਜਕ ਇਸ ਲਈ, ਕਿਉਂਕਿ ਉਹ ਕਿਸੇ ਸਮਾਜ ਵਿਸ਼ੇਸ਼ ਨੂੰ ਪੇਸ਼ ਕਰ ਰਹਾ ਹੁੰਦਾ ਹੈ ਅਤੇ ਇਤਿਹਾਸਕ ਇਸ ਲਈ ਕਿ ਉਹ ਉਸ ਸਮਾਜ ਨੂੰ ਉਸ ਦੇ ਇਤਿਹਾਸਕ ਵਿਕਾਸ ਕ੍ਰਮ ਵਿਚ ਪੇਸ਼ ਕਰ ਰਿਹਾ ਹੁੰਦਾ ਹੈ, ਨਾ ਕਿ ਖਿੰਡੇ ਰੂਪ ਵਿਚ। ਪਰ ਨਾਵਲ ਦੇ ਖੇਤਰ ਵਿਚ ਕੁਝ ਨਾਵਲ ਪ੍ਰਾਚੀਨ ਕਾਲ ਨੂੰ ਲੈ ਕੇ ਉਸ ਵੇਲੇ ਦੇ ਇਤਿਹਾਸਕ ਰੂਪ ਨੂੰ ਦਿਖਾਉਣ ਲਈ ਵੀ ਲਿਖੇ ਜਾਂਦੇ ਹਨ। ਇਸ ਲਈ ਉਹਨਾਂ ਨੂੰ 'ਇਤਿਹਾਸਕ ਨਾਵਲ' ਦਾ ਨਾਂ ਦਿਤਾ ਜਾਂਦਾ ਹੈ। ਨਾਵਲ ਵਿਚ ਇਤਿਹਾਸਕ ਯਥਾਰਥ ਨੂੰ ਪ੍ਰਗਟ ਕਰਨ ਦੀਆਂ ਸੰਭਾਵਨਾਵਾਂ ਸਾਹਿਤ ਦੇ ਹੋਰ ਰੂਪਾਂ ਨਾਲੋਂ ਵਧ ਹਨ ਕਿਉਂਕਿ ਨਾਵਲ ਵਿਚ ਬੀਤੇ ਇਤਿਹਾਸ ਦੀ ਜ਼ਿੰਦਗੀ ਨੂੰ ਡੂੰਘਾਈ ਨਾਲ ਦੇਖ ਸਕਣਾ ਸੰਭਵ ਹੈ। ਨਾਵਲ ਕਿਉਂਕਿ ਇਤਿਹਾਸ ਨਹੀਂ, ਸਗੋਂ ਕਲਾਤਮਕ ਰੂਪ ਵਿਚ ਇਤਿਹਾਸਕ ਕਾਲ ਦੀ ਸਿਰਜਣਾ ਹੈ, ਇਸ ਲਈ ਉਸ ਵਿਚ ਗਿਣਤੀ-ਮਿਣਤੀ ਜਾਂ ਤੱਥ ਆਧਾਰਤ ਘਟਨਾਵਾਂ ਏਨੀਆਂ ਲੋੜੀਂਦੀਆਂ ਨਹੀਂ ਹਨ, ਜਿਨਾਂ ਉਸ ਕਾਲ ਦੀ ਜ਼ਿੰਦਗੀ ਨੂੰ ਜਿਉਂਦੇ ਜਾਗਦੇ ਰੂਪ ਵਿਚ ਮੁੜ ਸਿਰਜਣਾ। ਉਸ ਕਾਲ ਦੇ ਆਮ ਲੋਕ-ਜੀਵਨ, ਮਨੁੱਖੀ ਸੰਬੰਧਾਂ, ਵਿਅਕਤੀਤਵ ਦੇ 'ਟਾਈਪ' ਆਦਿ ਦੀ ਡੂੰਘੀ ਸਮਝ ਵਿਚ ਹੀ ਇਤਿਹਾਸਕ ਨਾਵਲ ਦੀ ਸਫਲਤਾ ਲੁਕੀ ਹੁੰਦੀ ਹੈ। ਇਤਿਹਾਸਕ ਨਾਵਲ ਵਿਚ ਇਤਿਹਾਸਕ ਘਟਨਾਵਾਂ ਦੇ ਵਰਨਣ ਨਾਲੋਂ ਵਧ ਮਹੱਤਵਪੂਰਨ ਹੈ — ਉਹਨਾਂ ਘਟਨਾਵਾਂ ਨਾਲ ਜੁੜੀਆਂ ਮਨੁੱਖੀ ਸ਼ਖ਼ਸੀਅਤਾਂ ਦੀ ਮਾਨਸਕਤਾ, ਉਹਨਾਂ ਦੀਆਂ ਸੰਭਵ ਪ੍ਰਤੀਕ੍ਰਿਆਵਾਂ। ਉਹਨਾਂ ਪਾਤਰਾਂ ਨੇ ਉਸ ਯੁਗ ਵਿਚ ਕਿਸ ਤਰ੍ਹਾਂ ਸੋਚਿਆ ਅਤੇ ਮਹਿਸੂਸ ਕੀਤਾ ਹੋਵੇਗਾ, ਉਹਨਾਂ ਦੇ ਸਮਾਜਕ ਅਤੇ ਮਨੁੱਖੀ ਉਦੇਸ਼ਾਂ ਤਕ ਲੇਖਕ ਦੀ ਕਲਪਨਾ ਦਾ ਪਹੁੰਚਣਾ ਜ਼ਰੂਰੀ ਹੈ। ਇਤਿਹਾਸਕ ਨਾਵਲਕਾਰ ਲਈ ਜ਼ਰੂਰੀ ਹੈ ਕਿ ਉਹ ਆਪਣੇ ਕਲਾਤਮਕ ਮਾਧਿਅਮ ਰਾਹੀਂ ਇਤਿਹਾਸਕ ਹਾਲਤਾਂ ਅਤੇ ਪਾਤਰਾਂ ਦੀ ਸਿਰਜਣਾ ਕਰੇ। ਉਹ ਇਹ ਦਿਖਾਵੇ ਕਿ ਉਹਨਾਂ ਇਤਿਹਾਸਕ ਹਾਲਤਾਂ ਵਿਚ ਉਹਨਾਂ ਘਟਨਾਵਾਂ ਦੇ ਪਾਤਰ ਕਿਸ ਤਰ੍ਹਾਂ ਵਿਹਾਰ ਕਰ ਰਹੇ ਸਨ। ਉਸ ਕਾਲ ਦੀ ਜ਼ਿੰਦਗੀ ਦੀਆਂ ਗੁੰਝਲਾਂ ਅਤੇ ਅੰਤਰ-ਵਿਰੋਧ ਕਿਸ ਤਰ੍ਹਾਂ ਦੇ ਸਨ ਅਤੇ ਉਹਨਾਂ ਗੁੰਝਲਾਂ ਅਤੇ ਅੰਤਰ-ਵਿਰੋਧਾਂ ਵਿਚ ਜ਼ਿੰਦਗੀ ਦਾ ਵਿਕਾਸ ਕਿਸ ਤਰ੍ਹਾਂ ਹੋ ਰਿਹਾ ਸੀ।

ਨਾਵਲ ਜਾਂ ਹੋਰ ਕਲਾ ਰੂਪਾਂ ਵਿਚ ਯਥਾਰਥ ਦੀ ਪੇਸ਼ਕਾਰੀ ਸੰਬੰਧੀ ਚਰਚਾ ਕਰਦਿਆਂ ਇਕ ਤੱਥ ਹਮੇਸ਼ਾਂ ਲੇਖਕ ਅਤੇ ਪਾਠਕ ਦੇ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਾਹਿਤ ਜਾਂ ਹੋਰ ਕਲਾਵਾਂ ਵਿਚ ਪੇਸ਼ ਉੱਨਤ ਤੋਂ ਉੱਨਤ ਯਥਾਰਥ ਤੋਂ ਵੀ ਅਸਲ ਜ਼ਿੰਦਗੀ ਦਾ ਯਥਾਰਥ ਜ਼ਿਆਦਾ ਵੱਡਾ ਹੈ। ਭਾਵੇਂ ਸਾਹਿਤ ਜਾਂ ਹੋਰ ਕਲਾਵਾਂ ਵਿਚ ਯਥਾਰਥ ਦੀ ਪੇਸ਼ਕਾਰੀ ਜਿਉਂ ਦੀ ਤਿਉਂ ਹੀ ਕਿਉਂ ਨਾ ਹੋਵੇ, ਉਹ ਕਿੰਨਾਂ ਵੀ ਪ੍ਰਮਾਣਕ ਅਤੇ ਤੱਥ-ਆਧਾਰਤ ਕਿਉਂ ਨਾ ਹੋਵੇ, ਪਰ ਏਨ੍ਹਾਂ ਸਾਰਿਆਂ ਦੇ ਬਾਵਜੂਦ ਅਸਲ ਜ਼ਿੰਦਗੀ, ਸਾਹਿਤ ਵਿਚ ਪੇਸ਼ ਜੀਵਨ-ਯਥਾਰਥ ਨਾਲੋਂ ਹਮੇਸ਼ਾ ਵਧ ਅਮੀਰ ਅਤੇ ਵਧ ਰੰਗ-ਬਰੰਗੀ ਹੁੰਦੀ ਹੈ।

**ਯਥਾਰਥ ਅਤੇ ਵਿਸ਼ਵ-ਦ੍ਰਿਸ਼ਟੀ :** ਯਥਾਰਥ ਨੂੰ ਚਿਤਰਣ ਲਈ ਨਾਵਲਕਾਰ ਕੋਲ ਵਿਸ਼ਵ-ਦ੍ਰਿਸ਼ਟੀ ਹੋਣੀ ਲੋੜੀਂਦੀ ਹੈ। ਅਸਲੀਅਤ ਇਹ ਹੈ ਕਿ ਜ਼ਿੰਦਗੀ ਵਿਚ ਹਰ ਆਦਮੀ ਕੋਲ ਕੋਈ ਨਾ ਕੋਈ ਵਿਸ਼ਵ-ਦ੍ਰਿਸ਼ਟੀ ਰਹਿੰਦੀ ਹੈ ਜਿਸ ਨਾਲ ਉਹ ਜ਼ਿੰਦਗੀ ਨੂੰ ਗ੍ਰਹਿਣ ਕਰਦਾ ਅਤੇ ਸਮਝਦਾ ਹੈ। ਇਹ ਵਿਸ਼ਵ-ਦ੍ਰਿਸ਼ਟੀ ਉਸ ਨੂੰ ਆਪਣੀ ਜ਼ਿੰਦਗੀ ਦੇ ਅਨੁਭਵਾਂ ਤੋਂ ਹੀ ਪ੍ਰਾਪਤ ਹੁੰਦੀ ਹੈ। ਲੇਖਕ ਦੀ

ਵਿਸ਼ਵ-ਦ੍ਰਿਸ਼ਟੀ ਵੀ ਉਸ ਦੇ ਅਨੁਭਵਾਂ ਦੀ ਸੰਪੂਰਨਤਾ ਦਾ ਕੁਲ-ਜੋੜ ਹੀ ਹੁੰਦੀ ਹੈ ।[6] ਪਰ ਵਿਸ਼ਵ-ਦ੍ਰਿਸ਼ਟੀ ਨਾਲ ਯਥਾਰਥ ਨੂੰ ਚਿਤਰਿਆ ਜਾ ਸਕਦਾ ਹੈ — ਇਹ ਇਕ ਅਤਿਕਥਨੀ ਹੀ ਹੋਵੇਗੀ। ਯਥਾਰਥ ਦੀ ਸਮਝ ਅਤੇ ਉਸ ਦੀ ਪੇਸ਼ਕਾਰੀ ਲਈ ਲੋੜੀ ਦੀ ਸ਼ਰਤ ਜ਼ਿੰਦਗੀ ਵਿਚ ਪ੍ਰਤੱਖ ਰੂਪ ਵਿਚ ਹਿੱਸੇਦਾਰ ਹੋਣਾ ਹੈ । ਜੋ ਲੇਖਕ ਜ਼ਿੰਦਗੀ ਦਾ ਮਹਿਜ਼ ਦਰਸ਼ਕ ਨਹੀਂ ਹੈ, ਸਗੋਂ ਉਸ ਵਿਚ ਵਖ ਵਖ ਪੱਧਰਾਂ 'ਤੇ ਹਿੱਸਾ ਲੈਂਦਾ ਹੈ, ਇਕ ਸਰਗਰਮ ਜ਼ਿੰਦਗੀ ਜਿਉਂਦਾ ਹੈ, ਸੁਚੇਤ ਰੂਪ ਵਿਚ ਕਿਸੇ ਗਲਤ ਵਿਸ਼ਵ-ਦ੍ਰਿਸ਼ਟੀ ਨੂੰ ਮੰਨਦਿਆਂ ਹੋਇਆਂ ਵੀ, ਇਕ 'ਝੂਠੀ ਚੇਤਨਾ' ਦਾ ਸ਼ਿਕਾਰ ਹੁੰਦਿਆਂ ਵੀ ਸਚਾਈ ਤਕ ਪਹੁੰਚ ਸਕਣ ਵਿਚ ਸਫਲ ਹੁੰਦਾ ਹੈ । ਜੋ ਲੇਖਕ ਜ਼ਿੰਦਗੀ ਨੂੰ ਉਸ ਦੇ ਅੰਤਰ-ਵਿਰੋਧਾਂ ਦੇ ਨਾਲ ਉਸ ਦੇ ਡਾਇਲੈਕਟੀਕਲ ਰੂਪ ਵਿਚ ਡੂੰਘਾਈ ਤਕ ਦੇਖ ਸਕਦੇ ਹਨ, ਉਹ ਆਪਣੀ ਜ਼ਿੰਦਗੀ ਦੇ ਅਨੁਭਵਾਂ ਰਾਹੀਂ ਹੀ ਅਜਿਹੀ ਵਿਸ਼ਵ-ਦ੍ਰਿਸ਼ਟੀ ਹਾਸਲ ਕਰ ਲੈਂਦੇ ਹਨ, ਜੋ ਜ਼ਿੰਦਗੀ ਦੇ ਯਥਾਰਥ ਨੂੰ ਉਸ ਦੇ ਵਸਤੂਗਤ ਰੂਪ ਵਿਚ ਪਕੜਣ ਵਿਚ ਉਹਨਾਂ ਦੀ ਮਦਦ ਕਰਦੀ ਹੈ । ਵਿਸ਼ਵ-ਦ੍ਰਿਸ਼ਟੀ ਦਾ ਮਹੱਤਵ ਜ਼ਿੰਦਗੀ ਨੂੰ ਉਸ ਦੀਆਂ ਗੁੰਝਲਾਂ ਸਣੇ ਡੂੰਘਾਈ ਵਿਚ ਸਮਝਣ ਦਾ ਗਿਆਨ ਦੇਣ ਵਿਚ ਹੈ। ਇਸ ਲਈ ਸੁਚੇਤ ਰੂਪ ਵਿਚ ਲੇਖਕ ਰਾਹੀਂ ਵਿਸ਼ਵ-ਦ੍ਰਿਸ਼ਟੀ ਨੂੰ ਗ੍ਰਹਿਣ ਕਰਨਾ ਖੁਦ ਉਸ ਦੇ, ਉਸ ਦੀ ਰਚਨਾ ਦੇ ਪੱਖ ਵਿਚ ਹੀ ਜਾਂਦਾ ਹੈ । ਇਸ ਨਾਲ ਉਸ ਦੀ ਰਚਨਾ ਵਿਚ ਡੂੰਘਾਈ ਅਤੇ ਅੰਦਰਲੀਆਂ ਤੈਹਾਂ ਤਕ ਜਾਣ ਦੀ ਸਮਰੱਥਾ ਵਧਦੀ ਹੈ ਅਤੇ ਇਸ ਕਰਕੇ ਰਚਨਾ ਦਾ ਇਤਿਹਾਸਕ ਮਹਤਵ ਵੀ ਵਧਦਾ ਹੈ । ਆਧੁਨਿਕ ਜ਼ਿੰਦਗੀ ਦੀਆਂ ਗੁੰਝਲਾਂ ਅਤੇ ਅੰਤਰ-ਵਿਰੋਧਾਂ ਨੂੰ ਸਮਝਣ ਲਈ ਤਾਂ ਸੁਚੇਤ ਰੂਪ ਵਿਚ ਇਕ ਪ੍ਰਗਤੀਸ਼ੀਲ ਅਤੇ ਸੱਚੇ ਅਰਥਾਂ ਵਿਚ ਇਨਸਾਨੀ ਵਿਸ਼ਵ-ਦ੍ਰਿਸ਼ਟੀ ਦਾ ਗ੍ਰਹਿਣ, ਲੇਖਕ ਲਈ ਲਗ ਭਗ ਲੋੜੀਂਦਾ ਬਣਦਾ ਜਾ ਰਿਹਾ ਹੈ । ਪਰ ਸਿਰਫ਼ ਵਿਸ਼ਵ-ਦ੍ਰਿਸ਼ਟੀ ਦਾ ਗ੍ਰਹਿਣ ਅਤੇ ਜ਼ਿੰਦਗੀ ਨਾਲੋਂ ਵਿਛੋੜਾ ਇਹ ਹਾਲਤ ਲੇਖਕ ਦੀ ਕੋਈ ਮਦਦ ਨਹੀਂ ਕਰਦੀ ਸਗੋਂ ਇਸ ਨਾਲ ਲੇਖਕ ਦੀ ਰਚਨਾਤਮਕਤਾ ਦਾ ਪਤਨ ਹੁੰਦਾ ਹੈ । ਪ੍ਰਗਤੀਸ਼ੀਲਤਾ ਦੇ ਨਾਂ 'ਤੇ ਬਹੁਤ ਸਾਰਾ ਸਾਹਿਤ ਸਾਡੀਆਂ ਭਾਸ਼ਾਵਾਂ ਵਿਚ ਅਜਿਹਾ ਮਿਲਦਾ ਹੈ, ਜਿਸ ਵਿਚ ਜ਼ਿੰਦਗੀ ਦੀ ਛੋਹ ਕਿਤੇ ਵੀ ਨਹੀਂ ਦਿਖਦੀ, ਜਿਸ ਨਾਲ ਉਹ ਸਾਹਿਤ ਨੀਰਸ ਅਤੇ ਅਸਰ ਦੇ ਨਜ਼ਰੀਏ ਤੋਂ ਸਾਹ-ਸੱਤਹੀਨ ਸਾਹਿਤ ਬਣ ਕੇ ਰਹਿ ਜਾਂਦਾ ਹੈ । ਲੇਖਕ ਦੀ ਰਚਨਾ ਦਾ ਆਧਾਰ ਜ਼ਿੰਦਗੀ ਹੈ । ਜ਼ਿੰਦਗੀ ਦੇ ਅਨੁਭਵਾਂ ਅਤੇ ਵਿਚਾਰਧਾਰਾ ਦੀ ਸਮਝ ਨਾਲ ਵਿਸ਼ਵ-ਦ੍ਰਿਸ਼ਟੀ ਹਾਸਲ ਹੁੰਦੀ ਹੈ । ਅਜਿਹੀ ਵਿਸ਼ਵ-ਦ੍ਰਿਸ਼ਟੀ ਜ਼ਿੰਦਗੀ ਨੂੰ ਹੋਰ ਡੂੰਘਾਈ ਨਾਲ ਜਾਣਨ ਅਤੇ ਉਸ ਦੇ ਯਥਾਰਥ ਨੂੰ ਸ਼ਕਤੀਸ਼ਾਲੀ ਰੂਪ ਵਿਚ ਪੇਸ਼ ਕਰਨ ਵਿਚ ਲੇਖਕ ਦਾ ਸਾਥ ਦਿੰਦੀ ਹੈ ।

ਸਹੀ ਅਰਥਾਂ ਵਿਚ ਪ੍ਰਗਤੀਸ਼ੀਲ ਅਤੇ ਇਨਸਾਨੀ ਵਿਸ਼ਵ-ਦ੍ਰਿਸ਼ਟੀ ਦੀ ਘਾਟ ਯਥਾਰਥ ਦਾ ਅਤੇ ਰਚਨਾ ਦਾ ਕਿੰਨਾ ਨੁਕਸਾਨ ਕਰਦੀ ਹੈ, ਇਸ ਦੀ ਪ੍ਰਤੱਖ ਮਿਸਾਲ ਦੇਸ਼ ਦੀ ਵੰਡ ਬਾਰੇ ਰਚੇ ਨਾਵਲਾਂ ਵਿਚ ਵੀ ਵੇਖੀ ਜਾ ਸਕਦੀ ਹੈ । ਸੁਰਿੰਦਰ ਸਿੰਘ ਨਰੂਲਾ ਦੇ ਨਾਵਲ 'ਦੀਨ ਤੇ ਦੁਨੀਆ' ਵਿਚ ਪੇਸ਼ ਯਥਾਰਥ / ਜ਼ਿੰਦਗੀ ਤੋਂ ਪਤਾ ਲਗਦਾ ਹੈ ਕਿ ਫਿਰਕੂ ਫਸਾਦਾਂ ਪਿਛੇ ਕਿਹੜੀਆਂ ਤਾਕਤਾਂ ਕੰਮ ਕਰ ਰਹੀਆਂ ਸਨ । ਉਹ ਨਾ ਆਮ ਹਿੰਦੂ ਸਨ, ਨਾ ਆਮ ਮੁਸਲਮਾਨ ਤੇ ਨਾ ਹੀ ਸਿੱਖ; ਉਹ ਸਗੋਂ ਅਮੀਰ ਜਮਾਤਾਂ ਸਨ, ਜਿਨ੍ਹਾਂ ਨੇ ਇਹਨਾਂ ਫਸਾਦਾਂ ਰਾਹੀਂ ਆਪਣੀ ਆਰਥਕ ਲੁੱਟ-ਖੋਹ ਵਧਾਈ। ਪਰ ਦੂਜੇ ਪਾਸੇ ਨਾਨਕ ਸਿੰਘ ਜਾਂ ਦੁੱਗਲ ਆਦਿ ਦੇ ਨਾਵਲਾਂ ਤੋਂ ਭਾਵੁਕਤਾ ਤਾਂ ਟਪਕਦੀ ਹੈ ਪਰ ਦੰਗਿਆਂ ਪਿਛਲੀਆਂ ਆਰਥਕ ਲੁੱਟ-ਖੋਹ ਕਰਨ ਵਾਲੀਆਂ ਤਾਕਤਾਂ ਲੁਕੀਆਂ ਰਹਿੰਦੀਆਂ ਹਨ । ਕਾਰਨ ਸਾਫ਼ ਹੈ, ਨਾਨਕ ਸਿੰਘ ਜਾਂ ਦੁੱਗਲ ਆਦਿ ਨਾਵਲਕਾਰਾਂ ਕੋਲ ਪ੍ਰਗਤੀਸ਼ੀਲ ਅਤੇ ਇਨਸਾਨੀ ਵਿਸ਼ਵ-ਦ੍ਰਿਸ਼ਟੀ



ਦੀ ਘਾਟ ਸੀ, ਜਿਸ ਕਰਕੇ ਉਹ ਵੰਡ ਦੇ ਯਥਾਰਥ ਨੂੰ ਉਪਰਲੀ ਤਹਿ ਤੋਂ ਹੇਠਾਂ ਜਾ ਕੇ ਨਹੀਂ
ਦੇਖ ਸਕੇ ।

ਨਾਵਲ ਦਾ ਸਭ ਤੋਂ ਪ੍ਰਮੁਖ ਵਿਸ਼ਾ ਹੈ—ਸਮਾਜ, ਸਮਾਜ ਜਿਸ ਵਿਚ ਵਖ ਵਖ ਜਮਾਤਾਂ ਹਨ ।
ਇਹਨਾਂ ਜਮਾਤਾਂ ਦੀ ਅੰਤਰ-ਵਿਰੋਧਾਂ ਨਾਲ ਭਰੀ ਜ਼ਿੰਦਗੀ ਨਾਵਲ ਨੂੰ ਅਮੀਰ ਬਣਾਉਂਦੀ ਹੈ ।
ਪਰ ਸਮਾਜ ਦਾ ਕੇਂਦਰ ਹੈ ਆਦਮੀ ਅਤੇ ਇਸ ਲਈ ਨਾਵਲ ਰਚਨਾ ਦਾ ਵਿਸ਼ਾ ਸਮਾਜ ਹੁੰਦਿਆਂ ਵੀ,
ਉਸ ਦੇ ਕੇਂਦਰ ਵਿਚ ਆਦਮੀ ਰਹਿੰਦਾ ਹੈ । ਸਾਹਿਤ ਵਿਚ ਪੇਸ਼ ਸਮਾਜ ਜਾਂ ਸਮਾਜਕ ਜ਼ਿੰਦਗੀ ਹੈ
ਕੀ ? ਇਹ ਆਦਮੀ ਦਾ ਪ੍ਰਕ੍ਰਿਰਤੀ ਨਾਲ, ਵਖ ਵਖ ਸਮਾਜਕ ਸੰਸਥਾਵਾਂ ਤੇ ਰੀਤੀ-ਰਿਵਾਜਾਂ ਨਾਲ
ਆਦਮੀ ਦੇ ਸਮਾਜ ਅੰਦਰ ਪੂਰੇ ਵਰਤਾਰੇ ਦੀ ਪੇਸ਼ਕਾਰੀ ਹੈ । ਮਨੁੱਖੀ ਸਮਾਜ ਕਦੀ ਸਥਿਰ ਨਹੀਂ
ਰਿਹਾ; ਉਸ ਦੀਆਂ ਸੰਸਥਾਵਾਂ ਕਦੀ ਇਕੋ ਜਿਹੀਆਂ ਨਹੀਂ ਰਹੀਆਂ । ਆਦਮੀ ਆਪਣੀਆਂ ਲੋੜਾਂ
ਮੁਤਾਬਕ ਇਨ੍ਹਾਂ ਸੰਸਥਾਵਾਂ, ਰੀਤੀ ਰਿਵਾਜਾਂ ਵਿਚ ਤਬਦੀਲੀ ਕਰਦਾ ਰਿਹਾ ਹੈ, ਆਪਣੀ ਪੂਰੀ ਸਮਾਜ-
ਵਿਵਸਥਾ ਨਵੇਂ ਨਵੇਂ ਰੂਪਾਂ ਵਿਚ ਢਾਲਦਾ ਰਿਹਾ ਹੈ । ਪ੍ਰਕ੍ਰਿਰਤੀ ਨਾਲ ਸੰਘਰਸ਼ ਕਰਦਾ ਹੋਇਆ
ਆਦਮੀ, ਪ੍ਰਕ੍ਰਿਤੀ ਨੂੰ ਵੀ ਆਪਣੀਆਂ ਲੋੜਾਂ ਮੁਤਾਬਕ ਢਾਲਣ ਵਿਚ ਸਫ਼ਲ ਹੁੰਦਾ ਰਿਹਾ ਹੈ । ਪ੍ਰਕ੍ਰਿਤੀ
ਦੇ ਹੀ ਇਕ ਹਿੱਸੇ—ਸਭ ਤੋਂ ਵਧੀਕ ਤਾਕਤਵਰ, ਪਰੀਵਰਤਨ-ਜੀਵੀ ਮਨੁੱਖ ਨੂੰ ਇਸ ਪੂਰੀ ਪ੍ਰਕ੍ਰਿਆ
ਵਿਚ ਲੀਨ ਦਿਖਾਉਣਾ—ਨਾਵਲਕਾਰ ਦਾ ਇਹ ਪ੍ਰਮੁਖ ਕਾਰਜ ਹੈ ।[7]

ਨਾਵਲ ਰਚਨਾ ਵਿਚ ਹਾਲਾਂਕਿ ਸਾਰੀਆਂ ਜਮਾਤਾਂ ਆਪਣੇ ਅੰਤਰ-ਵਿਰੋਧਾਂ ਸਮੇਤ ਪੇਸ਼ ਹੁੰਦੀਆਂ
ਹਨ, ਪਰ ਮੱਧਵਰਗਾਂ ਦਾ ਚਿਤਰਣ ਇਸ ਵਿਚ ਸਭ ਤੋਂ ਵਧ ਹੋਇਆ ਹੈ । ਪੂੰਜੀਵਾਦ ਦੇ ਉੱਨਤ ਤੇ
ਸਿਹਤਮੰਦ ਵਿਕਾਸ ਦੇ ਕਾਲ ਵਿਚ ਨਾਵਲ ਦਾ ਹੀਰੋ ਇਕ ਅਜਿਹਾ ਵਿਅਕਤੀ ਰਿਹਾ ਹੈ, ਜੋ ਇਕ
ਵਿਅਕਤੀ ਦੇ ਰੂਪ ਵਿਚ (ਇਕ ਜਮਾਤ ਦੇ ਰੂਪ ਵਿਚ ਨਹੀਂ) ਸਮਾਜ ਅਤੇ ਪ੍ਰਕ੍ਰਿਤੀ ਨਾਲ ਸੰਘਰਸ਼
ਕਰਦਾ ਹੈ ਅਤੇ ਇਸ ਸੰਘਰਸ਼ ਰਾਹੀਂ ਆਪਣਾ ਵਿਅਕਤੀਤੱਵ ਹਾਸਲ ਕਰਦਾ ਹੈ । ਡੈਨੀਅਲ ਡੇਫੋ
ਦਾ 'ਰਾਬਿਨਸਨ ਕਰੂਸੋ' ਅਤੇ ਸਰਵਾਂਤੀਜ ਦਾ 'ਡਾਨ ਕਿਵਗਜ਼ਾਟ' ਆਦਿ ਅਜਿਹੇ ਮੁੱਢਲੇ ਨਾਵਲ
ਹੀਰੋ ਹਨ, ਜੋ ਪ੍ਰਕ੍ਰਿਤੀ ਅਤੇ ਸਮਾਜ ਨਾਲ ਟਕਰਾਉਂਦੇ ਹੋਏ ਆਪਣਾ ਵਿਸ਼ੇਸ਼ ਵਿਅਕਤੀਤੱਵ ਸਥਾਪਤ
ਕਰਦੇ ਹਨ । ਮੁਮਕਿਨ ਹੈ ਕਿ ਪੂੰਜੀਵਾਦੀ ਵਿਕਾਸ ਦੇ ਅਰੰਭਕ ਕਾਲ ਵਿਚ ਵਿਅਕਤੀਗਤ ਹਿੰਮਤ
ਦੀ ਸਮਾਜਕ ਰੂਪ ਵਿਚ ਪੈਦਾਵਾਰੀ ਭੂਮਿਕਾ ਸੀ, ਏਸ ਲਈ ਨਾਵਲ ਵਿਚ ਵੀ ਉਹ ਹੀਰੋ 'ਪਾਜ਼ਿਟਿਵ
ਹੀਰੋ' ਬਣ ਕੇ ਹੀ ਉਭਰੇ ਹਨ, ਪਰ ਪੂੰਜੀਵਾਦ ਦੀ ਦੂਜੀ ਅਵਸਥਾ ਅਰਥਾਤ ਸੰਕਟਗ੍ਰਸੀ ਹਾਲਤ ਤਕ
ਪਹੁੰਚਦਿਆਂ ਵਿਅਕਤੀਗਤ ਹਿੰਮਤ ਦੀਆਂ ਹੱਦਾਂ ਮੁਕ ਗਈਆਂ ਸਨ, ਸੋ ਨਾਵਲ ਵਿਚ ਵੀ ਉਸ ਦੀ
ਪੇਸ਼ਕਾਰੀ ਸਿਹਤਮੰਦ ਨਹੀਂ ਸੀ ਰਹਿ ਗਈ । ਏਸ ਅਵਸਥਾ ਵਿਚ ਕਾਫਕਾ ਦੇ 'ਨੈਗੇਟਿਵ ਹੀਰੋ' ਪੈਦਾ
ਹੁੰਦੇ ਹਨ । ਪੂੰਜੀਵਾਦੀ ਵਿਅਕਤੀਵਾਦ ਇਸ ਤਰ੍ਹਾਂ ਦੂਹਰੀ ਭੂਮਿਕਾ ਨਿਭਾਉਂਦਾ ਹੈ । ਆਪਣੇ ਅਰੰਭਕ
ਕਾਲ ਵਿਚ ਉਹ 'ਪਾਜ਼ਿਟਿਵ' ਸੀ ਸਮਾਜਕ ਵਿਕਾਸ ਲਈ ਲੋੜੀਂਦਾ ਪਰ ਸੰਕਟ ਗ੍ਰਸੇ ਕਾਲ ਵਿਚ
ਉਹ 'ਨੈਗੇਟਿਵ' ਹੈ, ਸਮਾਜਕ ਵਿਕਾਸ ਵਿਚ ਰੁਕਾਵਟ । ਇਸ ਹਾਲਤ ਵਿਚ ਵਿਅਕਤੀਗਤ ਸੰਘਰਸ਼
ਆਮ ਕਰਕੇ ਅਸਫਲ ਸਿੱਧ ਹੁੰਦੇ ਹਨ ਅਤੇ ਸਿਰਫ਼ ਜਮਾਤਾਂ ਨਾਲ ਆਪਣੀ ਹੋਣੀ ਜੋੜ ਕੇ ਹੀ,
ਸਮਾਜਕ ਸੰਘਰਸ਼ ਰਾਹੀਂ ਸਮਾਜਕ ਵਿਕਾਸ ਅਤੇ ਵਿਅਕਤੀਤਵ ਦੀ ਪ੍ਰਾਪਤੀ ਸੰਭਵ ਰਹਿ ਸਕੀ ਹੈ ।
ਇਸ ਲਈ ਏਸ ਕਾਲ ਵਿਚ ਜਮਾਤੀ ਘੋਲ ਵਿਚ ਰੁੱਝੇ ਵਿਅਕਤੀ ਹੀ ਜਿਵੇਂ 'ਮਦਰ' ਵਿਚ ਮਾਂ ਜਾਂ
ਪਾਵੇਲ ਦਾ ਵਿਅਕਤੀਤਵ, ਅਸਲ ਵਿਚ ਮਹੱਤਵ-ਪੂਰਨ ਜਾਂ 'ਪਾਜ਼ਿਟਿਵ' ਹੀਰੋ ਜਾਂ ਹੀਰੋਇਨ ਦਾ
ਵਿਅਕਤੀਤਵ ਹੈ । ਹੁਣ ਸਿਰਫ਼ ਉਹੋ ਆਦਮੀ ਆਪਣਾ ਵਿਅਕਤੀਤਵ ਹਾਸਲ ਕਰਦਾ ਹੈ ਜਿਸ ਵਿਚ

ਉਸ ਦੇ ਵਿਚਾਰਾਂ ਤੇ ਅਮਲ ਵਿਚ ਫ਼ਰਕ ਨਹੀਂ ਹੈ ਅਤੇ ਜੋ ਜ਼ਿਦਗੀ ਨੂੰ ਬਦਲਦਾ ਹੈ ।[8]

**ਨਾਵਲ ਵਿਚ 'ਪ੍ਰਤੀਨਿਧ ਪਾਤਰ' (ਟਾਈਪ) ਸਿਰਜਣਾ :** ਪ੍ਰਤੀਨਿਧ ਪਾਤਰ (ਟਾਈਪ) ਚਿਤਰਣ ਯਥਾਰਥਵਾਦੀ ਸਾਹਿਤ ਦੀ ਕੇਂਦਰੀ ਸਮੱਸਿਆ ਅਤੇ ਉਸ ਦਾ ਮਾਪਦੰਡ ਹੈ । ਟਾਈਪ ਦੀ ਸਿਰਜਣਾ ਰਾਹੀਂ ਯਥਾਰਥਵਾਦੀ ਸਾਹਿਤਕਾਰ ਪਾਤਰਾਂ ਅਤੇ ਸਥਿਤੀਆਂ ਵਿਚ ਜੋ ਵੀ ਆਮ ਅਤੇ ਵਿਸ਼ੇਸ਼ ਹੈ ਉਸ ਨੂੰ ਸਮੁੱਚੇ ਰੂਪ ਵਿਚ ਪੇਸ਼ ਕਰਦਾ ਹੈ ।[9] ਸਥਿਤੀਆਂ ਅਤੇ ਪਾਤਰਾਂ ਵਿਚ ਪਾਤਰ ਦੇ ਆਮ ਅਤੇ ਵਿਸ਼ੇਸ਼ ਗੁਣਾਂ ਨੂੰ ਉਭਾਰਨ ਨਾਲ ਹੀ, ਇਕ 'ਟਾਈਪ' ਜਾਂ ਪ੍ਰਤੀਨਿਧ ਪਾਤਰ ਦੀ ਸਿਰਜਣਾ ਹੁੰਦੀ ਹੈ । 'ਗੋਦਾਨ' ਦਾ 'ਹੋਰੀ' ਇਸੇ ਤਰ੍ਹਾਂ ਦਾ ਪ੍ਰਤੀਨਿਧ ਪਾਤਰ ਹੈ ਜਿਸ ਵਿਚ ਇਕ ਕਿਰਸਾਣ ਦੇ ਆਮ ਗੁਣ ਵੀ ਹਨ ਅਤੇ 'ਹੋਰੀ' ਇਕ ਆਦਮੀ ਦੇ ਵਿਸ਼ੇਸ਼ ਗੁਣ ਵੀ, ਜੋ ਨਾਵਲ ਵਿਚ ਵਾਰ ਵਾਰ ਉਸ ਦੇ ਵਿਹਾਰ ਤੋਂ ਉਘੜਦੇ ਹਨ । ਉਹ ਇਕ ਕਿਰਸਾਣ ਵਰਗਾ ਆਮ ਵਿਹਾਰ ਕਰਦਾ ਹੈ ਪਰ ਕਿਰਸਾਣਾਂ ਵਿਚੋਂ ਹੀ ਇਕ ਵਿਅਕਤੀ ਦੇ ਰੂਪ ਵਿਚ ਆਪਣਾ ਵਖਰਾ ਵਿਅਕਤੀਤੱਵ ਹੋਣ ਕਰਕੇ ਆਮ ਤੋਂ ਵਖਰਾ ਵਿਹਾਰ ਵੀ ਕਰਦਾ ਹੈ । ਇਸੇ ਨਾਲ ਉਹ ਕਿਰਸਾਣ ਜਮਾਤ ਦਾ ਵਿਸ਼ੇਸ਼ ਪਰ 'ਟਾਈਪ' ਪਾਤਰ ਬਣ ਕੇ ਉਭਰਦਾ ਹੈ !

ਵਿਚਾਰਨਯੋਗ ਸਮੱਸਿਆ ਇਹ ਹੈ ਕਿ ਕਿਹੜੇ ਲੇਖਕ ਰਾਹੀਂ ਪ੍ਰਤੀਨਿਧ ਪਾਤਰ ਜਾਂ 'ਟਾਈਪ' ਦੀ ਸਿਰਜਣਾ ਸੰਭਵ ਹੈ ? ਸਿਰਫ਼ ਉਸੇ ਲੇਖਕ ਰਾਹੀਂ ਜਿਸ ਨੇ ਜ਼ਿੰਦਗੀ ਦਾ ਬਹੁਤ ਡੂੰਘਾ ਗਿਆਨ ਹਾਸਲ ਕੀਤਾ ਹੋਵੇ, ਜਿਸ ਨੇ ਆਪ ਇਕ ਅਮੀਰ ਅਤੇ ਘਟਨਾਵਾਂ ਨਾਲ ਭਰੀ ਜ਼ਿੰਦਗੀ ਜਿਊਂਵੀ ਹੋਵੇ, ਜਿਸ ਨੂੰ ਸਮਾਜ ਅੰਦਰ ਰਹਿਣ ਵਾਲੀਆਂ ਵੱਖ ਵੱਖ ਜਮਾਤਾਂ ਦੀ ਬਾਹਰਲੀ ਤੇ ਅੰਦਰੂਨੀ ਜ਼ਿੰਦਗੀ, ਉਹਨਾਂ ਦੇ ਅੰਤਰ-ਵਿਰੋਧਾਂ ਦੀ ਡੂੰਘੀ ਤੇ ਬਹੁ-ਤੇਹੀ ਸਮਝ ਹੋਵੇ । ਸਿਰਫ਼ ਇਸ ਤਰ੍ਹਾਂ ਦਾ ਲੇਖਕ ਹੀ ਵੱਖ ਵੱਖ ਜਮਾਤਾਂ ਦੇ ਵੱਖ ਵੱਖ 'ਟਾਈਪ' ਪਾਤਰਾਂ ਦੀ ਸਿਰਜਣਾ ਕਰ ਸਕਦਾ ਹੈ । ਏਸ ਪ੍ਰਸੰਗ ਵਿਚ ਬਾਲਜ਼ਾਕ ਅਤੇ ਤਾਲਸਤਾਇ ਦੇ ਨਾਂ ਵਰਨਣਯੋਗ ਹਨ । ਬਾਲਜ਼ਾਕ ਨੇ ਫ਼ਰਾਂਸ ਦੇ ਬੁਰਜੂਆ ਸਮਾਜ ਅਤੇ ਤਾਲਸਤਾਇ ਨੇ ਰੂਸ ਦੇ ਜਗੀਰੂ ਅਤੇ ਬੁਰਜੂਆ ਸਮਾਜ ਦਾ ਏਨੀਂ ਡੂੰਘਾਈ ਨਾਲ ਚਿਤਰਣ ਕੀਤਾ ਹੈ ਕਿ ਮਾਰਕਸ ਨੇ ਬਾਲਜ਼ਾਕ ਦੀਆਂ ਰਚਨਾਵਾਂ ਨੂੰ ਅਤੇ ਲੈਨਿਨ ਨੇ ਤਾਲਸਤਾਇ ਦੀਆਂ ਰਚਨਾਵਾਂ ਨੂੰ ਫ਼ਰਾਂਸੀਸੀ ਅਤੇ ਰੂਸੀ ਸਮਾਜ ਦੇ ਯਥਾਰਥ ਨੂੰ ਸਮਝਣ ਵਿਚ ਮਦਦਗਾਰ ਮੰਨਿਆ ਹੈ । ਅਸਲ ਵਿਚ ਯਥਾਰਥਵਾਦੀ ਸਾਹਿਤ ਦੇ ਡੂੰਘੇ ਅਧਿਐਨ ਨਾਲ ਹੀ ਏਂਗਲਜ਼ ਨੇ ਯਥਾਰਥਵਾਦੀ ਸਾਹਿਤ ਲਈ 'ਟਾਈਪ' ਪਾਤਰਾਂ ਦੀ ਸਿਰਜਣਾ ਨੂੰ ਲੋੜੀਂਦਾ ਮੰਨਿਆ ਸੀ ।[10] ਏਂਗਲਜ਼ ਦੀ 'ਟਾਈਪ' ਦੀ ਧਾਰਨਾ ਨੂੰ ਹੀ ਲੂਕਾਚ ਨੇ ਅੱਗੇ ਜਾ ਕੇ ਆਪਣੀਆਂ ਰਚਨਾਵਾਂ ਵਿਚ ਬੜੇ ਬੱਝਵੇਂ ਰੂਪ ਵਿਚ ਵਿਗਸਤ ਕੀਤਾ ।

ਅਸਲ 'ਟਾਈਪ' ਪਾਤਰਾਂ ਦੀ ਸਿਰਜਣਾ ਲਈ ਜ਼ਰੂਰੀ ਹੈ ਕਿ ਲੇਖਕ ਨੂੰ ਵੱਖ ਵੱਖ ਤਰ੍ਹਾਂ ਦੇ ਆਦਮੀਆਂ ਦੀ ਜਾਣਕਾਰੀ ਹੋਵੇ ਅਤੇ ਉਹ ਇਹਨਾਂ ਆਦਮੀਆਂ ਵਿਚਕਾਰ ਤੁਲਨਾ ਰਾਹੀਂ ਉਹਨਾਂ ਦੀ ਵੱਖ ਵੱਖ ਪਛਾਣ ਕਰ ਸਕਦਾ ਹੋਵੇ, ਉਹਨਾਂ ਵਿਚਕਾਰ ਸਮਾਨਤਾਵਾਂ ਅਤੇ ਵੱਖਰੇਵੇਂ ਦੇਖ ਸਕਦਾ ਹੋਵੇ ਅਤੇ ਆਪਣੇ ਅਮੀਰ ਵਿਵਹਾਰਕ ਅਨੁਭਵ ਦੇ ਆਧਾਰ 'ਤੇ ਕਿਸੇ ਜਮਾਤ ਦੇ ਇਕ 'ਟਾਈਪ' ਪਾਤਰ ਦੀ ਸਿਰਜਣਾ ਕਰ ਸਕਦਾ ਹੋਵੇ ।

ਕਿਸੇ ਵੀ ਜਮਾਤ ਦੇ 'ਟਾਈਪ' ਪਾਤਰ ਦੀ ਸਿਰਜਣਾ ਉਸ ਦੇ ਜੀਵਨ ਵਰਤਾਰਿਆਂ ਦੇ ਨੇੜਲੇ ਅਧਿਐਨ ਨਾਲ ਹੀ ਸੰਭਵ ਹੈ । ਜ਼ਿੰਦਗੀ ਦੀ ਸੱਚਾਈ ਏਸ ਤੱਥ ਵਿਚ ਹੈ ਕਿ ਜ਼ਿੰਦਗੀ ਵਿਚ ਮਨੁੱਖ ਹਮੇਸ਼ਾਂ ਸੰਘਰਸ਼ਾਂ 'ਚ ਲੱਗੇ ਰਹਿੰਦੇ ਹਨ । ਜ਼ਿੰਦਗੀ ਹਮੇਸ਼ਾਂ ਆਦਮੀਆਂ ਦੀ ਆਪਸੀ ਕ੍ਰਿਆ-ਪ੍ਰਤੀਕ੍ਰਿਆ ਵਿਚ ਅੱਗੇ ਵਧਦੀ ਹੈ । ਇਨ੍ਹਾਂ ਸੰਘਰਸ਼ਾਂ ਵਿਚ, ਇਨ੍ਹਾਂ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਵਿਚ ਆਦਮੀ ਠੋਸ ਰੂਪ ਗ੍ਰਹਿਣ ਕਰਦੇ ਹਨ, ਆਪਣਾ ਵਿਅਕਤੀਤਵ ਹਾਸਲ ਕਰਦੇ ਹਨ ਅਤੇ ਇਕ 'ਟਾਈਪ'—ਪਾਵੇਲ, ਹੋਰੀ, ਜਾਂ ਰੇਸਕੋਲਨੀਕੋਵ ਦੇ ਰੂਪ ਵਿਚ ਪੇਸ਼ ਹੁੰਦੇ ਹਨ । ਅਜਿਹੇ ਪਾਤਰ ਆਪਣੀ 'ਟਾਈਪ' ਵਿਸ਼ੇਸ਼ਤਾਵਾਂ ਨਾਲ ਸਦੀਆਂ ਤਕ ਮਨੁੱਖੀ ਦਿਮਾਗ ਨੂੰ, ਉਸ ਦੀ ਚੇਤਨਾ ਨੂੰ ਪ੍ਰਭਾਵਤ ਕਰਨ ਦੀ ਨਿਰੰਤਰ ਸਮਰੱਥਾ ਰੱਖਦੇ ਹਨ ।



ਇਕ 'ਟਾਈਪ' ਦੀ ਪੇਸ਼ਕਾਰੀ ਰਾਹੀਂ ਲੇਖਕ ਮਨੁੱਖ ਦੀ ਮੂਰਤ, ਆਮ ਅਤੇ ਤੱਤਮੂਲ ਵਿਸ਼ੇਸ਼ਤਾਵਾਂ ਅਤੇ ਉਸ ਦੀਆਂ ਅੰਦਰਲੀਆਂ ਦ੍ਰਿੜ ਕੀਮਤਾਂ ਨੂੰ ਪੇਸ਼ ਕਰਦਾ ਹੈ । 'ਟਾਈਪ' ਰਾਹੀਂ ਹੀ ਲੇਖਕ ਇਹ ਦਿਖਾਉਂਦਾ ਹੈ ਕਿ ਇਤਿਹਾਸਕ ਵਿਕਾਸ ਦੀ ਨਿਸ਼ਚਿਤ ਦਿਸ਼ਾ ਕੀ ਹੈ ? 'ਟਾਈਪ' ਜਾਂ 'ਪ੍ਰਤੀਨਿਧ ਪਾਤਰ ਕਲਾ' ਵਿਚ ਵਿਅਕਤੀਗਤ ਅਤੇ ਸਮਾਜਕ ਰੂਪ ਦਾ ਜੋੜ ਪੇਸ਼ ਹੁੰਦਾ ਹੈ ।[11]

ਮਹਾਨ ਕਲਾ ਕਿਰਤ ਦੀ ਰਚਨਾ ਲਈ ਕਿਸੇ ਵੀ ਦੇਸ਼ ਦੇ ਸਾਹਿਤਕਾਰ ਲਈ ਆਪਣੇ ਦੇਸ਼ ਦੀ ਆਪਣੀ ਸੰਸਕ੍ਰਿਤੀ ਦਾ ਗਿਆਨ ਬੇਹੱਦ ਜ਼ਰੂਰੀ ਹੈ । ਉਹ ਬਦੇਸ਼ੀ ਤੱਤਾਂ ਦਾ ਗ੍ਰਹਿਣ ਭਾਵੇਂ ਕਿੰਨਾ ਹੀ ਕਰੇ ਪਰ ਆਪਣੀ ਜ਼ਮੀਨ ਛੱਡ ਕੇ ਨਹੀਂ, ਆਪਣੀ ਜ਼ਮੀਨ ਮੁਤਾਬਕ ਇਨ੍ਹਾਂ ਤੱਤਾਂ ਨੂੰ ਆਪਣੀ ਰਚਨਾ ਵਿਚ ਢਾਲ ਕੇ ਹੀ ਉਹ ਰਚਨਾ ਵਿਚ ਵੱਧ ਡੂੰਘਾਈ ਹਾਸਲ ਕਰ ਸਕਦਾ ਹੈ ਅਤੇ ਆਪਣੇ 'ਟਾਈਪ' ਚਿਤਰਾਂ ਨੂੰ ਪ੍ਰਮਾਣੀਕ ਬਣਾ ਸਕਦਾ ਹੈ ।

**ਯਥਾਰਥ ਅਤੇ ਨਾਵਲ ਰੂਪ ਦਾ ਸੰਬੰਧ :** ਕਿਸੇ ਵੀ ਨਾਵਲਕਾਰ ਲਈ ਰਚਨਾਤਮਕ ਪੱਧਰ 'ਤੇ ਆਪਣੀ ਰਚਨਾ ਦੀ ਸਫਲਤਾ ਲਈ ਇਹ ਜ਼ਰੂਰੀ ਹੈ ਕਿ ਯਥਾਰਥ ਦਾ ਜੋ ਚਿੱਤਰ ਉਹ ਪੇਸ਼ ਕਰ ਰਿਹਾ ਹੋਵੇ ਉਸ ਦੇ ਲੋੜੀਂਦੇ ਸਮਾਜਕ ਤੱਤਾਂ ਨੂੰ ਜਿਹੜੇ ਉਸ ਯਥਾਰਥ ਲਈ ਨਿਰਣੇਦਾਇਕ ਸਿੱਧ ਹੋ ਰਹੇ ਹਨ, ਉਹਨਾਂ ਨੂੰ ਪੂਰਨਤਾ ਨਾਲ ਪੇਸ਼ ਕਰੇ ।[12] ਲੇਖਕ ਜਿਸ ਕਾਲ ਵਿਚ ਜੀਊ ਰਿਹਾ ਹੈ ਅਤੇ ਜਿਸ ਕਾਲ ਦੀ ਜ਼ਿੰਦਗੀ ਉਹ ਆਪਣੀ ਰਚਨਾ ਵਿਚ ਪੇਸ਼ ਕਰ ਰਿਹਾ ਹੈ ਉਹ ਜ਼ਿੰਦਗੀ ਗੁੰਝਲਦਾਰ ਅਤੇ ਬਹੁਸੂਤਰੀ ਹੈ । ਲੇਖਕ ਜਿਸ ਹੱਦ ਤਕ ਉਸ ਦੇ ਵੱਖ ਵੱਖ ਸੂਤਰਾਂ ਨੂੰ ਪਕੜ ਕੇ ਰਚਨਾ ਵਿਚ, ਸਾਰੇ ਸੂਤਰਾਂ ਨੂੰ ਵੱਖ ਵੱਖ ਅਤੇ ਉਹਨਾਂ ਦੇ ਆਪਸੀ ਸੰਬੰਧਾਂ ਵਿਚ ਦਿਖਾ ਸਕਣ ਵਿਚ ਸਫ਼ਲ ਹੋਵੇਗਾ ਉਸ ਹੱਦ ਤਕ ਉਸ ਦੀ ਰਚਨਾ ਵਿਚ ਕਲਾਤਮਕ ਪੂਰਨਤਾ ਆ ਸਕੇਗੀ । ਪਰ ਇਨ੍ਹਾਂ ਸੂਤਰਾਂ ਨੂੰ ਵੇਖ ਸਕਣਾ ਅਤੇ ਰਚਨਾ ਵਿਚ ਬੰਨ੍ਹ ਸਕਣਾ, ਜ਼ਿੰਦਗੀ ਵਿਚ ਡੂੰਘੀ ਦਿਲਚਸਪੀ ਅਤੇ ਉਸ ਸਮਾਜਕ ਪ੍ਰਕ੍ਰਿਆ ਦੇ ਨੇੜੇ ਹੋਣ ਦੀ ਮੰਗ ਕਰਦਾ ਹੈ ਜਿਸ ਸਮਾਜਕ ਪ੍ਰਕ੍ਰਿਆ ਦੇ ਇਹ ਸੂਤਰ ਲੋੜੀਂਦੇ ਹਿੱਸੇ ਹਨ । ਇਸ ਮੁੜ ਰਚੀ ਜ਼ਿੰਦਗੀ ਵਿਚ ਲੇਖਕ ਆਪ ਹਿੱਸੇਦਾਰ ਹੈ ।

ਮਹਾਨ ਰਚਨਾਵਾਂ ਵਿਚ ਰੂਪ ਦੀ ਪੱਧਰ 'ਤੇ ਸ਼ੁੱਧਤਾ ਦਾ ਅਰਥ ਇਹ ਵੀ ਹੈ ਕਿ ਉਸ ਵਿਚ ਤਰਕਸ਼ੀਲ ਮਨੁੱਖ ਅਤੇ ਉਸ ਦੀ ਸਮਾਜਕ ਜ਼ਿੰਦਗੀ ਵਿਚ ਇਕਰੂਪਤਾ ਦਿਖਾਈ ਜਾਵੇ, ਜੋ ਮਨੁੱਖੀ ਸੰਬੰਧਾਂ ਦੇ ਅਸਲ ਤੱਤਾਂ ਅਤੇ ਉਹਨਾਂ ਦੀ ਅੰਦਰੂਨੀ ਸਚਾਈ ਨੂੰ ਪੇਸ਼ ਕਰੇ । ਇਸ ਦੇ ਨਾਲ ਨਾਲ ਇਹ ਵੀ ਜ਼ਰੂਰੀ ਹੈ ਕਿ ਲੇਖਕ ਦਾ ਆਪਣੀ ਰਚਨਾ ਵਿਚ ਪੇਸ਼ ਜੋ ਮਨੁੱਖੀ ਉਦੇਸ਼ ਹੈ, ਉਹ ਲੇਖਕ ਦੇ ਪ੍ਰਤੱਖ ਦਖਲ ਰਾਹੀਂ ਨਹੀਂ, ਅਰਥਾਤ ਉਸ ਦੇ ਹਾਲਤਾਂ ਜਾਂ ਪਾਤਰਾਂ ਦੀ ਵਿਆਖਿਆ ਰਾਹੀਂ ਨਹੀਂ, ਸਗੋਂ ਖ਼ੁਦ ਹਾਲਤਾਂ ਅਤੇ ਉਹਨਾਂ ਨਾਲ ਸੰਘਰਸ਼ ਵਿਚ ਰੁਝੇ ਪਾਤਰਾਂ ਦੇ ਯਥਾਰਥ ਚਿਤਰਣ ਰਾਹੀਂ ਹੀ ਉਸ ਦਾ ਉਦੇਸ਼ ਉਸ ਦੀ ਕਿਰਤ ਤੋਂ ਉਘੜਣਾ ਚਾਹੀਦਾ ਹੈ ।[13]

ਯਥਾਰਥ ਨੂੰ ਪੇਸ਼ ਕਰਨ ਦੀ ਨਵੀਂ ਸ਼ੈਲੀ ਦਾ ਪੁਰਾਣੇ ਸਾਹਿਤ ਅਤੇ ਸ਼ੈਲੀਆਂ ਨਾਲ ਡੂੰਘਾ ਸੰਬੰਧ ਹੁੰਦਾ ਹੈ । ਸ਼ੈਲੀ ਕਦੀ ਅਚਾਨਕ ਪੈਦਾ ਨਹੀਂ ਹੁੰਦੀ । ਹਰ ਨਵੀਂ ਸ਼ੈਲੀ ਸਮਾਜਕ ਅਤੇ ਇਤਿਹਾਸਕ

ਰੂਪ ਨਾਲ ਨਿਰਧਾਰਤ ਹੁੰਦੀ ਹੈ ਅਤੇ ਸਮਾਜਕ ਵਿਕਾਸ ਦੀ ਉਪਜ ਹੁੰਦੀ ਹੈ । ਕੋਈ ਵੀ 'ਕਲਾਤਮਕਤਾ' ਆਪਣੇ ਸਮਾਜਕ, ਇਤਿਹਾਸਕ, ਵਸਤੂਗਤ ਜਾਂ ਵਿਅਕਤੀਗਤ ਆਲੇ ਦੁਆਲੇ ਤੋਂ ਵੱਖਰੀ ਨਹੀਂ ਹੁੰਦੀ । ਅਸਲ ਵਿਚ ਯਥਾਰਥਵਾਦ ਸਿਰਫ਼ ਸ਼ੈਲੀ ਨਹੀਂ, ਇਹ ਜੀਵਨ-ਜਗਤ ਨੂੰ ਦੇਖਣ ਦਾ ਇਕ ਨਿਸ਼ਚਿਤ ਦ੍ਰਿਸ਼ਟੀਕੋਣ ਹੈ, ਇਸ ਲਈ ਉਸ ਦਾ ਨਿਸ਼ਚਿਤ ਸਮਾਜਕ ਆਧਾਰ ਹੈ 14

ਯਥਾਰਥਵਾਦੀ ਸਾਹਿਤ ਆਪਣੇ ਵਿਸ਼ੇ ਅਨੁਸਾਰ ਆਪਣੀ ਭਾਸ਼ਾ ਅਤੇ ਸ਼ੈਲੀ ਦੀ ਸਿਰਜਣਾ ਕਰਦਾ ਹੈ । ਪ੍ਰੇਮ ਚੰਦ ਦੀ ਯਥਾਰਥਵਾਦੀ ਭਾਸ਼ਾ-ਸ਼ੈਲੀ ਉਹਨਾਂ ਦੇ ਵਿਸ਼ੇ ਯਥਾਰਥ ਦੇ ਅਨੁਰੂਪ ਢਲ ਕੇ ਆਈ ਹੈ । ਯਥਾਰਥਵਾਦੀ ਲੇਖਕਾਂ ਲਈ ਕਿਸੇ ਅਮੂਰਤ ਭਾਸ਼ਾ-ਸ਼ੈਲੀ ਦੀ ਨਹੀਂ ਸਗੋਂ ਮੂਰਤ ਰੂਪ ਵਿਚ ਵਧ ਤੋਂ ਵਧ ਪਾਠਕਾਂ ਤਕ ਪਹੁੰਚ ਸਕਣ ਵਿਚ ਸਫਲ ਭਾਸ਼ਾ-ਸ਼ੈਲੀ ਦੇ ਮਾਧਿਅਮ ਦੀ ਲੋੜ ਹੁੰਦੀ ਹੈ ਅਤੇ ਇਸੇ ਭਾਸ਼ਾ ਸ਼ੈਲੀ ਦੀ ਸਿਰਜਣਾ ਉਹ ਕਰਦੇ ਹਨ ।

---

1. "ਮਹਾਕਾਵਿ ਰਾਹੀਂ ਸਮਾਜ ਦੀ ਜਿਹੋ ਜਿਹੀ ਪੂਰਨ ਪੇਸ਼ਕਾਰੀ ਹੋਈ ਹੈ ਉਹੋ ਜਿਹੀ ਨਾਵਲ ਰਾਹੀਂ ਨਾ ਤਾਂ ਕਦੀ ਹੋਈ ਹੈ ਅਤੇ ਨਾ ਹੀ ਹੋ ਸਕਦੀ ਹੈ । ਮਹਾਂਕਾਵਿ ਦੇ ਪਾਤਰਾਂ ਅਤੇ ਉਸ ਸਮਾਜ ਵਿਚਕਾਰ, ਜਿਸ ਵਿਚ ਕਿ ਉਹ ਰਹਿੰਦੇ ਸਨ, ਇਕ ਸੰਤੁਲਨ ਸੀ, ਜੋ ਹੁਣ ਗੁਆਚ ਚੁਕਿਆ ਹੈ ।" ਰੈਲਫ ਫਾਕਸ — "ਉਪਨਿਆਸ ਔਰ ਲੋਕ-ਜੀਵਨ" 1957, ਪੀਪਲਜ਼ ਪਬਲਿਸ਼ਿੰਗ ਹਾਊਸ, ਦਿੱਲੀ, ਸਫ਼ਾ 27 ।

2. 'ਨਾਵਲ ਸਾਡੇ ਆਧੁਨਿਕ ਬੁਰਜੂਆ ਸਮਾਜ ਦਾ ਮਹਾਂਕਾਵਿ ਹੈ ।' (ਉਹੋ) ਸਫ਼ਾ 26 ।

3. The self-containment of a work of art is therefore, the reflection of process of life in motion and in concrete dynamic context, George Lukac's, "Writer & The Critic", 1978 ed. p. 37.

4. Balzac whom I consider a far greater master of realism than all the Zolas, past, present and yet to come, in "La Comedie Humaine" gives us a most wonderfully realistic history of French society. Engles, Letter to Margret Harkness in 1888, Marx & Engles : "On Art & Literature" p. 91.

5. In the Marxist view the definitive quality in great realism is the passionate and dedicated search to grasp and reproduce reality as it is objectively and essentially. George Lukac's, "Writer And The Critic. Ed. 1978, p. 79.

6. A writer's ideology is merely a synthesis of the totality of his experiences on a certain level of abstraction. Ibid, p. 143.

7. Society is the principal subject of the novel, that is, man's social life in its ceaseless interaction with surrounding nature, which forms the basis of social activity and with the different social institutions or customs which mediate the relations between individuals in social life. The world of novel is a thoroughly concrete, complex and intricate world, inclusive of all the details of human behaviour



and conduct in society. George Lukac's, "The Historical Novel" Ed. 1976, Penguin Books, P. 163.

8. "ਸਭ ਤੋਂ ਵਧ ਮਹੱਤਵ ਚੀਜ਼ ਸਮਾਜਕ ਪਿੱਠਭੂਮੀ ਨਹੀਂ, ਸਗੋਂ ਇਸ ਸਮਾਜਕ ਪਿੱਠਭੂਮੀ ਵਿਚ ਆਪਣਾ ਪੂਰਨ ਵਿਕਾਸ ਪ੍ਰਾਪਤ ਕਰਨ ਵਾਲਾ ਮਨੁੱਖ ਹੈ । ਮਹਾਂਕਾਵਿ ਦਾ ਮਨੁੱਖ ਇਕ ਅਜਿਹਾ ਮਨੁੱਖ ਹੋਣਾ ਚਾਹੀਦਾ ਹੈ, ਜਿਸ ਵਿਚ ਖ਼ੁਦ ਉਸ ਦੇ ਅਤੇ ਉਸ ਦੀ ਵਿਵਹਾਰਕ ਸਰਗਰਮੀ ਦੇ ਖੇਤਰ ਵਿਚ ਕੋਈ ਵੰਡ ਨਹੀਂ ਹੁੰਦੀ । ਉਹ ਜਿਊਂਦਾ ਹੈ ਅਤੇ ਜ਼ਿੰਦਗੀ ਨੂੰ ਬਦਲਦਾ ਹੈ । ਆਦਮੀ ਆਤਮ-ਸਿਰਜਣਾ ਕਰਦਾ ਹੈ ।" — ਰੈਲਫ ਫਾਕਸ — 'ਉਪਨਿਆਸ ਔਰ ਲੋਕ-ਜੀਵਨ', ਸਫ਼ਾ 102.

9. The central category and criterion of realist literature is the type, a peculiar synthesis which organically binds together the general and particular both in characters and situations. George Lukac's, "Studies In European Realism", p. 6.

10. Realism, to my mind, implies, besides the truth of detail, the truthful reproduction of typical characters under typical circumstances. Engles, Letter to Margret Harkness in 1888, Marx & Engles — "On Literature & Art", p. 90.

11. Through the representation of a type the concrete, universal and essential qualities, what is enduring in man and what is historically determined and what is individual and what is socially universal, combine in typical art. George Lukac's, "Writer & The Critic", Ed, 1978, Merlin Press London, p. 78.

12. The true artistic totality of a literary work depends on the completeness of the picture it presents of the essential social factors that determine the world depicted. Hence it can be based only on the author's own intensive experience of the social process. George Lukac's, "Studies In European Realism, Ed. 1972, p. 147.

13. The purpose must become manifest from the situations and the action themselves without being expressly pointed out and that the author does not have to serve the reader on a platter the future historical resolution of the social conflicts he describes. Engles, Letter to Minna Kautsky in 1885, Marx and Engles, "On Literature & Art". Progress Pub. Moscow, Ed. 1976, p. 88.

14. Realism is not a style but the social basis of every truly great literature. George Lukac's, "Writer & The Critic", p. 231.

---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2.1.73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ ।

ਭੁਪਿੰਦਰ ਸਿੰਘ ਖਹਿਰਾ

# ਸੰਰਚਨਾਵਾਦ? ਸੰਰਚਨਾਵਾਦ? ਸੰਰਚਨਾਵਾਦ? ਸੰਰਚਨਾਵਾਦ? ਸੰਰਚਨਾ

ਪਿਛਲੇ ਕੁਝ ਵਰ੍ਹਿਆਂ ਤੋਂ ਪੰਜਾਬੀ ਆਲੋਚਨਾ ਜਗਤ ਵਿਚ ਸੰਰਚਨਾਵਾਦ ਦੀ ਚਰਚਾ ਹੋ ਰਹੀ ਹੈ। ਪਰ ਮਜ਼ੇ ਦੀ ਗੱਲ ਇਹ ਹੈ ਕਿ ਕੋਈ ਵੀ ਸੰਰਚਨਾਵਾਦੀ ਇਸ 'ਵਾਦ' ਦੀਆਂ ਮੂਲ ਧਾਰਨਾਵਾਂ ਦੀ ਵਿਆਖਿਆ ਕਰਨ ਵਿਚ ਸਫਲ ਨਹੀਂ ਹੋਇਆ। ਸਿਰਫ ਯੂਰਪ ਤੋਂ ਦਰਾਮਦ ਕੀਤੇ ਫਾਰਮੂਲੇ ਹੀ ਪੰਜਾਬੀ ਮਨ ਦੀਆਂ ਗੁੰਝਲਾਂ ਖੋਹਲਣ ਲਈ ਕਾਫੀ ਸਮਝੇ ਗਏ ਹਨ। ਬਹੁਤ ਸਾਰੇ 'ਡਾਕਟਰ' ਇਸ 'ਵਾਦ' ਦੇ ਹੱਕ ਜਾਂ ਵਿਰੋਧ ਵਿਚ ਇਕ ਅੱਖਰ ਵੀ ਲਿਖੇ ਬਗ਼ੈਰ ਇਸ ਦੀ ਨਿਝੱਕ ਅਤੇ ਥੋਕ ਵਰਤੋਂ ਕਰ ਰਹੇ ਹਨ। ਜਾਂ ਕੁਝ ਹੋਰ ਦੇਸੀ ਬੰਦੇ ਇਹਨਾਂ ਡਾਕਟਰਾਂ ਦੀ ਪੱਲੇਦਾਰੀ ਕਰ ਕੇ ਫਟਕੇ ਵਿਚ ਵਿਦਵਾਨ ਬਣ ਜਾਂਦੇ ਹਨ। ਆਖਰ ਇਹ ਕਰਾਮਾਤੀ 'ਵਾਦ' ਹੈ ਕੀ? ਪੰਜਾਬੀ ਜਗਤ ਵਿਚ ਵਧਦੇ ਇਸ ਦੇ ਫੈਸ਼ਨ ਨੂੰ ਮੁਖ ਰਖ ਕੇ, ਇਸ 'ਵਾਦ' ਬਾਰੇ ਗੱਲ ਤੋਰਨੀ ਜ਼ਰੂਰੀ ਹੋ ਗਈ ਹੈ।

**ਵਾਦ ਕੀ ਹੈ ?**—ਬੇਸ਼ਕ ਇਕ ਅੱਧ ਖ਼ਿਆਲ ਪਿੱਛੇ 'ਇਜ਼ਮ' ਲਾ ਕੇ ਝੰਡੀ ਗੱਡਣ ਦਾ ਫ਼ੈਸ਼ਨ ਵਿਸ਼ਵ ਪੱਧਰ 'ਤੇ ਪ੍ਰਚੱਲਤ ਹੈ, ਜਿਸ ਦੇ ਫਲਸਰੂਪ ਅਨੇਕਾਂ 'ਵਾਦ' ਹੋਂਦ ਵਿਚ ਆ ਗਏ ਹਨ, ਪਰ ਸਮਾਜਕ ਪ੍ਰਸੰਗ ਵਿਚ ਵਾਦ ਸਿਰਫ਼ ਉਸ ਦਰਸ਼ਨ ਜਾਂ ਵਿਧੀ ਨੂੰ ਹੀ ਕਿਹਾ ਜਾਂਦਾ ਹੈ, ਜਿਹੜੀ ਚੰਗੇ ਜਾਂ ਮਾੜੇ ਢੰਗ ਨਾਲ ਸਮਾਜਕ ਜ਼ਿੰਦਗੀ ਸਾਂਚਣ, ਤਰਾਸ਼ਣ ਤੇ ਨਿਖਾਰਨ ਲਈ ਸਹਾਈ ਹੋਵੇ। ਜਿਸ ਤਰ੍ਹਾਂ ਆਦਰਸ਼ਵਾਦ ਆਪਣੇ ਢੰਗ ਨਾਲ ਸਮਾਜਕ ਜ਼ਿੰਦਗੀ ਨੂੰ ਤਰਾਸ਼ਦਾ ਹੈ ਅਤੇ ਮਾਰਕਸਵਾਦ ਆਪਣੇ ਢੰਗ ਨਾਲ। ਇਸ ਤਰ੍ਹਾਂ ਵਾਦ ਹਮੇਸ਼ਾਂ ਲੋਕਾਂ ਦੀ ਸਮੂਹਕ, ਸਮਾਜਕ ਅਤੇ ਮਾਨਸਿਕ ਜ਼ਿੰਦਗੀ ਦੀ ਦਿਸ਼ਾ ਨਿਰਧਾਰਤ ਕਰਦਾ ਹੈ। ਵਾਦ ਸਮਾਜ ਨੂੰ ਜਿਊਣ ਦਾ ਢੰਗ ਦੇਂਦਾ ਹੈ। ਇਸ ਲਈ ਹੀ ਵਾਦ ਮਨੁਖ ਦੀ ਸਮਾਜਕ ਅਤੇ ਮਾਨਸਿਕ ਲੋੜ ਹੈ। ਹਰ ਵਾਦ ਦਾ ਸੰਕਲਪ ਸਮਾਜਕ ਪ੍ਰਸਥਿਤੀਆਂ 'ਚੋਂ ਜਨਮ ਲੈਂਦਾ ਹੈ ਅਤੇ ਮੁੜ ਇਹਨਾਂ ਪ੍ਰਸਥਿਤੀਆਂ 'ਤੇ ਅਸਰ ਪਾ ਕੇ ਇਹਨਾਂ ਨੂੰ ਇਕ ਨਿਸ਼ਚਿਤ ਦਿਸ਼ਾ ਵਿਚ ਤੋਰਦਾ ਹੈ। ਇਸ ਲਈ ਇਹ ਗੱਲ ਯਕੀਨੀ ਹੈ ਕਿ ਹਰ ਵਾਦ ਦਾ ਸਮਾਜਕ ਆਧਾਰ ਹੁੰਦਾ ਹੈ। ਸਮਾਜਕ ਆਧਾਰ ਤੋਂ ਬਿਨਾਂ, ਸਮਾਜ ਵਿਗਿਆਨ ਅਤੇ ਇਸ ਦੀਆਂ ਕਿਰਤਾਂ, ਕਲਾ ਸਾਹਿਤ ਆਦਿ ਵਿਚ ਕਿਸੇ ਫਰਜ਼ੀ 'ਵਾਦ' ਦੀ ਉਸਾਰੀ ਦੀ ਗੁੰਜਾਇਸ਼ ਨਹੀਂ।

ਜਦੋਂ ਅਸੀਂ ਸੰਰਚਨਾਵਾਦ 'ਤੇ ਨਜ਼ਰ ਮਾਰਦੇ ਹਾਂ ਤਾਂ ਸੰਰਚਨਾਵਾਦ 'ਵਾਦ' ਦੀਆਂ ਮੁਢਲੀਆਂ



ਲੋੜਾਂ/ਸ਼ਰਤਾਂ ਵੀ ਪੂਰੀਆਂ ਨਹੀਂ ਕਰਦਾ। ਇਸ ਦਾ ਜੀਵਨ ਪ੍ਰਤੀ ਅਨੁਭਵ ਧੁੰਦਲਾ ਹੈ। ਇਹ ਮਨੁੱਖੀ ਜ਼ਿੰਦਗੀ ਨੂੰ ਕਿਹੜੀ ਦਿਸ਼ਾ ਢੋਣੀ ਚਾਹੁੰਦਾ ਹੈ? ਇਹ ਕਿਹੋ ਜਿਹੀਆਂ ਸਮਾਜਕ ਪ੍ਰਸਥਿਤੀਆਂ ਦੀ ਸਿਰਜਨਾ ਲਈ ਤਾਂਘਦਾ ਅਤੇ ਜੂਝਦਾ ਹੈ? ਸੰਰਚਨਾਵਾਦ ਦਾ ਸਮਾਜਕ ਆਧਾਰ ਕੀ ਹੈ? ਇਹ ਪ੍ਰਸ਼ਨ ਚਿੰਨ੍ਹ ਸੰਰਚਨਾਵਾਦ ਦਾ ਅਟੁੱਟ ਅੰਗ ਹਨ। ਵਾਦ ਦੇ ਮੁਢਲੇ ਗੁਣਾਂ ਦੀ ਪੂਰਤੀ ਨਾ ਕਰਨ ਕਰਕੇ ਸੰਰਚਨਾਵਾਦ ਨੂੰ ਵਾਦ ਕਹਿਣਾ ਸਾਡੀ ਜਾਚੇ ਉੱਚਿਤ ਨਹੀਂ ਹੈ।

**ਵਾਦ ਅਤੇ ਵਿਧੀ :** ਕੁਝ ਕੁ ਸੁਲਝੇ ਹੋਏ ਸੰਰਚਨਾਵਾਦੀਆਂ ਦਾ ਵਿਚਾਰ ਹੈ ਕਿ ਸੰਰਚਨਾਵਾਦ ਅਸਲ ਵਿਚ ਵਾਦ ਨਹੀਂ; ਇਹ ਤਾਂ ਭਾਸ਼ਾ ਅਤੇ ਸਭਿਆਚਾਰ ਨੂੰ ਸਮਝਣ ਦੀ ਵਿਧੀ ਹੈ। ਇਹ ਵਿਧੀ ਬੋਟਨੀ, ਜੁਆਲੋਜੀ, ਕਮਿਸਟਰੀ, ਸਮਾਜ ਵਿਗਿਆਨ ਆਦਿ ਵਿਚ ਬੜੇ ਹੀ ਸੁਚੱਜੇ ਢੰਗ ਨਾਲ ਵਰਤੀ ਜਾ ਸਕਦੀ ਹੈ।

ਮਨੁੱਖ ਦੀ ਮੁੱਖ ਸਮੱਸਿਆ ਇਸ ਧਰਤੀ 'ਤੇ ਸਮਾਜਕ ਜੀਵਨ ਨੂੰ ਸੌਖਾ ਬਣਾਉਣ ਦੀ ਸਮੱਸਿਆ ਹੈ। ਇਸ ਲਈ ਸਮੁੱਚਾ ਗਿਆਨ ਇਸ ਦਿਸ਼ਾ ਵਲ ਵਿਕਾਸ ਕਰ ਰਿਹਾ ਹੈ। ਕਿਸੇ ਵੀ ਵਿਅਕਤੀ ਨੂੰ ਰਾਹ ਚੁਣਨ ਤੋਂ ਪਹਿਲਾਂ ਆਪਣੀ ਮੰਜ਼ਿਲ ਦਾ ਜ਼ਰੂਰ ਪਤਾ ਹੋਣਾ ਚਾਹੀਦਾ ਹੈ। ਜੇਕਰ ਕੋਈ ਮੰਜ਼ਿਲ ਹੀ ਨਹੀਂ ਤਾਂ ਰਾਹ, ਭਟਕਣ ਤੋਂ ਸਿਵਾਏ ਹੋਰ ਕੀ ਹੋ ਸਕਦਾ ਹੈ? ਵਾਦ ਮਨੁੱਖ ਦੀ ਮੰਜ਼ਿਲ ਹੈ ਅਤੇ ਵਿਧੀ ਉਸ ਅਨੁਸਾਰ ਸੰਸਾਰ ਨੂੰ ਸਮਝਣ ਤੇ ਬਦਲਣ ਦਾ ਢੰਗ। ਵਿਧੀ ਆਪਣੇ ਆਪ ਵਿਚ ਕੁਝ ਨਹੀਂ, ਜੇਕਰ ਇਹ ਕਿਸੇ ਵਾਦ ਨਾਲ ਨਹੀਂ ਜੁੜੀ ਹੋਈ। ਜਿਸ ਤਰ੍ਹਾਂ ਰਾਹ ਦੇ ਆਪਣੇ ਆਪ 'ਚ ਕੋਈ ਅਰਥ ਨਹੀਂ ਜੇਕਰ ਉਹ ਕਿਸੇ ਮੰਜ਼ਿਲ 'ਤੇ ਨਹੀਂ ਪਹੁੰਚਦਾ। ਭਾਸ਼ਾ ਦੇ ਆਪਣੇ ਆਪ 'ਚ ਕੋਈ ਅਰਥ ਨਹੀਂ ਜੇਕਰ ਉਹ ਕਿਸੇ ਭਾਵ ਨੂੰ ਨਹੀਂ ਪ੍ਰਗਟਾਉਂਦੀ। ਭਾਵ ਦੀ ਆਪਣੀ ਹੋਂਦ, ਵਸਤੂ ਦੇ ਗੁਣਾਤਮਿਕ ਲੱਛਣਾਂ 'ਤੇ ਨਿਰਭਰ ਹੈ। ਇਸ ਲਈ ਕੋਈ ਵੀ ਵਿਧੀ ਜੇਕਰ ਸਮਾਜਕ ਸਮੱਸਿਆ ਨੂੰ ਹੱਲ ਕਰਨ ਲਈ ਨਹੀਂ, ਅਤੇ ਮਨੁੱਖੀ ਬੋਧ-ਵਿਕਾਸ ਦੀ ਦਿਸ਼ਾ ਨਿਰਧਾਰਤ ਨਹੀਂ ਕਰਦੀ ਤਾਂ ਅਜੇਹੀ ਵਿਧੀ ਕਪੜੇ ਮਾਪਣ ਵਾਲਾ ਗਜ਼ ਤਾਂ ਹੋ ਸਕਦੀ ਹੈ, ਪਰ ਉਸ ਨੂੰ ਸਮਾਜ ਵਿਗਿਆਨ ਦੀ ਵਿਧੀ ਨਹੀਂ ਕਿਹਾ ਜਾ ਸਕਦਾ। ਵਾਦ, ਵਿਧੀ, ਮੰਜ਼ਿਲ ਤੇ ਸੰਕਲਪ, ਚੁਸਤ ਡਾਇਲੈਕਟਕ ਰਿਸ਼ਤੇ ਦੁਆਰਾ ਜੁੜੇ ਹੋਏ ਹਨ। ਹਰ ਵਿਧੀ ਆਪਣੀ ਉਸਾਰੀ ਤੋਂ ਪਹਿਲਾਂ ਆਪਣੀ ਮੰਜ਼ਿਲ ਦਾ ਕਿਆਸ ਕਰਦੀ ਹੈ। ਇਸ ਲਈ ਭਾਸ਼ਾ ਵਿਗਿਆਨ ਦੀ ਵਿਧੀ ਸਮਾਜਕ ਅਤੇ ਸਭਿਆਚਾਰਕ ਤੱਤਾਂ ਦੇ ਵਿਸ਼ਲੇਸ਼ਣ ਲਈ ਜਿਉਂ ਦੀ ਤਿਉਂ ਨਹੀਂ ਵਰਤੀ ਜਾ ਸਕਦੀ ਕਿਉਂਕਿ ਦੋਹਾਂ ਵਿਚ ਗੁਣਾਤਮਿਕ ਅੰਤਰ ਹੈ। ਇਹਨਾਂ ਨੂੰ ਸੰਚਾਰ ਦੇ ਵਸੀਲੇ ਮੰਨ ਕੇ ਇਕੋ ਰੱਸੇ ਹੀ ਨਹੀਂ ਬੰਨ੍ਹਿਆਂ ਜਾ ਸਕਦਾ। ਭਾਸ਼ਾ ਵਿਗਿਆਨ ਦੀ ਵਿਧੀ ਸਮਾਜਕ ਅਤੇ ਸਭਿਆਚਾਰਕ ਖੇਤਰ ਵਿਚ ਪ੍ਰਵੇਸ਼ ਕਰ ਕੇ ਅਨੇਕਾਂ ਊਣਤਾਈਆਂ ਦਾ ਸ਼ਿਕਾਰ ਹੋ ਜਾਂਦੀ ਹੈ।

**ਭਾਸ਼ਾ ਤੇ ਸਭਿਆਚਾਰ :** ਪ੍ਰਸਿੱਧ ਸੰਰਚਨਾਵਾਦੀ ਲੈਵੀ ਸਤਰੋਸ ਦਾ ਕਥਨ ਹੈ ਕਿ ਭਾਸ਼ਾ ਸਿਰਫ਼ ਬੋਲ ਚਾਲ ਦੀ ਹੀ ਭਾਸ਼ਾ ਨਹੀਂ, ਇਸ ਵਿਚ ਭਾਵ-ਵਟਾਂਦਰੇ ਦੇ ਹੋਰ ਮਾਧਿਅਮ ਵੀ ਸ਼ਾਮਲ ਹਨ, ਜਿਵੇਂ ਮਿਥਿਹਾਸ, ਤੋਹਫ਼ੇ ਤੇ ਪਰਵਾਰਕ ਰਿਸ਼ਤੇ ਆਦਿ। ਇਸ ਤਰ੍ਹਾਂ ਉਹ ਭਾਵ-ਵਟਾਂਦਰੇ ਨੂੰ ਸੰਚਾਰ ਦਾ ਵਿਆਪਕ ਸਾਧਨ ਮੰਨਦਾ ਹੈ। ਉਸ ਦਾ ਮਕਸਦ ਸਭਿਆਚਾਰਕ ਅਤੇ ਭਾਸ਼ਾਈ ਚਿੰਨ੍ਹਾਂ ਦੀ ਖ਼ਾਸੀਅਤ ਨੂੰ ਪਰਖਣਾ ਨਹੀਂ ਸਗੋਂ ਉਹਨਾਂ ਦੀ ਹਰਕਤ ਨੂੰ ਤਾੜਨਾ ਪ੍ਰਤੀਤ ਹੁੰਦਾ ਹੈ। ਸਭਿਆਚਾਰਕ ਅਤੇ ਭਾਸ਼ਾਈ ਚਿੰਨ੍ਹਾਂ ਵਿਚ ਗੁਣਾਤਮਿਕ ਅੰਤਰ ਹੈ। ਭਾਸ਼ਾਈ ਚਿੰਨ੍ਹਾਂ

ਵਿਚ ਰੂਪ ਅਤੇ ਸਾਰ ਆਪਸੀ ਪ੍ਰੀਵਰਤਨ ਕਰਦੇ ਹਨ। ਪਰ ਸਭਿਆਚਾਰਕ ਚਿੰਨ੍ਹਾਂ ਵਿਚ ਸਾਰ ਹੀ ਰੂਪ ਹੁੰਦਾ ਹੈ। ਜਿਸ ਤਰ੍ਹਾਂ ਭਾਜੀ ਜਾਂ ਨਿਉਂਦਾ ਪਾਉਣ ਦਾ ਸਾਰ ਹੀ ਰੂਪ ਹੈ। ਮਿਕਦਾਰ ਦੀ ਵਾਧ ਘਾਟ ਰਿਸ਼ਤੇ ਦੀ ਘਣਤਾ ਨੂੰ ਪ੍ਰਗਟਾਉਂਦੀ ਹੈ। ਪਰ ਬੋਲੀ ਵਿਚ ਉੱਚੀ ਜਾਂ ਹੌਲੀ ਬੋਲਣ ਨਾਲ ਭਾਵਾਂ 'ਚ ਅੰਤਰ ਤਾਂ ਆ ਸਕਦਾ ਹੈ, ਪਰ ਰਿਸ਼ਤੇ ਦੀ ਘਣਤਾ ਦਾ ਸੰਕੇਤ ਨਹੀਂ ਮਿਲਦਾ।

ਭਾਵ ਆਪਣੇ ਆਪ ਵਿਚ ਕੁਝ ਨਹੀਂ ਹੁੰਦਾ। ਤੱਤ ਰੂਪ ਨਾਲ ਮਨੁੱਖੀ ਮਨ ਦਾ ਰਿਸ਼ਤਾ ਹੁੰਦਾ ਹੈ। ਇਸ ਰਿਸ਼ਤੇ ਦੀ ਸਿਰਜਨਾ ਜੀਵਨ-ਸਥਿਤੀ ਦੇ ਪਿੱੜ ਵਿਚ ਹੁੰਦੀ ਹੈ। ਇਸ ਤਰ੍ਹਾਂ ਸਭਿਆਚਾਰਕ ਚਿੰਨ੍ਹਾਂ ਅਤੇ ਭਾਸ਼ਾਈ ਚਿੰਨ੍ਹਾਂ ਦਾ ਕਾਰਜ ਇਕ ਹੁੰਦਿਆਂ ਹੋਇਆਂ ਵੀ ਉਹਨਾਂ ਵਿਚ ਇਕਸਾਰਤਾ ਨਹੀਂ। ਇਸ ਲਈ ਇਹਨਾਂ ਨੂੰ ਇਕ ਦੂਸਰੇ ਨਾਲ ਰੱਲ ਗੱਡ ਕਰਨਾ ਮੁਨਾਸਿਬ ਨਹੀਂ।

**ਸੰਰਚਨਾਵਾਦ : ਇਕ ਬੇਪਛਾਣ ਸਿਧਾਂਤ :** ਸੰਰਚਨਾਵਾਦ ਨੂੰ ਡਾ: ਹਰਿਭਜਨ ਸਿੰਘ ਇਕ ਬੇਪਛਾਣ ਸਿਧਾਂਤ ਮੰਨਦੇ ਹਨ। ਉਹ ਆਪਣੀ ਪੁਸਤਕ **ਰਚਨਾ ਸੰਰਚਨਾ** ਦੇ ਪੰਨਾ 55 'ਤੇ ਲਿਖਦੇ ਹਨ ਕਿ "ਇਹ ਚਿੰਤਨ ਆਪਣੇ ਚਿੰਤਕ ਤੋਂ ਮੁਕਤ ਹੈ, ਗੁਮਨਾਮ ਚਿੰਤਨ, ਵਿਅਕਤੀ-ਰਹਿਤ ਗਿਆਨ ਜਾਂ ਬੇਪਛਾਣ ਸਿਧਾਂਤ ਦੀ ਇਹੋ ਸ਼ਰਤ ਹੈ। ਬੇਪਛਾਣ ਸਿਧਾਂਤ ਦਾ ਮਤਲਬ ਏਨਾ ਹੀ ਹੈ ਕਿ ਇਹ ਸਾਹਿਤ ਜਾਂ ਦਰਸ਼ਨ ਦੀ ਕਿਸੇ ਧਾਰਾ ਨਾਲ ਸਬੰਧਤ ਨਹੀਂ। ਇਹ ਚਿੰਤਨ ਦਾ ਸਮੂਹ ਨਹੀਂ।"

ਪਰ, ਸੀ. ਜੈਕਬਸਨ ਦਾ ਕਥਨ ਹੈ : "ਸੰਰਚਨਾਵਾਦੀ ਵਿਸ਼ਲੇਸ਼ਣ ਕਿਵੇਂ ਸ਼ੁਰੂ ਹੁੰਦਾ ਹੈ ? ਸਭ ਤੋਂ ਪਹਿਲਾਂ ਅਸੀਂ ਕਿਸੇ ਸੰਸਥਾ ਨੂੰ ਸਿਰਜਨ ਵਾਲੀਆਂ ਇਕਾਈਆ ਦੀਆਂ ਪ੍ਰਭਾਸ਼ਾਵਾਂ ਉਲੀਕਦੇ ਹਾਂ। ਇਹ ਕਿਸੇ ਭਾਸ਼ਾ ਦੇ ਧੁਨੀ-ਗ੍ਰਾਮਾਂ ਤੇ ਭਾਵ-ਅੰਸਾਂ ਦੇ ਗ੍ਰਹਿਣ ਕਰਨ ਬਰਾਬਰ ਹਨ। ਇਸ ਲਈ ਇਹਨਾਂ ਦਾ ਵਖਰੇਟ ਸਭਿਆਚਾਰਾਂ 'ਚ ਟਾਕਰਾ ਕਰ ਕੇ ਕੀਤਾ ਜਾ ਸਕਦਾ ਹੈ।"

ਉਪਰੋਕਤ ਦੋਵੇਂ ਪ੍ਰੀਭਾਸ਼ਾਵਾਂ ਆਪਸ ਵਿਚ ਵਿਰੋਧੀ ਹਨ। ਹੇਠਲੀ ਪ੍ਰੀਭਾਸ਼ਾ ਡਾ. ਹਰਿਭਜਨ ਸਿੰਘ ਦੀ ਉਪਰੋਕਤ ਧਾਰਨਾ ਦੇ ਵਿਪਰੀਤ ਖੜਦੀ ਹੈ। (1) ਕਿਸੇ ਸੰਸਥਾਂ ਦੇ ਤੱਤਾਂ ਦੀਆ ਪ੍ਰੀਭਾਸ਼ਾਵਾਂ ਦੇਣੀਆਂ ਪੈਣਗੀਆਂ। (2) ਇਹ ਧੁਨੀ-ਗ੍ਰਾਮਾਂ ਤੇ ਭਾਵ-ਅੰਸ਼ਾਂ ਦੇ ਗ੍ਰਹਿਣ ਕਰਨ ਬਰਾਬਰ ਹਨ।

ਹੁਣ ਸਵਾਲ ਇਹ ਉਠਦਾ ਹੈ ਕਿ ਇਹ ਪ੍ਰੀਭਾਸ਼ਾਵਾਂ ਕਿਸ ਆਧਾਰ 'ਤੇ ਦਿੱਤੀਆਂ ਜਾਣਗੀਆਂ। ਇਹਨਾਂ ਪ੍ਰੀਭਾਸ਼ਾਵਾਂ ਦੇ ਸਮਾਜਕ ਅਤੇ ਆਰਥਕ ਆਧਾਰ ਕੀ ਹੋਣਗੇ ? ਇਸ ਸਵਾਲ ਦਾ ਜਵਾਬ ਨਾ ਤਾਂ ਡਾ. ਹਰਿਭਜਨ ਸਿੰਘ ਪਾਸ ਹੈ ਅਤੇ ਨਾ ਹੀ ਵਿਸ਼ਵ ਦੇ ਕਿਸੇ ਹੋਰ ਸੰਰਚਨਾਵਾਦੀ ਪਾਸ। ਖੈਰ, ਹਰ ਸੰਰਚਨਾਵਾਦੀ ਨੂੰ ਇਹ ਪ੍ਰੀਭਾਸ਼ਾਵਾਂ ਦੇਣੀਆਂ ਪੈਣਗੀਆਂ; ਨਹੀਂ ਤਾਂ ਉਸ ਦੀ ਕਥਿਤ ਸੰਰਚਨਾ ਜਨਮ ਨਹੀਂ ਲੈ ਸਕਦੀ। ਤਾਂ ਫਿਰ ਅਜੇਹੀ ਪ੍ਰੀਭਾਸ਼ਾ ਦੇਣ ਲਗਿਆਂ 'ਚਿੰਤਨ' ਚਿੰਤਕ ਤੋਂ ਕਿਵੇਂ ਮੁਕਤ ਹੋ ਸਕਦਾ ਹੈ ? ਜਦੋਂ ਇਹਨਾਂ ਪ੍ਰੀਭਾਸ਼ਾਵਾਂ ਵਿਚ ਚਿੰਤਕ ਦਾ ਆਪਾ ਆ ਗਿਆ ਤਾਂ ਇਹ ਗੁਮਨਾਮ ਕਿਵੇਂ ਹੋ ਸਕਦੀਆ ਹਨ ?

**ਸੰਰਚਨਾ—ਇਕ ਭੰਬਲਭੂਸਾ :** ਸੰਰਚਨਾਵਾਦੀ, ਸੰਰਚਨਾ ਨੂੰ ਆਪਣੀ ਵਿੱਧੀ ਦਾ ਕੇਂਦਰੀ ਧੁਰਾ ਮੰਨਦੇ ਹਨ। ਪਰ ਅਜੇ ਤੱਕ ਇਸ ਸੰਰਚਨਾ ਦਾ ਕੋਈ ਨਿਸ਼ਚਿਤ ਸਰੂਪ ਜਾਂ ਪ੍ਰੀਭਾਸ਼ਾ ਨਹੀਂ ਦਿਸਦੀ। ਉਘਾ ਸੰਰਚਨਾਵਾਦੀ ਲੇਵੀ ਸਤਰੋਸ ਸੰਰਚਨਾ ਉਸ ਮਾਡਲ ਨੂੰ ਮੰਨਦਾ ਹੈ ਜਿਸ ਵਿਚ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਹੋਣ :

**First, the structure should exhibit the characteristics of a system. It is made up of several elements, none of which can undergo a**



**change without effecting changes in all the other elements.**

**Second, for any given model there should be a possibility of ordering a series of transformations resulting in a group of models at the same time.**

**Third, the above properties make it possible to predict how the model will react if one or more of its elements are submitted to certain modifications.**

ਡਾ: ਹਰਿਭਜਨ ਸਿੰਘ ਵੀ ਉਪਰੋਕਤ ਧਾਰਨਾ ਦਾ ਹੀ ਉਲਥਾ ਕਰਦੇ ਹਨ : "ਸੰਰਚਨਾਵਾਦੀ ਚਿੰਤਨ ਦਾ ਕੇਂਦਰੀ ਨੁਕਤਾ ਸੰਰਚਨਾ ਹੈ। ਪਰ ਮਜ਼ੇ ਦੀ ਗੱਲ ਇਹ ਹੈ ਕਿ ਇਹ ਸੰਕਲਪ ਵੀ ਅਜੇ ਨਿਸ਼ਚਿਤ ਪ੍ਰੀਭਾਸ਼ਾ ਗ੍ਰਹਿਣ ਨਹੀਂ ਕਰ ਸਕਿਆ। ਇਸ ਦਾ ਵੱਡਾ ਕਾਰਨ ਇਹ ਹੈ ਕਿ ਇਸ ਨੂੰ ਅਨੇਕਾਂ ਖੇਤਰਾਂ ਵਿਚ ਵਰਤਿਆ ਗਿਆ ਹੈ। ਸਮਾਜ ਸ਼ਾਸਤਰ, ਸਭਿਆਚਾਰ, ਇਤਿਹਾਸ, ਮਾਨਵ-ਵਿਗਿਆਨ, ਅਰਥ ਵਿਗਿਆਨ ਅਜੇਹੇ ਕਈ ਖੇਤਰ ਹਨ। ਤਾਂ ਵੀ ਅਨੇਕ ਖੇਤਰਾਂ ਵਿਚ ਸੰਰਚਨਾ ਦੀ ਜੋ ਵਿਆਖਿਆ ਹੋਈ ਹੈ ਉਸ ਦੇ ਅਧਾਰ 'ਤੇ ਇਕ ਸਾਂਝਾ ਅਰਥ ਨਿਸ਼ਚਿਤ ਕੀਤਾ ਜਾ ਸਕਦਾ ਹੈ। ਸੰਰਚਨਾ, ਵਸਤੂ ਜਾ ਵਸਤੂ ਸਿਰਜਨਾ ਦਾ ਇਕ ਟੋਟਾ ਹੈ ਜਿਸ ਦੇ ਅੰਗ ਆਪਸੀ ਸਬੰਧਾਂ ਵਿਚ ਜੁੜੇ ਹੁੰਦੇ ਹਨ। ਅੰਗ ਇਕ ਦੂਸਰੇ 'ਤੇ ਨਿਰਭਰ ਹੁੰਦੇ ਹਨ ਅਤੇ ਉਹਨਾਂ ਦੀ ਆਪਸੀ ਨਿਰਭਰਤਾ ਉਸ ਵਸਤੂ ਜਾਂ ਸਿਰਜਨਾ ਦੀ ਸਮੁੱਚ ਨਾਲ ਸਬੰਧਤ ਹੁੰਦੀ ਹੈ। ਇਸ ਤਰ੍ਹਾਂ ਸੰਰਚਨਾ ਇਕ ਤਰ੍ਹਾਂ ਦਾ ਸੰਗਠਿਤ ਨੇਮ-ਪ੍ਰਬੰਧ ਹੈ—ਵਸਤੂ ਅਤੇ ਨੇਮ ਦਾ ਜੋੜ ਮੇਲ। ਸੰਰਚਨਾਵਾਦੀ ਚਿੰਤਕ ਕਿਸੇ ਵਸਤੂ ਦੇ ਚਿੰਤਨ ਸਮੇਂ ਉਸ ਵਸਤੂ ਦਾ ਨਮੂਨਾ ਜਾਂ ਮਾਡਲ ਤਿਆਰ ਕਰਦਾ ਹੈ।"

**Kroeber says: In fact everything that is not wholly amorphous has a structure. So what structure adds to the meaning of our phrase seems to be nothing, except to provide a degree of pleasant puzzlement.**

ਉਪਰੋਕਤ ਪ੍ਰੀਭਾਸ਼ਾਵਾਂ ਸੰਰਚਨਾਵਾਦੀਆਂ ਦੇ ਸੰਰਚਨਾ ਤਰਾਸ਼ਣ ਦੇ ਨਿਸ਼ਚੇ ਤੋਂ ਚੁੱਪ ਹਨ। ਲੇਵੀ ਸਤਰੋਸ ਆਪਣੀ ਵਿਧੀ ਨੂੰ ਅਮਲੀ ਰੂਪ ਦਿੰਦਾ ਹੋਇਆ ਗੁੰਝਲਾਂ ਸੁਲਝਾਉਣ ਅਤੇ ਵਸਤੂਆਂ ਨੂੰ ਜੁਗਤਬੰਦ ਕਰਨ ਦੀ ਵਿਧੀ ਵਿਚਾਲੇ ਡੂੰਘਾ ਰਿਸ਼ਤਾ ਨਿਰਧਾਰਤ ਕਰਦਾ ਹੈ। ਉਸ ਦੀ ਇਹ ਧਾਰਨਾ ਮਿਥਹਾਸ, ਸਮਾਜਕ ਰਿਸ਼ਤੇ ਨਾਤਿਆਂ ਦੇ ਢਾਂਚੇ ਤੇ ਹੋਰ ਸਭਿਆਚਾਰਕ ਸੰਸਥਾਵਾਂ ਅਤੇ ਪੈਦਾਵਾਰਾਂ 'ਤੇ ਨਿਰਧਾਰਤ ਹੈ। ਉਸ ਦਾ ਵਿਚਾਰ ਹੈ ਕਿ ਉਸ ਦੀ ਇਹ ਵਿਧੀ ਮਨੁੱਖੀ ਦਿਮਾਗ ਦੀਆਂ ਵਿਆਪਕ ਅਤੇ ਅਚੇਤ ਕ੍ਰਿਆਵਾਂ ਦੀ ਪ੍ਰਦਰਸ਼ਨੀ ਕਰਨ ਵਾਲੀਆਂ ਵਿਧੀਆਂ 'ਚੋਂ ਇਕ ਹੈ।

ਮਿਥਿਹਾਸ ਲੋਕਾਂ ਦੁਆਰਾ ਸਮੂਹਕ ਜ਼ਿੰਦਗੀ ਦੀ ਪ੍ਰਦਰਸ਼ਨੀ ਲਈ ਪ੍ਰਤੀਵਾਦੀ ਰੂਪਾਂ ਤੇ ਸਾਰਾਂ ਦੀ ਪ੍ਰਣਾਲੀ ਹੈ। ਸਮੂਹਕ ਜ਼ਿੰਦਗੀ ਉਹਨਾਂ ਦੇ ਸਮੁੱਚੇ ਸਭਿਆਚਾਰ ਨੂੰ ਸਿਰਜਦੀ ਹੈ। ਜਿਹੜਾ ਅਗਾਉਂ ਉਹਨਾਂ ਦੀ ਜ਼ਿੰਦਗੀ ਤੇ ਮੌਤ, ਸਿਰਜਨਾ ਤੇ ਤਬਾਹੀ, ਪਿਆਰ ਤੇ ਮਾਣ, ਜਨਮ ਤੇ ਵਿਆਹ ਦੇ ਵਿਚਾਲੇ ਮਾਨਸਿਕ ਪ੍ਰਤੀਕਰਮ ਨੂੰ ਪੇਸ਼ ਕਰਦੀ ਹੈ। ਸਮਾਜਕ ਸੂਝ ਸਭਿਆਚਾਰਕ ਇਮਜ਼ ਨੂੰ ਮਾਨਸਿਕ ਪੱਧਰ 'ਤੇ ਉਛਾਲਦੀ ਹੈ। ਇਹਨਾਂ ਮਾਨਸਿਕ ਤੱਤਾਂ ਦੀਆਂ ਸਾਡੇ ਸਭਿਆਚਾਰਕ ਗਿਆਨ ਵਿਚ ਡੂੰਘੀਆਂ ਜੜ੍ਹਾਂ ਹੁੰਦੀਆਂ ਹਨ। ਇਸ ਲਈ ਮਿਥਿਹਾਸ ਦਾ ਅਧਿਐਨ ਕਰਨ ਲਈ ਸਭਿਆਚਾਰਕ ਜੀਵ-ਵਿਗਿਆਨ (cultural biology) ਦੇ ਸੋਮਿਆਂ ਦੀ ਗਿਣਤੀ ਕਰਨਾ

ਜ਼ਰੂਰੀ ਹੋ ਜਾਂਦਾ ਹੈ। ਅਨੁਭਵ ਗ੍ਰਹਿਣ ਤੇ ਵਿਸ਼ਵ ਨੂੰ ਪ੍ਰਗਟ ਕਰਨ ਦੀ ਉਹਨਾਂ ਦੀ ਜੁਗਤ ਨੂੰ ਜਾਣਨਾ ਜ਼ਰੂਰੀ ਹੁੰਦਾ ਹੈ। ਮਨ ਦੇ ਚੌਗਿਰਦੇ ਨਾਲ ਉਹਨਾਂ ਦੇ ਰਿਸ਼ਤੇ ਨੂੰ ਸਮਝਣਾ ਲਾਜ਼ਮੀ ਹੁੰਦਾ ਹੈ। ਇਸ ਬਾਰੇ ਸਮਾਜੀ ਮਨੁੱਖ ਨੇ ਦਿਮਾਗ਼ੀ ਹੁਨਰ ਦੇ ਸਵਾਲ ਉਠਾਣੇ ਹਨ ਕਿ ਉਹ ਰਿਸ਼ਤਿਆਂ ਨੂੰ ਕਿਵੇਂ ਸਿਰਜਦਾ, ਬਦਲਦਾ ਤੇ ਅਪਣਾਉਂਦਾ ਹੈ। ਪਰ ਲੈਵੀ ਸਤਰੋਸ ਦੀ ਸੰਰਚਨਾਵਾਦੀ ਵਿਧੀ ਇਸ ਬਾਰੇ ਚੁੱਪ ਹੈ। ਉਸ ਦਾ ਜ਼ਿਆਦਾ ਜ਼ੋਰ ਸਭਿਆਚਾਰ ਤੇ ਬੋਧ-ਵਿਕਾਸ ਦੀ ਪਰਖ ਦੀ ਮਹੱਤਤਾ ਦਸਦਿਆਂ ਹੀ ਲਗ ਜਾਂਦਾ ਹੈ। ਉਹ ਦਰਸਾਉਂਦਾ ਹੈ ਕਿ ਕਿਵੇਂ ਬਹੁਤ ਸਾਰੇ ਸਭਿਆਚਾਰਾਂ ਦੇ ਮਨੁੱਖ ਅਤੇ ਵੰਨ ਸਵੰਨੇ ਰੂਪਾਂ ਨਾਲ ਭਰਪੂਰ ਸਮੱਗਰੀ ਮਨੁੱਖੀ ਨਸਲਾਂ ਨੂੰ ਇਕ ਦੂਸਰੇ ਨਾਲ ਜੋੜਨ ਵਾਲੀ ਕੜੀ ਹੈ, ਜਿਹੜੀ ਸਾਂਝੀ ਤਹਿ ਹੇਠਲੇ ਮਨੁੱਖੀ ਉਦਮਾਂ ਦਾ ਸਬੂਤ ਹੈ। ਠੀਕ ਹੈ, ਇਸ ਧਰਤੀ 'ਤੇ ਮਨੁੱਖ ਦੁਆਰਾ ਸਿਰਜੀ ਗਈ ਸੁੰਦਰਤਾ ਹੇਠ ਵੀ ਅਥਾਹ ਉੱਦਮ ਹਨ। ਹਰ ਸਮਾਜਕ ਜਾਂ ਸਭਿਆਚਾਰਕ ਸੰਰਚਨਾ ਇਹਨਾਂ ਉਦਮਾਂ ਤੋਂ ਸੱਖਣੀ ਨਹੀਂ। ਗੱਲ ਕੀ ਅਸੀਂ ਕਿਸੇ ਸਭਿਆਚਾਰਕ ਸਮੱਸਿਆ ਨੂੰ ਸ਼ੁਰੂ ਕਰਾਂਗੇ; ਉਸ ਦੇ ਲੰਮੇ ਚੌੜੇ ਵਿਸਥਾਰ ਦੇ ਕੇ ਘੜੀ ਮੁੜੀ ਉਸੇ ਨਤੀਜੇ 'ਤੇ ਪਹੁੰਚਾਂਗੇ (ਜਿਸ ਤਰ੍ਹਾਂ ਪੰਜਾਬੀ ਵਿਚ ਰਸਵਾਦੀ ਆਲੋਚਕ ਢੇਰ ਸਾਰੀ ਵਿਆਖਿਆ ਦੇਣ ਤੋਂ ਬਾਅਦ ਬੜੀ ਸੰਜੀਦਗੀ ਨਾਲ ਕਹਿੰਦੇ ਹਨ ਕਿ ਇਸ ਵਿਚ ਤਾਂ ਫਲਾਣਾ ਰਸ ਹੈ)। ਪਰ ਸਵਾਲ ਤਾਂ ਇਹ ਹੈ ਕਿ ਇਹਨਾਂ ਮਨੁੱਖੀ ਉਦਮਾਂ ਨੇ ਵਖਰੇ ਵਖਰੇ ਸਭਿਆਚਾਰਾਂ ਦੇ ਵੰਨ ਸੁਵੰਨੇ ਰੂਪਾਂ ਨੂੰ ਸਿਰਜਨ ਵਿਚ ਕੀ ਯੋਗਦਾਨ ਪਾਇਆ ਹੈ? ਇਹਨਾਂ ਉਦਮਾਂ ਦੇ ਮਨੁੱਖਤਾ ਲਈ ਕੀ ਅਰਥ ਹਨ? ਇਹਨਾਂ ਉਦਮਾਂ ਦੀ ਸੰਰਚਨਾ ਤੇ ਦਿਸ਼ਾ ਕੀ ਹੈ? ਜੀਵ-ਵਿਗਿਆਨਕ ਜ਼ਿੰਦਗੀ ਨੂੰ ਮਨੁੱਖਾ ਜ਼ਿੰਦਗੀ ਵਿਚ ਬਦਲਣ ਲਈ ਇਹਨਾਂ ਮਨੁੱਖੀ ਉੱਦਮਾਂ ਨੇ ਵਿਕਾਸ ਵਿਚ ਕੀ ਹਿੱਸਾ ਪਾਇਆ ਹੈ? ਇਹਨਾਂ ਸਵਾਲਾਂ ਦੇ ਉਤਰ ਦਿਤੇ ਬਗ਼ੈਰ ਸੰਰਚਨਾ ਦਾ ਸੰਕਲਪ ਭੰਬਲਭੂਸਾ ਹੀ ਹੋ ਸਕਦਾ ਹੈ।

**ਵਾਦਾਂ ਦਾ ਯੁਗ ਅਤੇ ਸੰਰਚਨਾਵਾਦ :** ਹਰ ਵਾਦ ਦੀ ਉਸਾਰੀ ਦਾ ਕੋਈ ਨਾ ਕੋਈ ਕੇਂਦਰੀ ਧੁਰਾ ਹੁੰਦਾ ਹੈ। ਹਰ ਵਾਦ ਕਿਸੇ ਨਾ ਕਿਸੇ ਕੇਂਦਰੀ ਸਮੱਸਿਆ 'ਤੇ ਆਪਣੀ ਉਸਾਰੀ ਕਰਦਾ ਹੈ। ਇਸ ਉਸਾਰੀ ਵਿਚ ਪੈਦਾਵਾਰ ਦੇ ਸਾਧਨਾਂ ਦੀ ਵਿਕਾਸ-ਸਥਿਤੀ ਅਤੇ ਮਨਖ ਦੇ ਬੋਧ-ਵਿਕਾਸ ਦਾ ਬਰਾਬਰ ਦਾ ਹੱਥ ਹੁੰਦਾ ਹੈ। ਜਦੋਂ ਪੈਦਾਵਾਰ ਦੇ ਸਾਧਨਾਂ 'ਤੇ ਕੁਦਰਤ ਦੀ ਜਕੜ ਹੋਵੇ ਅਤੇ ਮਨੁੱਖ ਦੇ ਬੋਧ ਦਾ ਸੀਮਤ ਵਿਕਾਸ ਹੋਇਆ ਹੋਵੇ ਤਾਂ ਇਹ ਪ੍ਰਸਥਿਤੀਆਂ ਆਦਰਸ਼ਵਾਦ ਲਈ ਅਨੁਕੂਲ ਹਨ। ਪਰ ਜਦੋਂ ਪੈਦਾਵਾਰ ਦੇ ਸਾਧਨਾਂ ਦਾ ਅਤੇ ਮਨੁੱਖੀ ਬੋਧ ਦਾ ਵਿਕਾਸ ਹੋ ਜਾਵੇ ਤਾਂ ਹੋਰ ਵਾਦ ਵੀ ਹੋਂਦ ਵਿਚ ਆ ਜਾਂਦੇ ਹਨ। ਇਹ ਵਾਦ ਆਪਣੀ ਕਲਪਨਾ ਅਨੁਸਾਰ ਕਿਸੇ ਸਮੱਸਿਆ ਦਾ ਨਿਕਾਸ ਕਰਦੇ ਹਨ। ਉਦਾਹਰਣ ਦੇ ਤੌਰ 'ਤੇ ਅਸਤਿਤਵਵਾਦ ਨੇ ਫਰਾਂਸ ਵਿਚ ਅਤੇ ਮਾਰਕਸਵਾਦ ਨੇ ਸੋਵੀਅਤ ਰੂਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਦੇਸ਼ਾਂ ਵਿਚ ਸਾਹਿਤਕ ਲਹਿਰਾਂ ਨੂੰ ਜਨਮ ਦਿੱਤਾ ਹੈ। ਇਹਨਾਂ ਵਾਦਾਂ ਨੇ ਵਿਅਕਤੀ ਨੂੰ ਆਪਣੀ ਆਪਣੀ ਵੰਨਗੀ ਦਿਤੀ ਹੈ ਅਤੇ ਆਪਣੀ ਹੀ ਕਿਸਮ ਦੀ ਜੀਵਨ-ਜਾਚ ਸੁਝਾਈ ਹੈ। ਇਹਨਾਂ ਦੋਹਾਂ ਵਾਦਾਂ ਵਿਚ ਕੁਝ ਕੁ ਸਾਂਝੀਆਂ ਗੱਲਾਂ ਹਨ, ਜਿਵੇਂ ਆਜ਼ਾਦੀ ਤੇ ਲੋੜ, ਵਿਅੱਕਤੀ ਤੇ ਸਮਾਜ। ਇਹ ਵਿਰੋਧ ਮਾਰਕਸਵਾਦ ਅਤੇ ਅਸਤਿਤਵਵਾਦ ਦੇ ਕੇਂਦਰੀ ਮਸਲੇ ਹਨ। ਅਸਤਿਤਵਵਾਦੀ ਲਈ ਵਿਅਕਤੀ ਦੀ ਆਜ਼ਾਦੀ ਅਹਿਮ ਹੈ। ਉਹ ਨਹੀਂ ਚਾਹੁੰਦਾ ਕਿ ਸਮਾਜ ਉਸਦੀ ਆਜ਼ਾਦੀ 'ਤੇ ਕੋਈ ਬੰਦਸ਼ ਲਾਵੇ। ਅਜਿਹਾ ਸਮਾਜਵਾਦ, ਜਿਹੜਾ ਉਸ ਦੀ ਵਿਅਕਤੀਗਤ ਆਜ਼ਾਦੀ ਦੀ ਗਰੰਟੀ ਨਹੀਂ ਦਿੰਦਾ, ਉਸ ਲਈ ਕੋਈ ਮਹੱਤਤਾ



ਨਹੀਂ ਰਖਦਾ। ਅਸਤਿਤਵਵਾਦੀ, ਇਤਿਹਾਸ ਅਤੇ ਭਵਿਖ ਨੂੰ ਵੀ ਤਰਜੀਹ ਨਹੀਂ ਦਿਦਾ। ਉਸ ਲਈ ਤਾਂ ਵਰਤਮਾਨ ਘੜੀ ਹੀ ਮਹੱਤਵਪੂਰਨ ਹੈ। ਉਹ ਕਹਿੰਦਾ ਹੈ ਸਮਾਜ ਦੀ ਮੁਕਤੀ ਤੋਂ ਮੈਂ ਕੀ ਲੈਣਾ ਹੈ ਜਿਹੜੀ ਪਤਾ ਨਹੀਂ ਮੈਂ ਦੇਖਣੀ ਹੈ ਕਿ ਨਹੀਂ, ਮੇਰੇ ਲਈ ਤਾਂ ਮੇਰੀ ਨਿੱਜੀ ਆਜ਼ਾਦੀ ਮਹੱਤਵਪੂਰਨ ਹੈ। ਇਸ ਲਈ ਸਾਰਤਰ ਵਰਗਾ ਵਿਦਵਾਨ ਜਿਹੜਾ ਮਾਰਕਸਵਾਦ ਨੂੰ ਸਮਾਜ ਅਤੇ ਇਤਿਹਾਸ ਨੂੰ ਸਿਰਜਨਾ ਦਾ ਗਿਆਨ ਕਹਿੰਦਾ ਹੈ, ਇਸ 'ਤੇ ਵਿਅਕਤੀ ਦੇ ਮਨੋ-ਵਿਗਿਆਨ ਨੂੰ ਅੱਖੋਂ ਉਹਲੇ ਕਰਨ ਦਾ ਇਲਜ਼ਾਮ ਲਾਉਂਦਾ ਹੈ। ਦੂਸਰੇ ਹੱਥ, ਮਾਰਕਸਵਾਦ ਦੀ ਤਰਜੀਹ ਸਮਾਜ ਅਤੇ ਲੋੜ 'ਤੇ ਕੇਂਦਰਤ ਹੈ। ਮਾਰਕਸਵਾਦ ਸਮਾਜ ਦਾ ਪ੍ਰੀਵਰਤਨ ਕਰ ਕੇ ਉਸ ਦੀ ਸਮਤੋਲ ਉਸਾਰੀ ਲਈ ਲੋਚਦਾ ਹੈ। ਵਿਅਕਤੀ ਤੋਂ ਵੱਧ ਸਮਾਜ ਦੀ ਲੋੜ ਨੂੰ ਦ੍ਰਿਸ਼ਟੀ-ਗੋਚਰ ਕਰਦਾ ਹੈ। ਪਰ ਅਸਤਿਤਵਵਾਦੀ ਕਹਿੰਦਾ ਹੈ ਕਿ ਮੇਰਾ ਢਿੱਡ ਭਰਿਆ ਹੋਵੇ ਮੈਨੂੰ ਸਮਾਜ ਨਾਲ ਕੀ? ਮਾਰਕਸਵਾਦ, ਇਤਿਹਾਸ ਅਤੇ ਵਿਗਿਆਨ ਦੇ ਨਿਗਰ ਗਿਆਨ 'ਤੇ ਟੇਕ ਰਖਦਾ ਹੈ। ਮਾਰਕਸਵਾਦ ਕਹਿੰਦਾ ਹੈ ਕਿ ਵਿਅਕਤੀ ਦਾ ਮਨ ਸਮਾਜਕ ਪ੍ਰਤੀਕਰਮਾਂ ਦੁਆਰਾ ਹੀ ਸਿਰਜਿਆ ਜਾਂਦਾ ਹੈ। ਦੂਸਰੇ ਪਾਸੇ, ਅਸਤਿਤਵਵਾਦ, ਸਮਾਂ, ਮੌਤ ਚੇਤਨਾ, ਜਿਹਨਾਂ ਦੀ ਸਮੱਸਿਆ ਹਾਲੀਂ ਵਿਗਿਆਨ ਦੀ ਪਕੜ 'ਚ ਨਹੀਂ ਆਈ, ਦੀ ਆੜ ਲੈ ਕੇ, ਵਿਸ਼ਵ ਨੂੰ ਨਿੱਜਤਾ ਦੇ ਆਦਰਸ਼ ਵਿਚ ਪੇਸ਼ ਕਰਦਾ ਹੈ। ਇਹੋ 'ਵਾਦ' ਇਤਿਹਾਸ ਵਿਚ, ਹਰ ਸਭਿਆਚਾਰ ਵਿਚ ਕਿਸੇ ਨਾ ਕਿਸੇ ਢੰਗ ਰਾਹੀਂ ਉਤਪਤ ਹੁੰਦੇ ਰਹੇ ਹਨ। ਸਾਡੇ ਸਭਿਆਚਾਰ ਵਿਚ ਵੀ ਉਦਾਸੀਆਂ ਤੇ ਜੋਗੀਆਂ ਦੇ ਵਾਦ ਦੀ ਮੁੱਖ ਸਮੱਸਿਆ, ਸਾਰਤਰ ਦੀ ਸਮੱਸਿਆ ਨਾਲ ਮੇਲ ਖਾਂਦੀ ਸੀ। ਮਾਰਕਸਵਾਦ ਦੀ ਜਮਾਤੀ ਵਿਸ਼ਲੇਸ਼ਣ ਅਤੇ ਸਮਾਜਕ ਪ੍ਰੀਵਰਤਨ ਦੀ ਗੱਲ ਤਾਂ ਕਿਸੇ ਵੀ ਹੋਰ ਵਾਦ ਨੂੰ ਮੁਆਫ਼ਿਕ ਨਹੀਂ। ਸਾਰੇ ਹੀ ਇਹਨਾਂ ਗੱਲਾਂ ਤੋਂ ਪਾਣੀ ਵਾਂਗ ਚਲਦੇ ਨੇ।

**ਸੰਰਚਨਾਵਾਦ—ਅਸਤਿਤਵਵਾਦ ਦਾ ਨਿਪੁੰਸਕ ਪਿੱਠੂ :** ਸੰਰਚਨਾਵਾਦ ਇਕ ਮੱਕਾਰੀ ਸਾਧ ਵਾਂਗੂ ਅਸਤਿਤਵਵਾਦ ਦੇ ਅਮਲ ਵਲੋਂ ਬੇਧਿਆਨਾ ਹੋ ਕੇ ਉਸ ਦੇ ਨਿਸ਼ਚੇ ਅਤੇ ਬੋਧ ਨੂੰ ਅਪਣਾਉਂਦਾ ਹੈ। ਅਸਤਿਤਵਵਾਦ ਵਿਚ ਨਿਜਤਾ ਤੇ ਸਵਾਰਥ ਇੰਨਾ ਭਾਰੂ ਸੀ ਕਿ ਮਾਰਕਸਵਾਦ ਦੇ ਨਿਸ਼ਚੇ ਦੇ ਉਲਟ ਖੜਦਾ ਸੀ। ਫਿਰ ਮਾਰਕਸਵਾਦ ਪਾਸ ਅਸਤਿਤਵਵਾਦ ਦੇ ਕਥਨ ਨੂੰ ਝੁਠਲਾਉਣ ਲਈ ਠੋਸ ਇਤਿਹਾਸਕ ਅਤੇ ਵਿਗਿਆਨਕ ਦਲੀਲਾਂ ਸਨ। ਵਿਸ਼ਵ ਭਰ 'ਤੇ ਵਧ ਰਹੀ ਮਾਰਕਸਵਾਦੀ ਚੇਤਨਾ ਦੀ ਧਕੇੜ ਨਾ ਸਹਿੰਦਾ ਹੋਇਆ, ਅਸਤਿਤਵਵਾਦ ਆਪਣੇ ਘਰ ਹੀ ਸਾਹ ਘੁਟ ਕੇ ਮਰਨ ਲਗਿਆ ਹੈ।

ਫਿਰ ਫਰਾਂਸ ਦੇ ਬੁਰਜੂਆ ਸਕਾਲਰਾਂ ਨੂੰ ਇਕ ਗੱਲ ਸੁਝੀ। ਉਹਨਾਂ ਨੇ ਅਸਤਿਤਵਵਾਦ ਦੇ ਸਾਰੇ ਅਮਲੀ ਪੱਖ ਖਾਰਜ ਕਰ ਦਿਤੇ ਜਿਹਨਾਂ 'ਤੇ ਮਾਰਕਸਵਾਦ ਤਿੱਖਾ ਹਮਲਾ ਕਰਦਾ ਸੀ। ਪਰ ਅਸਤਿਤਵਵਾਦ ਦੀ ਰੂਹ ਨੂੰ ਸੰਰਚਨਾਵਾਦ ਦਾ ਮਖੌਟਾ ਪਹਿਨਾ ਕੇ ਫਿਰ ਸੁਰਜੀਤ ਕਰਨ ਦਾ ਯਤਨ ਕੀਤਾ। ਅਸੀਂ ਦੇਖਿਆ ਹੈ ਕਿ ਅਸਤਿਤਵਵਾਦ ਸਮਾਜ ਤੋਂ ਟੁਟਿਆ ਹੋਇਆ ਹੈ, ਇਸ ਦਾ ਅਮਲ ਵਿਅਕਤੀ 'ਤੇ ਕੇਂਦਰਤ ਹੈ। ਸੰਰਚਨਾਵਾਦ ਇਸ ਤੋਂ ਵੀ ਅਗਾਂਹ ਦਾ ਕਦਮ ਹੈ। ਇਸ ਦਾ ਤਅੱਲਕ ਨਾ ਵਿਅਕਤੀ ਨਾਲ ਹੈ ਅਤੇ ਨਾ ਹੀ ਸਮਾਜ ਨਾਲ! ਹਾਂ ਇਸਦੀਆਂ ਜੜ੍ਹਾਂ ਵਿਅਕਤੀਵਾਦ ਅਤੇ ਆਦਰਸ਼ਵਾਦ ਵਿਚ ਹੀ ਪਸਰੀਆਂ ਹੋਈਆਂ ਹਨ। ਇਹ ਕਹਿੰਦੇ, ਸਾਡਾ ਵਾਦ ਨਹੀਂ, ਸਾਡੀ ਤਾਂ ਵਿਧੀ ਹੈ, ਜਿਸ ਨਾਲ ਅਸੀਂ ਆਦਰਸ਼ਵਾਦ ਦਾ ਅਧਿਐਨ ਵੀ ਕਰ ਸਕਦੇ ਹਾਂ ਤੇ ਮਾਰਕਸਵਾਦ ਦਾ ਵੀ। ਧੋਬੀ ਦਾ ਕੁੱਤਾ ਨਾ ਘਰ ਦਾ, ਨਾ ਘਾਟ ਦਾ। ਪੰਜਾਬ ਦੇ ਕਈ

ਬਦੇਸ਼ੀ-ਨੁਮਾ-ਦੇਸੀ ਸੰਰਚਨਾਵਾਦੀਆਂ ਨੇ ਤਾਂ ਇਹ ਪ੍ਰਚਾਰ ਕਰਨਾ ਵੀ ਅਰੰਭ ਕਰ ਦਿਤਾ ਹੈ ਕਿ ਇਸ ਦਾ ਮਾਰਕਸਵਾਦ ਨਾਲ ਕੋਈ ਵਿਰੋਧ ਨਹੀਂ। ਇਸੇ ਧਾਰਨਾ ਦੇ ਆਧਾਰ 'ਤੇ ਉਹਨਾਂ ਕਈ ਕਹਿੰਦੇ-ਕਹਾਉਂਦੇ ਮਾਰਕਸਵਾਦੀ ਚੇਲੇ ਮੁੰਨ ਲਏ ਹਨ, ਜਿਹੜੇ ਉਹਨਾਂ ਦੇ ਸੰਰਚਨਾਵਾਦ ਦੀ ਤੂਤੀ ਮਾਰਕਸਵਾਦੀ ਢੰਗ ਨਾਲ ਵਜਾਉਂਦੇ ਹਨ।

ਸੰਰਚਨਾਵਾਦੀ ਕਹਿੰਦੇ ਨੇ ਕਿ ਸਾਡਾ ਕੰਮ ਤਾਂ ਚਿੰਨ੍ਹਾਂ ਦੇ ਭਾਵ ਜਾਣਨਾ ਹੈ। ਪਰ ਬੋਲੀ ਇਕ ਸਮਾਜਕ ਮਾਧਿਅਮ ਹੈ। ਚਿੰਨ੍ਹਾਂ ਦੇ ਅਰਥ ਵੀ ਸਮਾਜਕ ਪ੍ਰਸੰਗ ਵਿਚ ਹੀ ਉਘੜਦੇ ਹਨ। ਫਿਰ ਇਹ ਲੋਕ ਜਿਹਨਾਂ ਦੇ ਸਿਧਾਂਤ ਦਾ ਸਮਾਜ ਨਾਲ ਕੋਈ ਵਾਹ ਵਾਸਤਾ ਹੀ ਨਹੀਂ, ਚਿੰਨ੍ਹ-ਵਿਗਿਆਨ ਦੇ ਮਾਹਿਰ ਕਿਵੇਂ ਹੋ ਗਏ ? ਖੈਰ ਇਹਨਾਂ ਨੇ ਤਾਂ ਭਾਵ ਦਸਣੇ ਹੀ ਨੇ। ਗੱਧਾ/ਗੱਧੀ, ਘੋੜਾ/ਘੋੜੀ, ਭੈਣ/ਭਰਾ ਸਭ ਇਹਨਾਂ ਲਈ ਰੂਹਾਤਮਿਕ ਮੇਲ ਦੇ ਪ੍ਰਤੀਕ ਨੇ। ਅ, ਬ, ਤੇ ਭੈਣ ਭਰਾ ਇਹਨਾਂ ਲਈ ਸਮੁੱਚੇ ਵਿਸ਼ਵ ਨੂੰ ਸਮਝਣ ਲਈ ਕਾਫੀ ਹੈ। ਪਰ ਇਹਨਾਂ ਵਿਰੋਧਾਂ ਪਿਛੇ ਸਮਾਜਕ ਸਮੱਸਿਆ ਕੀ ਹੈ ? ਇਹਨਾਂ ਵਿਰੋਧਾਂ ਦਾ ਪ੍ਰਵਾਹ ਸਮਾਜਕ ਪ੍ਰਸੰਗ ਵਿਚ ਕਿਵੇਂ ਚਲਦਾ ਹੈ ? ਇਹ ਚਿੰਨ੍ਹ ਲੋਕ ਮਨ ਵਿਚ ਕਿਵੇਂ ਜਿਊਂਦੇ ਹਨ ? ਇਹਨਾਂ ਗੱਲਾਂ ਦਾ ਉਤਰ ਨਾ ਤਾਂ ਨਿਰੋਲ ਦੇਸੀ ਸੰਰਚਨਾਵਾਦੀਆਂ ਪਾਸ ਹੈ ਅਤੇ ਨਾ ਹੀ ਬਦੇਸ਼ੀਨੁਮਾ ਦੇਸੀਆਂ ਪਾਸ।

ਸਮਾਜ ਦੀ ਗੱਲ ਤਾਂ ਬਹੁਤ ਦੂਰ ਦੀ ਹੈ। ਜੇਕਰ ਕਿਸੇ ਸੰਰਚਨਾਵਾਦੀ ਜਾਂ ਅਸਤਿਤਵਵਾਦੀ ਨੂੰ ਸਿਨੇਮਾ ਦੇਖ ਰਹੇ ਸਮੂਹ ਦਾ ਵਿਸ਼ਲੇਸ਼ਣ ਕਰਨ ਲਈ ਕਿਹਾ ਜਾਵੇ ਤਾਂ ਉਹ ਵਿਆਪਕ ਚਿੰਨ੍ਹਾਂ ਅਤੇ ਅਨੰਦ ਦੇ ਇਕਹਿਰੇ ਸਿਧਾਂਤ ਨੂੰ ਆਧਾਰ ਬਣਾ ਕੇ, ਸਾਰੇ ਇਕੱਠ ਨੂੰ ਇਕ ਯੂਨਿਟ ਮੰਨ ਕੇ, ਬਿਨਾ ਕਿਸੇ ਦੇਰੀ ਨਿਰਣਾ ਦੇਣਗੇ। ਫਿਲਮ ਚਿੰਨ੍ਹਾਂ ਦਾ ਪ੍ਰਵਾਹ ਹੈ ਅਤੇ ਇਹ ਦੇਖਣ ਵਾਲਿਆਂ ਨੂੰ ਚੰਗੇ ਲਗਦੇ ਹਨ। ਪਰ ਚਿੰਨ੍ਹਾਂ ਦਾ ਪ੍ਰਵਾਹ ਕਿਸੇ ਤਰ੍ਹਾਂ ਦੀ ਜ਼ਿੰਦਗੀ ਨੂੰ ਹੀ ਪੇਸ਼ ਕਰ ਰਿਹਾ ਹੋਵੇਗਾ। ਭੀੜ ਵਿਚ ਕੁਝ ਲੋਕ ਅਜੇਹੇ ਹੋਣਗੇ ਜਿਹਨਾਂ ਦੀ ਜ਼ਿੰਦਗੀ ਨੂੰ ਇਹ ਫਿਲਮ ਪੇਸ਼ ਕਰ ਰਹੀ ਹੋਵੇਗੀ। ਉਹਨਾਂ ਲੋਕਾਂ ਨੂੰ ਯਥਾਰਥ ਦੇ ਸਿਧਾਂਤ ਰਾਹੀਂ ਇਹ ਫਿਲਮ ਆਨੰਦਮਈ ਲਗੇਗੀ। ਕੁਝ ਲੋਕ ਦੂਸਰੇ ਦਰਜੇ ਵਿਚ ਆਉਣਗੇ ਜਿਹਨਾਂ ਦਾ ਜੀਵਨ-ਪੱਧਰ ਪਹਿਲਿਆਂ ਨਾਲੋਂ ਨੀਵਾਂ ਹੋਵੇਗਾ। ਉਹਨਾਂ ਨੂੰ ਇਹ ਲਗੇਗਾ ਕਿ ਥੋੜੀ ਮਿਹਨਤ ਨਾਲ ਉਹ ਅਜੇਹੀ ਜ਼ਿੰਦਗੀ ਹਾਸਿਲ ਕਰ ਸਕਦੇ ਹਨ। ਉਤਸੁਕਤਾ ਉਹਨਾਂ ਲਈ ਅਨੰਦਮਈ ਹੋਵੇਗੀ। ਤੀਸਰੇ ਦਰਜੇ 'ਚ ਉਹ ਲੋਕ ਆਉਣਗੇ ਜਿਹਨਾਂ ਨੂੰ ਫਿਲਮ 'ਚ ਦਰਸਾਈ ਗਈ ਜ਼ਿੰਦਗੀ ਅਮੂਰਤ ਜਾਪੇਗੀ। ਇਹ ਜ਼ਿੰਦਗੀ ਉਹਨਾਂ ਦੇ ਮਨ 'ਤੇ ਸਵਰਗ/ਨਰਕ ਦੇ ਸੰਕਲਪ ਵਾਂਗ ਅਸਰਗਤ ਹੋਵੇਗੀ। ਇਸ ਤਰ੍ਹਾਂ ਸਿਨੇਮੇ ਦੀ ਭੀੜ ਨੂੰ ਵੀ ਜਮਾਤੀ ਵੰਡ ਤੋਂ ਬਗ਼ੈਰ ਨਹੀਂ ਬਿਆਨਿਆ ਜਾ ਸਕਦਾ। ਇਸ ਤਰ੍ਹਾਂ ਅਸਤਿਤਵਵਾਦ ਅਤੇ ਮਾਰਕਸਵਾਦ ਦੀਆਂ ਆਪਣੀ ਆਪਣੀ ਕਿਸਮ ਦੀਆਂ ਸਮੱਸਿਆਵਾਂ ਹਨ। ਇਸ ਦੇ ਉਲਟ ਸੰਰਚਨਾਵਾਦ ਦੀ ਤਾਂ ਕੋਈ ਕੇਂਦਰੀ ਸਮੱਸਿਆ ਹੈ ਹੀ ਨਹੀਂ।

ਸੰਰਚਨਾਵਾਦ ਨੂੰ ਭਾਵੇਂ ਕੋਈ ਵਾਦ ਕਹੇ ਭਾਵੇਂ ਵਿਧੀ, ਪਰ ਇਸ ਵਿਚ ਨਾ ਤਾਂ ਵਾਦ ਦੀਆਂ ਵਿਸ਼ੇਸ਼ਤਾਵਾਂ ਹਨ ਅਤੇ ਨਾ ਹੀ ਵਿਧੀ ਦੀਆਂ ਕਿਉਂਕਿ ਵਾਦ ਅਤੇ ਵਿਧੀ ਦਾ ਲਹੂ-ਮਾਸ ਦਾ ਰਿਸ਼ਤਾ ਹੁੰਦਾ ਹੈ। ਸੰਰਚਨਾਵਾਦ ਨਾ ਤਾਂ ਵਿਗਿਆਨਕ ਢੰਗ ਨਾਲ ਸਮਝਣ ਦੀ ਵਿਧੀ ਹੈ ਅਤੇ ਨਾ ਹੀ ਸਮਾਜਕ ਜੀਵਨ ਤਰਾਸ਼ਣ ਲਈ ਵਾਦ ਹੈ। ਇਸ ਦੇ ਅਪਾਹਜਪਣ ਬਾਰੇ ਹੇਠ ਲਿਖੇ ਕੁਝ ਕੁ ਮਹੱਤਵਪੂਰਨ ਨੁਕਤੇ ਉਠਾਏ ਜਾ ਸਕਦੇ ਹਨ :

(1) ਸੰਰਚਨਾਵਾਦ ਰੂਪ ਅਤੇ ਸਾਰ ਦੇ ਦਵੰਦ ਨੂੰ ਸਮਤੋਲ ਢੰਗ ਨਾਲ ਹਲ ਨਹੀਂ ਕਰਦਾ।



ਇਹ ਇਸ ਨੂੰ ਮਾਰਕਸਵਾਦ ਤੋਂ ਉਲਟ, ਭਾਵ ਭੌਤਿਕ ਪ੍ਰਸੰਗ ਤੋਂ ਉਲਟ ਸਿਰਫ਼ ਬੌਧਿਕ ਪੱਧਰ 'ਤੇ ਹੀ ਹਲ ਕਰਨ ਦੀ ਕੋਸ਼ਿਸ਼ ਕਰਦਾ ਹੈ।

(2) ਅਨੁਭਵ ਦੀ ਕ੍ਰਿਆ ਵਿਚ ਮਨੁੱਖੀ ਦਿਮਾਗ਼ ਨੂੰ ਚੁਸਤ, ਜੀਵਤ ਅਤੇ ਚੇਤਨ ਅੰਗ ਨਹੀਂ ਮੰਨਦਾ। ਇਸੇ ਲਈ ਇਹ ਮਨੁੱਖੀ ਹੁੰਗਾਰੇ (ਰੇਸਪੋਂਸ) ਨੂੰ ਆਪਣੀ ਕਥਨੀ ਵਿਚ ਸ਼ਾਮਲ ਨਹੀਂ ਕਰਦਾ। ਵਿਸ਼ੇਸ਼ ਪ੍ਰਸਥਿਤੀ ਨੂੰ ਵਿਸ਼ੇਸ਼ ਹੁੰਗਾਰਾ ਇਸ ਦਾ ਨਿਯਮ ਨਹੀਂ।

(3) ਸੰਰਚਨਾਵਾਦ ਚਿੰਨ੍ਹਾਂ ਅਤੇ ਬਿੰਬਾਂ ਦੇ ਭਾਵਾਂ ਪਿੱਛੇ ਕਾਰਨ ਦੱਸਣ ਤੋਂ ਅਸਮਰੱਥ ਹੈ। ਇਹ ਚਿੰਨ੍ਹਾਂ ਅਤੇ ਬਿੰਬਾਂ ਨੂੰ ਸਮਾਜਕ ਅਤੇ ਸਭਿਆਚਾਰਕ ਪ੍ਰਸੰਗ 'ਚੋਂ ਉਸਰਦੇ ਨਹੀਂ ਦਿਖਾਉਂਦਾ।

(4) ਸੰਰਚਨਾਵਾਦ ਸਮਾਜਕ ਅਤੇ ਆਰਥਕ ਤਬਦੀਲੀਆਂ ਦੀ ਵਿਆਖਿਆ ਨਹੀਂ ਕਰ ਸਕਦਾ। ਇਸੇ ਕਰਕੇ ਇਹ ਇਤਿਹਾਸ ਨੂੰ ਵਰਤਮਾਨ ਨਾਲ ਜੋੜਨ ਦੇ ਅਸਮਰੱਥ ਹੈ।

(5) ਸੰਰਚਨਾਵਾਦ ਦਾ ਕੋਈ ਵੀ ਸਮਾਜਕ ਅਤੇ ਸਭਿਆਚਾਰਕ ਆਧਾਰ ਨਹੀਂ। ਇਹ ਧਾਰਾ ਸਮਾਜ ਅਤੇ ਸਭਿਆਚਾਰ ਤੋਂ ਟੁੱਟੀ ਹੋਣ ਕਰਕੇ ਸਿਰਫ਼ ਉਹਨਾਂ ਲੋਕਾਂ ਦੀ ਹੀ "ਫ਼ਿਲਾਸਫ਼ੀ" ਹੈ, ਜਿਹੜੇ ਆਪਣੇ ਸਮਾਜ ਤੇ ਸਭਿਆਚਾਰ ਨਾਲੋਂ ਬੁਰੀ ਤਰ੍ਹਾਂ ਟੁੱਟੇ ਹੋਏ ਸਨ। ਇਸ ਲਈ ਇਹ 'ਫ਼ਿਲਾਸਫ਼ੀ' ਵਿਸ਼ਵ-ਵਿਦਿਆਲਿਆਂ ਦੀਆਂ ਟੀਸੀ ਦੀਆਂ ਕੁਰਸੀਆਂ ਤੋਂ ਥੱਲੇ ਨਹੀਂ ਉਤਰ ਸਕਦੀ।

(6) ਸੰਰਚਨਾਵਾਦ ਦੀ ਕੋਈ ਵੀ ਧਾਰਨਾ ਅਮਲੀ ਨਹੀਂ। ਇਹ ਸਿਰਫ਼ ਕਹਿਣ ਸੁਣਨ ਨਾਲ ਹੀ ਤੁਅੱਲਕ ਰਖਦਾ ਹੈ।

(7) ਇਹ ਇਕ ਮੌਕਾਪ੍ਰਸਤ 'ਵਾਦ' ਹੈ ਜੋ ਸਮਾਜ ਦੀ ਕਿਸੇ ਸਮੱਸਿਆ ਨੂੰ ਸਮਝਣ ਤੇ ਸੁਲਝਾਉਣ ਨਾਲੋਂ ਉਸ ਦੀ ਆਪਣੇ ਹੀ ਢੰਗ ਨਾਲ ਵਿਆਖਿਆ ਕਰ ਕੇ ਆਪਣਾ ਝੱਸ ਪੂਰਾ ਕਰਦਾ ਹੈ।

(8) ਇਹ ਵਿਸ਼ਵ ਨੂੰ ਵਿਅਕਤੀਵਾਦੀ ਪ੍ਰਸੰਗ ਵਿਚ ਪੇਸ਼ ਕਰਦਾ ਹੈ।

ਉਪਰੋਕਤ ਗੱਲਾਂ ਇਸ ਗੱਲ ਦਾ ਸਬੂਤ ਹਨ ਕਿ ਸੰਰਚਨਾਵਾਦ ਧੀਮੇਂ ਹਮਲੇ ਰਾਹੀਂ ਮਾਰਕਸਵਾਦੀ ਚੇਤਨਾ ਨੂੰ ਖੁੰਡਾ ਕਰਦਾ ਹੈ। ਇਸ ਦੀ ਸਿਰਜਨਾ ਇਸੇ ਮਕਸਦ ਲਈ ਕੀਤੀ ਗਈ ਹੈ।


## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਲਾਇਬਰੇਰੀ ਐਡੀਸ਼ਨ, ਪੱਕੀ ਜਿਲਦ—ਮੁੱਲ : 15 ਰੁਪੈ, ਪੇਪਰ ਬੈਕ—ਮੁੱਲ : ਦਸ ਰੁਪੈ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2.75 ਡਾਲਰ)

ਗੁਰਮੀਤ ਸਿੰਘ ਢੁੱਡੀਕੇ

# "ਅਣਹੋਏ"--ਰੂਪਕ ਪੱਖ

ਲਿਖੀ ਜਾਏਂਗੀ ਕਤਾਬੇ-ਦਿਲ ਕੀ ਤਫ਼ਸੀਰੇਂ ਬਹੁਤ
ਹੋਂਗੀ ਐ ਖ਼੍ਵਾਬੇ ਜਵਾਨੀ ਤੇਰੀ ਤਾਬੀਰੇਂ ਬਹੁਤ । —ਇਕਬਾਲ

ਕਿਸੇ ਸ਼ਾਹਕਾਰ ਦੀ ਰਚਨਾ ਲਈ ਦੋ ਹੀ ਸੰਦ ਸਾਹਿਤਕਾਰ ਦਾ ਕੱਚਾ ਮਸਾਲਾ ਬਣਦੇ ਹਨ। ਪਹਿਲਾ, ਜ਼ਿੰਦਗੀ ਦੀ ਸਿੱਕੇ-ਬੰਦ ਅਸਲੀਅਤ, ਸਮੇਂ ਦਾ ਸਮਾਜਕ ਸੱਚ, ਸਮਾਜਕ ਵੇਗ ਦਾ ਉਹ ਪਹਿਲੂ ਜਿਸ ਨੂੰ ਉਹ ਕੁਝ ਸਜੀਵ ਪਾਤਰਾਂ, ਘਟਨਾਵਾਂ ਤੇ ਮੰਨਣਯੋਗ ਮੌਕਿਆਂ (ਸਿਚੂਏਸ਼ਨਜ਼) ਰਾਹੀਂ ਸਾਡੇ ਦ੍ਰਿਸ਼ਟੀ ਗੋਚਰ ਕਰਨਾ ਲੋੜਦਾ ਹੈ। ਸਜੀਵ ਜ਼ਿੰਦਗੀ ਦਾ ਇਹ ਪੈਟਰਨ, ਵਸਤੂ ਵਜੋਂ ਦ੍ਰਿਸ਼ਟਮਾਨ ਹੁੰਦਾ ਹੈ। ਦੂਜਾ, ਇਸ ਵਸਤੂ ਨੂੰ ਬੋਲ-ਚਾਲ ਦੇ ਇਕ ਖਾਸ ਢਾਂਚੇ ਤੇ ਪ੍ਰਗਟਾ ਦੀਆਂ ਯੋਗ ਤੇ ਢੁਕਵੀਆਂ ਜੁਗਤਾਂ ਰਾਹੀਂ ਪਾਠਕ ਦੇ ਅਨੁਭਵ ਦਾ ਅੰਗ ਬਣਾਉਣ ਦੀ ਵਿਧੀ। ਵਸਤੂ ਦੇ ਪ੍ਰਗਟਾ ਦੀ ਅਜਿਹੀ ਵਿਧੀ ਤੇ ਉਸ ਦੀ ਵਿਉਂਤਬੰਦੀ ਲਿਖਾਰੀ ਦੀ ਬੋਲੀ ਤੇ ਸ਼ੈਲੀ ਕਰਦੀਆਂ ਹਨ। ਪਾਤਰਾਂ ਤੇ ਘਟਨਾਵਾਂ ਦਾ ਇਕ ਕਲਪਿਤ ਢਾਂਚਾ ਖੜਾ ਕਰ ਲੈਣਾ ਇਕ ਗੱਲ ਹੈ ਤੇ ਉਨ੍ਹਾਂ ਰਾਹੀਂ ਪੇਸ਼ ਕੀਤੀ ਗਈ ਜ਼ਿੰਦਗੀ ਦੀ ਨੁਹਾਰ, ਜ਼ਿੰਦਗੀ ਦਾ ਇਕ ਪੈਟਰਨ ਪਾਠਕਾਂ ਦੇ ਅਨੁਭਵ ਦਾ ਅੰਗ ਬਣਾਉਣਾ ਬਿਲਕੁਲ ਦੂਸਰੀ। ਇਹ ਕੰਮ ਪਲਾਟ ਰਾਹੀਂ ਸਿਰੇ ਚੜ੍ਹਦਾ ਹੈ ਤੇ ਪਲਾਟ ਦੀ ਉਸਾਰੀ ਵਿਚ ਜਿੰਨਾਂ ਹੱਥ ਬੋਲੀ ਤੇ ਸ਼ੈਲੀ ਦਾ ਹੈ ਓਨਾ ਘਟਨਾਵਾਂ ਜਾਂ ਕਹਾਣੀ ਦਾ ਨਹੀਂ। ਕਹਾਣੀ ਪਲਾਟ ਰਾਹੀਂ ਹੀ ਮੰਨਣਯੋਗ ਬਣਦੀ ਤੇ ਆਪਣੀ ਪ੍ਰਮਾਣਿਕਤਾ ਸਥਾਪਤ ਕਰਦੀ ਹੈ ਤੇ ਪਲਾਟ ਦੀ ਅਜਿਹੀ ਉਸਾਰੀ ਬੋਲੀ ਤੇ ਸ਼ੈਲੀ ਹੀ ਨੇਪਰੇ ਚਾੜ੍ਹਦੀਆਂ ਹਨ। ਕਿਸੇ ਸਾਹਿਤਕਾਰ ਦੀ ਕਲਾ-ਕੌਸ਼ਲਤਾ ਇਸੇ ਗੱਲ ਵਿਚ ਹੈ ਕਿ ਉਹ ਵਸਤੂ ਨੂੰ ਬੋਲੀ ਤੇ ਸ਼ੈਲੀ ਦੇ ਮਾਧਿਅਮ ਰਾਹੀਂ ਕਿੰਨੇ ਅਸਰ-ਭਰਪੂਰ ਢੰਗ ਨਾਲ ਪਾਠਕਾਂ ਦੀ ਕਲਪਨਾ ਦਾ ਅੰਗ ਬਣਾ ਸਕਿਆ ਹੈ। ਸਾਹਿਤ ਬਣਦਾ ਤਾਂ ਰੂਪ ਦਾ ਸਦਕਾ ਹੀ ਹੈ, ਪਰ ਸਾਹਿਤ ਵਿਚ ਰੂਪ, ਵਸਤੂ ਤੋਂ ਕੋਈ ਅੱਡਰੀ ਹੋਂਦ ਨਹੀਂ ਰਖਦਾ। ਵਸਤੂ ਤੇ ਰੂਪ ਦਾ ਨਹੁੰ ਮਾਸ ਦਾ ਰਿਸ਼ਤਾ ਹੈ।[1] ਵਸਤੂ ਇਕ ਗਿਰੀ ਵਾਂਗ ਹੈ ਤੇ ਰੂਪ, ਉਸ ਦਾ ਖੋਲ। ਵਸਤੂ ਤੋਂ ਬਿਨਾਂ ਰੂਪ ਦਾ ਕਿਆਸ ਕੀਤਾ ਜਾਣਾ ਹੀ ਦੂਰ ਦੀ ਗੱਲ ਹੈ।[2] ਪ੍ਰੋ: ਕਿਸ਼ਨ ਸਿੰਘ ਅਨੁਸਾਰ 'ਕਲਾਤਮਕ ਸੁੰਦਰਤਾ ਸਮਾਜਕ ਮਸਲੇ ਦੀ ਸਹੀ ਸਮਝ ਉਤੇ ਮੁਨਹੱਸਰ ਹੈ। ਕਲਾਤਮਕ ਨਿਪੁੰਨਤਾ ਸਮਾਜਕ ਵੇਗ ਦੇ ਵਫ਼ਾਦਾਰੀ ਨਾਲ ਕੀਤੇ ਪ੍ਰਗਟਾ ਦਾ ਹੀ ਰੂਪਕ ਨਾਂਅ ਹੈ। ਰਚਨਾ ਵਿਚ ਪੇਸ਼ ਸਮਾਜਕ ਸਮਝ ਅਤੇ ਕਲਾਤਮਕ ਖੂਬੀ ਆਪਸ ਵਿਚ ਇਕ ਦੂਜੇ ਨਾਲ ਸੰਬੰਧਿਤ ਹੁੰਦੀਆਂ ਹਨ। ਸਾਹਿਤਕ ਚਿਤਰ ਵਿਚ ਹੋਈ ਅਨੁਭਵ ਦੀ ਇਕਾਗਰਤਾ ਦੇ ਵਿਚ ਹੀ ਉਸ ਦੀ ਕਲਾਤਮਕ



ਇਕਾਗਰਤਾ ਆ ਜਾਂਦੀ ਹੈ।" ਸਾਹਿਤ ਦੀ ਸਮਝ, (326)

'ਮੜ੍ਹੀ ਦਾ ਦੀਵਾ' ਵਾਂਗ 'ਅਣਹੋਏ' ਦੀ ਪਿੱਠ-ਭੂਮੀ ਵੀ ਮਾਲਵੇ ਦਾ ਇਲਾਕਾ ਹੀ ਹੈ। ਇਥੇ ਵੀ ਨਾਵਲਕਾਰ ਆਪਣੇ ਅਨੁਭਵ ਦੇ ਦਾਇਰੇ ਤੋਂ ਬਾਹਰ ਨਹੀਂ ਜਾਂਦਾ। ਇਸ ਵਿਚ ਉਸ ਦੀ ਸੁਹਿਰਦਤਾ ਤੇ ਸਫਲਤਾ ਦੋਹਾਂ ਦਾ ਰਾਜ਼ ਛੁਪਿਆ ਹੈ। ਉਸ ਦੇ ਅਨੁਭਵ ਖੇਤਰ ਦੇ ਇਹ ਪਾਤਰ ਬਹੁਤ ਕਰਕੇ ਮਾਲਵੇ ਦੀ ਧਰਤੀ ਦੇ ਹੀ ਜੰਮ-ਪਲ ਤੇ ਇਥੋਂ ਦੇ ਕਿਰਤੀ, ਕਿਸਾਨ ਤੇ ਕਾਮੇ ਹਨ ਜਿਨ੍ਹਾਂ ਦੀ ਬੋਲ-ਚਾਲ ਇਸ ਧਰਤੀ ਦਾ ਖ਼ਮੀਰ ਤੇ ਖੁਸ਼ਬੂ ਹੈ। ਉਹ ਜਿਉਂਦੇ ਜਾਗਦੇ, ਜ਼ਿੰਦਗੀ ਨਾਲ ਦਸਤ-ਪੰਜਾ ਲੈਂਦੇ ਹਨ; ਰੀਂਗਦੇ, ਘਿਸਟਦੇ (ਵੈਜੀਟੇਟ) ਨਹੀਂ। ਇਹ ਉਹ ਆਮ ਲੋਕ ਹਨ ਜਿਹੜੇ ਪ੍ਰੋ: ਕਿਸ਼ਨ ਸਿੰਘ ਦੇ ਸ਼ਬਦਾਂ ਵਿਚ "ਰੋਜ਼-ਬਰੋਜ਼ੀ ਜ਼ਿੰਦਗੀ ਵਿਚ ਉਸਰਦੇ ਹਾਲਾਤ ਦੀ ਅਸਲੀਅਤ ਨਾਲ ਦਸਤ-ਪੰਜਾ ਲੈਂਦੇ ਹਨ, ਇਹ ਲੋਕ ਤਾਜ਼ਾ, ਜਿਊਂਦੀ, ਸਵਾਦੀ, ਸਾਦੀ, ਢੁਕਵੀਂ, ਅਮੀਰ, ਪ੍ਰਭਾਵਸ਼ਾਲੀ, ਪ੍ਰਗਟਾਊ, ਲੈਅ-ਦਾਰ ਤੇ ਚਿਤਰ-ਭਰਪੂਰ ਬੋਲੀ ਦਾ ਅਮੁੱਕ ਸੋਮਾਂ ਹੁੰਦੇ ਹਨ।" ਸਾਹਿਤ ਦੀ ਸਮਝ, (141) ਬੋਲੀ ਬਾਰੇ ਗੱਲ ਕਰਦਾ ਹੋਇਆ—ਵਾਲਟ ਵਿਟਮੈਨ ਵੀ ਕੁਝ ਅਜਿਹੇ ਹੀ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ।[3] ਸਾਹਿਤਕਾਰ ਦੀਆਂ ਜੜ੍ਹਾਂ ਬੋਲੀ ਤੇ ਅਨੁਭਵ ਦੋਹਾਂ ਪੱਖਾਂ ਤੋਂ ਲੋਕਾਂ ਵਿਚ ਹੁੰਦੀਆਂ ਹਨ। ਗੋਰਕੀ ਬਾਰੇ ਗੱਲ ਕਰਦਾ ਹੋਇਆ ਰੱਲਫ ਫ਼ਾਕਸ ਵੀ ਕੁਝ ਅਜਿਹੇ ਹੀ ਭਾਵ ਪ੍ਰਗਟ ਕਰਦਾ ਹੈ।[4] ਲੋਕ ਬੋਲੀ ਪ੍ਰਗਟਾ ਦਾ ਇਕ ਮਹਾਨ ਖ਼ਜ਼ਾਨਾ ਹੁੰਦੀ ਹੈ।[5]

ਮਲਵਈ ਉਪ-ਭਾਖਾ ਗੁਰਦਿਆਲ ਸਿੰਘ ਦੇ ਹੱਥਾਂ ਵਿਚ ਕੱਚੀ ਮਿੱਟੀ ਵਾਂਗ ਹੈ। ਇਸ ਦਾ ਕੱਚਾ-ਦੁੱਧ ਮਲਵਈਪੁਣਾ ਉਸ ਦੇ ਹੱਥੀਂ ਪੂਰੇ ਜੋਬਨ ਵਿਚ ਉਘੜਦਾ ਤੇ ਨਿਖਾਰ ਵਿਚ ਆਉਂਦਾ ਹੈ। ਉਹ ਪਾਤਰ-ਚਿਤਰਣ ਤੇ ਮੂੰਹ-ਮੁਹਾਂਦਰੇ ਦੇ ਵਰਣਨ ਵਿਚ ਸਾਡੀਆਂ ਅੱਖਾਂ ਸਾਹਮਣੇ ਤਸਵੀਰਾਂ ਲਟਕਾ ਦੇਣ ਦੀ ਸਮਰਥਾ ਨਾਲ ਓਤਪੋਤ ਹੈ। ਸੇਠ ਗੋਕਲਚੰਦ ਦਾ ਮੁਹਾਂਦਰਾ ਉਲੀਕਦਾ ਹੋਇਆ ਉਹ ਲਿਖਦਾ ਹੈ, 'ਪਹਿਲਾਂ ਉਹਨੇ ਮੋਤੀਆ ਪੱਗ ਵਾਲੇ, ਚਾਪੜ-ਮੂੰਹੇ ਗੋਕਲ ਚੰਦ ਵਲ ਵੇਖਿਆ, ਜੀਹਦੀਆਂ ਅੱਖਾਂ ਗੱਲ੍ਹਾਂ ਦੇ ਫੂਲੇ ਮਾਸ ਵਿਚ ਡੂੰਘੀਆਂ ਧਸੀਆਂ, ਤੋੜਾਂ ਵਾਂਗ ਲਗਦੀਆਂ ਸਨ; ਉਤਾਂਹ ਨੂੰ ਚੱਕਵੀਂ, ਘਾਣ ਦੇ ਡੰਗੇ ਵਰਗੀ ਠੋਡੀ ਦੇ ਹੇਠ ਧੌਣ ਵਿਚ ਐਚਕਨ ਦਾ ਕਾਲਰ ਘੋੜੇ ਦੇ ਤੰਗ ਵਾਂਗ ਕਸਿਆ ਲਗਦਾ ਸੀ।" ਬਿਸ਼ਨਾ ਦਿਆ ਕੌਰ ਤੋਂ ਫੂਲ ਵਾਲੇ ਤੋਤੀ ਰਾਮ ਦੀ ਹਾਤਾ ਖਾਲੀ ਕਰਾਉਣ ਦੀ ਗੱਲ ਸੁਣ ਕੇ ਕਹਿਰ ਦੀ ਇਕ ਡਰਾਮਾਈ ਤਸਵੀਰ ਬਣਿਆ ਜਾਪਦਾ ਹੈ: "ਇਹਦੇ ਨਾਲ ਹੀ ਉਹਦੀਆਂ ਅੱਖਾਂ ਵਿਚ ਇਕ ਨਿਰਾਲੀ ਚਮਕ ਆਈ ਤੇ ਉਹਦੇ ਮਾਤਾ-ਦਾਗੇ ਚੋੜੇ ਜਬਾੜਿਆਂ ਦਾ ਝੁਰੜਾਇਆ ਮਾਸ ਕੱਸਿਆ ਗਿਆ। ਤਿੱਖੇ ਬੈਠਵੇਂ ਨੱਕ ਦੇ ਪਤਲੇ ਨਥਨੇ ਫਰਕਣ ਲੱਗ ਪਏ। ਅਧੀਉਂ ਬਹੁਤ ਬੱਗੀ, ਸੂਤਵੀਂ ਦਾਹੜੀ ਦੇ ਧੌਲੇ ਸੁਨਹਿਰੀ ਤਾਰਾਂ ਵਾਂਗ ਲਿਸ਼ਕੇ ਤੇ ਪਤਲੀਆਂ ਮੁੱਛਾਂ ਕੰਬਣ ਲੱਗ ਪਈਆਂ।"

ਥਾਂ ਥਾਂ ਨਾਟਕੀ ਮੌਕੇ ਪੈਦਾ ਕਰਨ ਵਿਚ ਨਾਵਲਕਾਰ ਉਸਤਾਦ ਹੈ। ਇਨ੍ਹਾਂ ਮੌਕਿਆਂ ਵਿਚਲੇ ਹਾਸ-ਵਿਅੰਗ ਤੋਂ ਪਾਠਕ ਪ੍ਰਭਾਵਤ ਹੋਏ ਬਿਨਾ ਨਹੀਂ ਰਹਿ ਸਕਦਾ। ਕੁਝ ਇਕ ਮਿਸਾਲਾਂ ਦਿਲ-ਚਸਪੀ ਤੋਂ ਖ਼ਾਲੀ ਨਹੀਂ ਹੋਣਗੀਆਂ। 'ਇਹ ਤਸ਼ਮਈ ਬਣਾਈ ਐ, ਹੇਤੀਆ? ਬਿਸ਼ਨੇ ਨੇ ਹੌਡੀ ਵਲ ਝਾਕ ਕੇ ਪੁਛਿਆ, "ਆਂ, ਮ੍ਹਾਰੀ ਦੇਸੀ ਤਸਮਈ-ਰਾਬੜੀ।" 'ਕੈ ਦਿਨਾਂ ਦੀ ਬੇਹੀ ਲੱਸੀ ਪਾਈ ਸੀ?' 'ਨਾ ਬਾਸੀ ਕੋ ਨੀ, ਆਜ ਤੜਕੇ ਕੀ ਲਿਆ ਥਾ, ਛਿੱਬੂ ਕੇ ਘਰੋਂ।" 'ਹਲਾ! ਤਾਂ ਤਾਂ ਇਹ ਅੱਜ ਸੁਆਦ ਨੀਂ ਬਣਨੀਂ—ਜਿੰਨਾ ਚਿਰ ਲਾਹਣ ਅਰਗੀ ਉੱਠੀ ਲੱਸੀ ਨਾ ਪਵੇ ਓਨਾ ਚਿਰ

ਕਾਹਦੀ ਰਾਬੜੀ ਐ ।'' ਇਸੇ ਤਰ੍ਹਾਂ ਕਚਹਿਰੀ ਦਾ ਚਪੜਾਸੀ ਜਦੋਂ ਬਿਸ਼ਨੇ ਤੋਂ ਸੱਮਣ 'ਤੇ ਦਸਤਖ਼ਤ
ਕਰਾਉਂਦਾ ਹੋਇਆ ਕਹਿੰਦਾ ਹੈ, ''ਲੌ ਜੀ, ਦਸਕਤ...।'' ਬਿਸ਼ਨੇ ਨੂੰ ਆਪਣੇ ਵਲ ਖ਼ੁਭਵੀਆਂ
ਨਜ਼ਰਾਂ ਨਾਲ ਤੱਕਦਿਆਂ ਵੇਖ ਕੇ ਤਾਮੀਲ-ਕੁਨਿੰਦੇ ਨੇ ਵਧੇਰੇ ਘਾਬਰੀ ਆਵਾਜ਼ ਵਿਚ ਕਿਹਾ ਤੇ ਫਿਰ
ਹੋਲਡਰ ਭੁੰਜੇ ਰੱਖ ਕੇ ਪੱਗ ਦੇ ਲੜ ਨਾਲ ਮੂੰਹ ਪੂੰਝਿਆ । ਮੂੰਹ ਪੂੰਝ ਕੇ ਮੁੜ ਛੇਤੀ ਦੇਣੇ ਹੋਲਡਰ
ਫੇਰ ਚੁੱਕ ਕੇ ਬਿਸ਼ਨੇ ਵੱਲ ਓਵੇਂ ਵਿੰਗੀਆਂ ਉਂਗਲਾਂ ਨਾਲ ਅਗਾਂਹ ਵਧਾਇਆ । ਬਿਸ਼ਨੇ ਨੇ ਬਿੰਦ
ਕੁ ਹੋਰ ਉਹਦੇ ਮੂੰਹ ਵਲ ਤੱਕਿਆ ਤੇ ਫੇਰ ਬੋਲਿਆ, ''ਜੇ ਹਾਅ ਫੜ੍ਹਨ ਜਾਣਦਾ ਹੁੰਦਾ ਤਾਂ ਤੇਰੇ
ਆਂਗੂ 'ਹਜ਼ੂਰ-ਪਾਛਾ' ਨਾ ਬਣਿਆ ਹੁੰਦਾ, ਮੈਂ ਤਾਂ ਆਹ ਬਾਬਾ ਲਾਉਣ ਜਾਣਦੈਂ ।''

ਕਿਸੇ ਵਰਗ-ਵਿਸ਼ੇਸ਼ ਦਾ ਅਨੁਭਵ, ਕਿਸੇ ਕਿੱਤੇ ਦਾ ਚਿਤਰਣ, ਕਿਸੇ ਤਬਕਾਤੀ ਜੁਜ਼ ਦਾ
ਉਘਾੜ ਤੇ ਕਿਸੇ ਜ਼ਾਤੀ ਨੁਹਾਰ ਦਾ ਵਰਣਨ ਸ਼ਬਦ-ਜੁੱਟਾਂ ਦੇ ਪ੍ਰਤੀਨਿਧ ਰੂਪ ਰਾਹੀਂ ਪੇਸ਼ ਕਰਨ
ਨਾਲ ਹੀ ਪਾਤਰ ਨਿਵੇਕਲੇ, ਉਘੜਵੇਂ, ਯਥਾਰਥਕ ਤੇ ਸਜੀਵ ਚਿਤਰੇ ਜਾ ਸਕਦੇ ਹਨ । ਪ੍ਰੋ:
ਕਿਸ਼ਨ ਸਿੰਘ ਅਨੁਸਾਰ, ਜਿਸ ਤਬਕੇ ਦਾ ਮਨੁਖ ਸਾਹਿਤਕਾਰ ਆਪਣੀ ਰਚਨਾ ਵਿਚ ਲਿਆਉਂਦਾ
ਹੈ, ਚਿਤਰਦਾ ਹੈ, ਉਸ ਦੀ ਬੋਲੀ, ਉਸ ਦੇ ਅਨੁਭਵ ਨੂੰ ਪਰੋਂਦੇ ਬੋਲੀ ਦੇ ਪੈਟਰਨਾਂ ਨੂੰ ਉਹ ਲਾਜ਼ਮੀ
ਵਰਤਦਾ ਹੈ । ਉਨ੍ਹਾਂ ਨੂੰ ਵਰਤਣ ਤੋਂ ਬਗੈਰ ਸ਼ਖ਼ਸੀਅਤ ਦਾ ਅਸਲਾ ਚਿਤਰਿਆ ਨਹੀਂ ਜਾ ਸਕਦਾ ।''
**ਸਾਹਿਤ ਦੀ ਸਮਝ** (317) ਹੇਤੀਏ ਤੇ ਕਾਨ੍ਹੀਏ ਪੱਲੇਦਾਰ ਦੀ ਲੱਛੇਦਾਰ ਬਾਗੜੀ ਬੋਲੀ,
ਕਰਤਾਰੀ ਤਖਾਣੀ ਤੇ ਸੰਤੀ ਬਾਹਮਣੀ ਦੀ ਨਹੋਰੇ-ਭਰਪੂਰ, ਚਟਪਟੀ ਤੇ ਲੜਾਕੂ, ਤੇਜ਼ ਤੁਰਸ਼ ਤੇ
ਮਟਕਦੀ ਵਾਰਤਾਲਾਪ, ਕਾਲੇ ਤੇ ਧੁੱਤਰ ਵਰਗੇ ਬੱਚਿਆਂ ਦੀ ਭੋਲੀ, ਮਾਸੂਮ ਤੇ ਤੋਤਲੀ ਜ਼ਬਾਨ ਤੇ
ਬਿਸ਼ਨੇ ਦੇ ਅੱਖੜ, ਕੱਬੇ ਤੇ ਕੁਪੱਤੇ ਸੁਭਾ ਪ੍ਰਗਟਾਉਂਦੀ ਰੁੱਖੀ, ਕੁਰੱਖਤ ਤੇ ਹੈਂਕੜ ਭਰਪੂਰ ਬੋਲ-ਚਾਲ,
ਬੋਲੀ ਦੇ ਖਾਸ ਪੈਟਰਨਾਂ ਤੇ ਸ਼ੈਲੀ ਦੇ ਅਰੁਕ ਵੇਗ ਰਾਹੀਂ ਹੀ ਚਿਤਰੀਆਂ ਜਾ ਸਕਦੀਆਂ ਸਨ ।
ਇਸ ਪੱਖੋਂ ਲਿਖਾਰੀ ਨੇ ਕਮਾਲ ਕਰ ਵਿਖਾਇਆ ਹੈ । ਉਂਜ ਤਾਂ ਨਾਵਲ ਵਿਚ ਥਾਂ ਥਾਂ ਬਾਗੜੀ ਦੇ
ਨਮੂਨੇ ਮਿਲਦੇ ਹਨ ਪਰ ਕਈ ਥਾਈਂ ਬੋਲੀ 'ਤੇ ਲਿਖਾਰੀ ਦੀ ਪਕੜ ਅਦਭੁੱਤ ਜਾਪਦੀ ਹੈ । ਪੱਲੇਦਾਰ
ਹੇਤੀਆ ਬਿਸ਼ਨੇ ਨੂੰ ਕਹਿੰਦਾ ਹੈ, ''ਤਾਊ, ਬੇਰਾ ਨੀਂ ਤੈਂ ਰੇੜ੍ਹੀ ਮੇ ਕੇ ਪਾਉਂਦਾ ਮੋਟਰ ਕਾਰ ਜਿਸੀ
ਬਣਾ ਦਿੰਦਾ । ਕਾਰੀਗਰ ਹੋਏ ਤੋ ਤੇਰੇ ਜਿਸਾ । ਨਹੀਂ ਘਣ-ਘਸ਼ ਜਾਟ-ਖਾਤੀ ਤੋ ਬਥੇਰੇ ਤੁਰੇ
ਫਿਰਦੇ ਸੈਂ...'' ਬਿਸ਼ਨਾ ਹੇਤੀਏ ਨੂੰ ਮੁਸਕਰਾਂਦਾ ਹੋਇਆ ਬੋਲਿਆ, ''ਅਜ ਤਾਂ ਹੇਤ ਰਾਮਾ ਤੇਰੇ
ਤੇ ਬਲਾ ਰੂਪ ਚੜ੍ਹਿਆ ਲਗਦੈ ।'' ''ਹਾਂ, ਹਾਂ । ਯੋ ਬਾਤ ਤਨੇ ਖੂਪ ਕਹੀ ।'' ਹੇਤੀਆ ਆਪਣੇ
ਅਧ-ਟੁੱਟੇ ਦੰਦਾਂ ਨੂੰ ਬਾਹਰ ਕੱਢਦਿਆਂ ਹੱਸਿਆ: ''ਇਬ ਤੋ ਮੈਂ ਜੂਸਪ ਬਣ ਗਿਆ...ਵਾ ਕੇ ਕਹੈਂ...
ਜੁਲਖਾਂ ਨੇ ਬਿਆਹਣ ਜਾਊਂਗਾ ਨਾ...ਅਕ ਲੇਲਾਂ ਨੇ ?''

ਇਸੇ ਤਰ੍ਹਾਂ ਮਲਵਈ ਇਸਤਰੀਆਂ ਦੇ ਮੜਾਕੇਦਾਰ ਮਿਹਣੇ ਤੇ ਨਹੋਰੇ ਅਜਿਹੀ ਲੱਛੇਦਾਰ ਤੇ
ਅਲੰਕਾਰੀ ਬੋਲੀ ਵਿਚ ਪੇਸ਼ ਹਨ ਕਿ ਪਾਠਕ ਦੰਦਾਂ ਵਿਚ ਉਂਗਲੀ ਦਬਾ ਲੈਂਦੇ ਹਨ । ਬਿਸ਼ਨੇ ਦੀ
ਭਰਜਾਈ ਕਰਤਾਰੀ ਬਿਸ਼ਨੇ ਨਾਲੋਂ ਅੱਡ ਹੋਣ ਦੀ ਗੱਲ ਕਰਦੀ ਹੋਈ ਕਹਿੰਦੀ ਹੈ, ''ਸੋਚਿਆ ਪਿਐ'',
ਐਤਕੀਂ ਕਰਤਾਰੀ ਦੇ ਬੋਲ ਵਿਚ ਉਹਦਾ ਸੁਭਾਵਕ ਗੜ੍ਹਕਾ ਸੀ, 'ਸੌ ਹੱਥ ਰੱਸਾ ਸਿਰੇ ਤੇ ਗੰਢ !
ਐਦੂੰ ਪਿਛੋਂ ਹੁਣ ਉਨ੍ਹਾਂ ਨਾਲ ਤਾਂ ਨਿਭਦੀ ਨੀਂ, ਕਿਉਂ—ਉਨ੍ਹਾਂ ਨੇ ਕਰਨੇ ਐਂ ਪੁੱਠੇ ਕੰਮ, ਸਾਡੀ
ਐ ਕਬੀਲਦਾਰੀ ਪੂਰੀ, ਆਥਣ-ਉਗਣ ਢਿੱਡ-ਖਾਣ ਨੂੰ ਮੰਗਦੈ, ਨਿਆਣੇ ਅੱਡ ਚੂੰਡਦੇ ਐ, ਉਨ੍ਹਾਂ
ਦੇ ਮਗਰ ਲੱਗ ਕੇ ਅਸੀਂ ਠੂਠਾ ਤਾਂ ਨੀਂ ਫੜਣਾ ।'' ਕਰਤਾਰੀ ਸੰਤੀ ਬਾਹਮਣੀ ਨੂੰ ਉਸ ਵੱਲ ਗੇੜਾ
ਨਾ ਮਾਰਨ 'ਤੇ ਦਿਆਕੌਰ ਦੀਆਂ ਹੀ ਕੂਨਸਾਂ ਭਰਨ ਦਾ ਨਹੋਰਾ ਦਿੰਦੀ ਹੋਈ ਕਹਿੰਦੀ ਹੈ, ''ਮੈਨੂੰ



ਭਰਮ ਪਿਆ ਦਸਦੀ ਐ !'' ਕਰਤਾਰੀ ਨੇ ਵਿਅੰਗ ਨਾਲ ਆਖਿਆ, ''ਸਾਰਾ ਦਿਨ ਪਤੰਦਰਨੀ ਦੇ
ਗੋਡੇ-ਮੁੱਢ ਬਹਿ ਕੇ ਝੂਠੀਆਂ-ਸੱਚੀਆਂ ਤਾਂ ਤੂੰ ਜੋੜੇਂ ਤੇ ਮੈਨੂੰ ਭਰਮ ਪਿਐ'—ਮਸਤੀ ਬਾਹਮਣੀ ਗੱਲਾਂ
ਵੇਖ ਕੀ ਕਰਦੀ ਐ ।'' ਸੰਤੀ ਦਿਆਕੌਰ ਨੂੰ ਮਿਲਣ ਆਈ ਕਹਿੰਦੀ ਹੈ, ''ਐਡੇ ਚੰਦਰੇ ਲੋਕ ਐ
ਦਿਆਕੁਰੇ'', ਉਹਨੇ ਭੇਤ-ਭਰੀ ਆਵਾਜ਼ ਵਿਚ ਹੌਲੀ ਹੌਲੀ ਆਖਿਆ, ''ਬਈ ਬੋਲਣ ਲੱਗੇ ਭੋਰਾ
ਕਿਹੜਾ ਅੱਗਾ-ਪਿੱਛਾ ਦੇਖਦੇ ਐ !...ਕਲ੍ਹ ਦੀ ਠੋਲ੍ਹੂ ਵਾਲੀ ਗੱਲ...ਅਹੁ ਸੜੀ ਕਰਿਆੜੀ ਆਖੇ
ਅਕੇ...'' ''ਠੋਲ੍ਹਾ ਦਿਆਕੁਰ ਨੂੰ ਮਿਲਣ ਆਇਆ ਸੀ !...'' ਦਿਆਕੌਰ ਨੇ ਕਰੋਧ ਨਾਲ ਭਬਕ
ਕੇ ਤੇ ਵੱਢ-ਖਾਣਿਆਂ ਵਾਂਗ ਝਾਕਦਿਆਂ ਸੰਤੀ ਦੀ ਗੱਲ ਟੋਕ ਕੇ ਪੂਰੀ ਕਰਦਿਆਂ ਕਿਹਾ, ''ਉਹ
ਤਾਂ ਰਹਿ ਜਾਣਗੀਆਂ ਪਾਸੇ, ਮੈਂ ਪਹਿਲਾਂ ਤੇਰਾ ਝਾਟਾ ਖੋਹ ਕੇ ਵਾਲ-ਵਾਲ ਕਰੂੰ—ਇਹ ਤੂੰ ਆਖਿਆ
ਕੀ ਨੀਂ ਕੁੱਤੀਏ ਬਾਹਮਣੀਏ ।''...ਸੰਤੀ ਨਿਗਾਹ ਦੂਜੇ ਪਾਸੇ ਕਰ ਕੇ ਕਸੀਸ ਜਿਹੀ ਵਟਦਿਆਂ ਬੋਲੀ
''ਮੈਂ ਤਾਂ ਏਸੇ ਗੱਲ ਪਿਛੇ ਉਹਦੇ ਨਾਲ ਦੂਰੋਂ-ਦੂਰੀ...ਮੈਂ ਆਖਾਂ ਸੜੀਏ ਬਨਿਆਣੀਏਂ ਤੈਥੋਂ
ਆਵਦੀ ਜਬਾ ਸਾਂਭੀ ਜਾਂਦੀ ਐ ਕਿ ਭਨੌਣੇ ਢਿੱਡ...'' ''ਦਿਆਕੁਰੇ ਆ ਮਹਾਜਨਾਂ ਦੀਆਂ ਢਿੱਡਲਾਂ
ਜੀਆਂ ਤਾਂ...ਹੁਣ ਤੈਨੂੰ ਕੀ ਆਖਾਂ, ਐਡੀਆਂ ਮੁਸਲਿਆਂ ਦੇ ਜਾਣੀਐਂ ਬਈ...'' ''...ਲੈ ਪਰਸੋਂ
ਅਹੁ ਅਮਰਨਾਥ ਆਲੀ ਕਹਿੰਦੀ, ਮੈਂ ਫਲਾਣੀ ਦੇ ਘਰੇ ਬੰਦਾ ਆਉਂਦਾ ਆਪ ਵੇਖਿਆ । ਮੈਂ
ਆਖਿਆ ਨੀਂ ਤੇਰੀ ਮਿਟੀ ਸੜ ਜਾਏ ਤੂੰ ਕਿਉਂ ਕਿਸੇ ਭਲੇ ਘਰ ਦੀ ਨੂੰਹ ਧੀ ਦੀ ਚਿੱਟੀ ਚੁੰਨੀ
ਨੂੰ ਦਾਗ ਲਾਉਨੀ ਐਂ ?''

ਬਿਸ਼ਨੇ ਦੇ ਦਿਲ ਵਿਚ ਮੰਡੀ ਦੇ ਸੇਠਾਂ ਲਈ ਕਹਿਰਾਂ ਦੀ ਨਫਰਤ ਨੂੰ ਪ੍ਰਗਟਾਉਣ ਲਈ ਬੋਲੀ
ਲਿਖਾਰੀ ਦੇ ਹੱਥਾਂ ਵਿਚ ਗਿੱਲੀ ਮਿੱਟੀ ਵਾਂਗ ਉਸ ਦਾ ਮਨ-ਚਾਹਿਆ ਰੂਪ ਧਾਰਨ ਕਰਦੀ ਹੈ ।
''ਫੇਰ ਬਿਸ਼ਨੇ ਨੇ ਆਪਣੀਆਂ ਤੇਜ਼, ਸੱਪ ਵਰਗੀਆਂ ਲਿਸ਼ਕਦੀਆਂ ਅੱਖਾਂ ਨਾਲ ਠੋਲ੍ਹੇ ਦੇ ਭਰਵੇਂ,
ਸੂਹੇ ਮੂੰਹ, ਭਾਰੀ ਹਿੱਕ, ਵਧੇ ਢਿੱਡ ਤੇ ਉਹਦੀ ਮਲਮਲ ਦੀ ਬਰੀਕ ਧੋਤੀ ਵਲ ਉਤੋਂ ਹੇਠ ਤਾਈਂ
ਇਉਂ ਵੇਖਿਆ ਜਿਵੇਂ ਉਹਦੇ ਲੂੰ ਲੂੰ ਨੂੰ, ਆਪਣੀ ਨਿਗਾਹ ਦੀਆਂ ਸੂਈਆਂ ਨਾਲ ਪਰੋ ਰਿਹਾ ਹੋਵੇ ।
ਇੰਜ ਝਾਕਦਿਆਂ ਉਹਦਾ ਚਿਹਰਾ ਪੱਥਰ ਬਣ ਗਿਆ ਸੀ, ਨਕਸ਼ਾਂ ਉਤੇ ਕੋਈ ਉਤਰਾ-ਚੜ੍ਹਾ ਨਹੀਂ
ਸੀ ਦਿਸਿਆ, ਕਿੰਨਾ ਚਿਰ ਉਹਨੇ ਅੱਖਾਂ ਵੀ ਨਾ ਝਮਕੀਆਂ ।'' ਸਾਹਿਤਕਾਰ ਦੇ ਬੋਲੀ ਨਾਲ ਸੰਬੰਧ
ਬਾਰੇ ਗੱਲ ਕਰਦੇ ਹੋਏ ਪ੍ਰੋ: ਕਿਸ਼ਨ ਸਿੰਘ ਕਹਿੰਦੇ ਹਨ, ''ਜਿਸ ਹੱਦ ਤਕ ਉਹ ਲੋਕਾਂ ਨਾਲ ਇਕ
ਜਾਨ ਹੁੰਦਾ ਹੈ ਉਨ੍ਹਾਂ ਹੀ ਸੱਜਰਾ, ਡੂੰਘਾ ਤੇ ਅਮੀਰ ਉਸ ਦਾ ਅਨੁਭਵ ਤੇ ਉਸ ਦੀ ਬੋਲੀ ਹੁੰਦੀ ਹੈ ।
ਸਾਹਿਤਕਾਰ ਦਾ ਮਨੁਖੀ ਰਿਸ਼ਤਿਆਂ ਤੇ ਮਨੁਖੀ ਰਿਸ਼ਤਿਆਂ ਦੀ ਅਗਾਂਹ ਵਧ ਰਹੀ ਨੋਕ ਨਾਲ
ਇਕ-ਮਿਕ ਹੋਣਾ ਹੀ ਉਸ ਦੀ ਬੋਲੀ ਤੇ ਅਨੁਭਵ ਦਾ ਖਜ਼ਾਨਾ ਹੈ ।'' **ਸਾਹਿਤ ਦੀ ਸਮਝ** (142)

ਬੱਚਿਆਂ ਦੀ ਤੋਤਲੀ ਬੋਲੀ ਨਾਵਲਕਾਰ ਦੇ ਹੱਥਾਂ ਵਿਚ ਇਕ ਹੋਰ ਹਥਿਆਰ ਹੈ ਜੋ ਨਾਵਲ ਦੇ
ਮਾਹੌਲ ਨੂੰ ਸਜੀਵ ਤੇ ਯਥਾਰਥਕ ਬਣਾਉਣ ਵਿਚ ਸਹਾਈ ਹੁੰਦਾ ਹੈ । ''ਹਾਂ, ਮਾਘੀ ਬੋਲਿਆ, ''ਦਿਮੇਂ
ਤਾਇਆ ਲਾਤ ਨੂੰ ਛਾਡੇ ਬਾਲ ਮੂਲੇ, ਪਾਂ ਵਾਲਾ ਕਤੂਲਾ ਕਲਦਾ ਹੁੰਦੈ ਨਾ ਭੂੰ...ਭੂੰ-ਭੂੰ-ਹੂੰ ਐਂ
ਕਲੀ ਦਾਂਦਾਂ ਛੀ ਮੇਲਾ ਬਾਪੂ ।'' ਵਾਰਤਾਲਾਪ ਬਾਰੇ ਗੱਲ ਕਰਦੇ ਹੋਏ ਪ੍ਰੋ: ਕਿਸ਼ਨ ਸਿੰਘ ਕਹਿੰਦੇ
ਹਨ, ''ਸਾਹਿਤਕ ਤੌਰ ਤੇ ਸਹੀ ਵਾਰਤਾਲਾਪ ਉਹ ਹੈ ਜੋ ਪਾਤਰ ਦੀ ਨਿਜੀ ਖਾਸੀਅਤ, ਉਸ ਦੀ
ਅਨੂਠੀ ਸਥਿਤੀ ਨਾਲ ਇਕ ਸੁਰ, ਉਸ ਨੂੰ ਹੀ ਲੱਗੀ ਹੋਈ ਜ਼ਬਾਨ ਹੋਵੇ...ਵਾਰਤਾਲਾਪ ਦਾ ਕਰਤਵ
ਹੈ ਕਿ ਇਸ ਦਾ ਹਰ ਬੋਲ, ਹਰ ਫਿਕਰਾ, ਪਾਤਰਾਂ ਦੀਆਂ ਨਵੀਆਂ ਖਾਸੀਅਤਾਂ ਨੂੰ ਉਘੇੜੇ, ਮਸਲੇ
ਨੂੰ ਉਭਾਰੇ ਅਤੇ ਨਾਲੋਂ ਨਾਲ ਪਲਾਟ ਨੂੰ ਅੱਗੇ ਲਜਾਵੇ । ਜ਼ਿੰਦਗੀ ਵਿਚ ਹਿੱਤ ਦੀ ਉਹ ਲੜਾਈ ਹੀ

ਪੂਰੀ ਤਰ੍ਹਾਂ ਲੜੀ ਜਾਂਦੀ ਹੈ ਜੋ ਚੇਤੰਨ ਤੌਰ 'ਤੇ ਰੈਸ਼ਨੇਲ ਦੀ ਪੱਧਰ ਤੱਕ ਪਹੁੰਚੇ। ਐਸੀ ਹਾਲਤ ਵਿਚ ਵਾਰਤਾਲਾਪ ਪਾਤਰ ਦੀ ਮਾਨਸਕ ਬਣਤਰ, ਉਸ ਦੀ ਮਨੋਵੇਗਕ, ਸਦਾਚਾਰਕ ਨੁਹਾਰ ਦੇ ਨਾਲ ਦਿਮਾਗੀ ਨੁਹਾਰ ਵੀ ਨਿਖਾਰਦੀ ਹੈ।" ਸਾਹਿਤ ਦੀ ਸਮਝ (101) ਬਿਸ਼ਨਾ ਅੱਖੜ ਹੈ, ਕੱਬਾ ਤੇ ਕੁਪੱਤਾ ਵੀ। ਇਹ ਅੱਖੜਪੁਣਾ ਉਸ ਦੀ ਵਾਰਤਾਲਾਪ ਦੇ ਹਰ ਸ਼ਬਦ ਤੋਂ ਪ੍ਰਤੱਖ ਹੈ। ਕੁਪੱਤਾ ਉਹ ਸਰਕਾਰੀ ਪੁਰਜ਼ਿਆਂ ਤੇ ਮੰਡੀ ਦੇ ਲਹੂ-ਚੂਸ ਸੇਠਾਂ ਲਈ ਹੈ। ਉਨ੍ਹਾਂ ਲਈ ਉਸ ਦੇ ਮਨ ਵਿਚ ਅਥਾਹ ਨਫ਼ਰਤ ਹੈ ਜੋ ਉਸ ਦੇ ਅੰਗ ਅੰਗ 'ਚੋਂ ਟਪਕਦੀ ਹੈ ਜਿਵੇਂ ਉਪਰ ਠੋਲ੍ਹੇ ਵਾਲੀ ਮਿਸਾਲ ਤੋਂ ਜ਼ਾਹਰ ਹੈ। ਉਹ ਸ਼ੇਰ-ਦਿਲ ਹੈ, ਸਮੇਂ ਦੀ ਚਾਲ ਤੋਂ ਨਾਬਰ ਹੈ, ਅਣਖ ਦੀ ਖਾਤਰ ਸਿਰ ਤਲੀ 'ਤੇ ਧਰੀ ਫਿਰਦਾ ਹੈ। "ਉਹ ਪਿਛਾਹਾਂ ਮੁੜਦਿਆਂ ਬੋਲਿਆ, 'ਧਰਤੀ ਤੇ ਕਿਤੇ ਅਨਸਾਫ਼ ਹੈ ਤਾਂ ਆਵਦੀ ਹਿੰਮਤ ਨਾਲ ਮੈਂ ਆਪੇ ਲੈ ਲੂੰ, ਤੇ ਜੇ ਕਿਤੇ ਅਨਸਾਫ਼ ਹੈ ਈ ਨਹੀਂ, ਤਾਂ ਮੁੜ ਕੇ ਥੋੜੀਆਂ ਲੇਲ੍ਹੜੀਆਂ ਨੀਂ ਕਢਦਾ, ਜੋ ਹੋਊ ਐਸ ਹਿੱਕ ਤੇ ਝੱਲੂੰ! 'ਤੇ ਉਸ ਖੱਬਾ ਹੱਥ ਹਿੱਕ ਤੇ ਮਾਰਿਆ।" ਹਉਂ ਵਿਚ ਆ ਕੇ ਉਹ ਗਾ ਉਠਦਾ ਹੈ। "ਦਿਲ ਪਹਾੜਾਂ ਵਰਗੇ ਮਸਤੀ ਸ਼ੇਰਾਂ ਦੀ..." ਮੰਡੀ ਦੇ ਲਾਲਿਆਂ ਲਈ ਉਹ ਸ਼ੇਰਾਂ ਤੋਂ ਵੀ ਡਰਾਉਣਾ ਹੈ। ਠੋਲ੍ਹੇ ਨੂੰ ਦੇਖ ਕੇ ਉਸ ਦਾ ਪਾਰਾ ਬਹੁਤ ਉਚਾ ਚੜ੍ਹ ਜਾਂਦਾ ਹੈ। ਉਸ ਦੀ ਸ਼ਖਸੀਅਤ ਦੇ ਇਸ ਪੱਖ ਨੂੰ ਉਸ ਦੀ ਵਾਰਤਾਲਾਪ ਥਾਂ ਥਾਂ ਉਘਾੜਦੀ ਹੈ। ਮੁੰਨਾ ਘੜਾਉਣ ਆਏ ਸੁਰਜਣ ਜੱਟ ਨੂੰ ਉਹ ਕੁੱਦ ਕੇ ਪੈਂਦਾ ਹੈ, "ਬਿਸ਼ਨਾ ਚੁੱਪ ਕੀਤਾ ਓਵੇਂ ਡਾਹਣਾ ਚੁਕੀ ਬੂਹੇ ਵਲ ਤੁਰਿਆ ਆਇਆ ਤੇ ਗਲੀ 'ਚ ਆ ਕੇ ਉਹਨੇ ਸਾਰੇ ਜ਼ੋਰ ਨਾਲ ਡਾਹਣਾ ਵਗਾਹ ਮਾਰਿਆ ਤੇ ਗੱਜਵੀਂ, ਕਹਿਰੀ ਆਵਾਜ਼ ਵਿਚ ਬੋਲਿਆ, "ਜੇ ਬੰਦੇ ਦਾ ਪੁੱਤ ਐਂ ਤਾਂ ਮੇਰੇ ਘਰੋਂ ਬਾਹਰ ਹੋ ਜਾ, ਨਹੀਂ ਗਿੱਟੇ ਵੱਢ ਦੂੰ...ਜੇ ਮੁੜ ਕੇ ਮੇਰਾ ਬਾਰ ਲੰਘਿਐਂ ਤਾਂ ਜਾਣਦੈਂ..."

ਨਾਵਲ ਦਾ ਬਹੁਤਾ ਪਿੜ ਪਾਤਰਾਂ ਦੀ ਵਾਰਤਾਲਾਪ ਨੇ ਮਲ੍ਹਿਆ ਹੋਇਆ ਹੈ। ਇਹ ਵਾਰਤਾਲਾਪ ਬੜੀ ਨਾਟਕੀ, ਰੌਚਕ ਤੇ ਯਥਾਰਥਕ ਹੈ ਅਤੇ ਮਲਵਈ ਉਪ-ਭਾਖਾ ਵਿਚ ਗੜੁੱਚ ਹੈ। ਨਾਵਲ ਦਾ ਪ੍ਰਤੱਖ ਪ੍ਰਭਾਵ ਇਸ ਦੇ ਮਲਵਈ ਉਪ-ਬੋਲੀ ਵਿਚ ਲਿਖੇ ਹੋਣ ਦਾ ਹੀ ਪੈਂਦਾ ਹੈ ਜੋ ਬਹੁਤਾ ਸਲਾਹੁਣਯੋਗ ਨਹੀਂ। ਇਸ ਨਾਲ ਇਸ ਦੇ ਪਾਠਕਾਂ ਦਾ ਘੇਰਾ ਸੌੜਾ ਹੁੰਦਾ ਹੈ। ਤੇ ਮਾਲਵੇ ਤੋਂ ਬਾਹਰਲੇ ਪਾਠਕ ਇਸ ਉਪ-ਭਾਖਾ ਦੀ ਰੌਚਕਤਾ ਦਾ ਬਹੁਤਾ ਆਨੰਦ ਨਹੀਂ ਮਾਣ ਸਕਦੇ। ਨਾਵਲ ਦੇ ਪਿਛਲੇ ਕੁਝ ਕਾਂਡਾਂ ਵਿਚ ਦਿਆਕੌਰ ਦੇ ਮਰਨ ਪਿਛੋਂ ਜਿਥੇ ਬਿਸ਼ਨੇ ਦੇ ਮੁੜ ਮੰਡੀ ਵਿਚ ਭਗਤੇ ਦੇ ਘਰ ਆ ਰਹਿਣ ਦਾ ਸਮਾਂ ਆਇਆ ਤਾਂ ਮੰਡੀ ਦੇ ਬਦਲੇ ਹੋਏ ਵਾਤਾਵਰਣ ਦਾ ਚਿਤਰਨ ਹੀ ਸਮੁਚੇ ਨਾਵਲ ਵਿਚ ਅੰਕਿਤ ਵਾਤਾਵਰਣ ਚਿਤਰਣ ਦਾ ਮੁਖ ਅੰਗ ਹੈ। ਪ੍ਰਕ੍ਰਿਤੀ ਚਿਤੇਰਣ ਜਿਸ ਨਾਲ ਮਾਹੌਲ ਪਾਠਕਾਂ ਦੇ ਮਨਾਂ 'ਤੇ ਛਾ ਜਾਂਦਾ ਹੈ ਤੇ ਘਟਨਾਵਾਂ ਮਨਖੀ ਜੀਵਨ ਦਾ ਅੰਗ ਬਣ ਜਾਂਦੀਆਂ ਹਨ ਨਾਵਲ ਵਿਚੋਂ ਲਗਭਗ ਅਲੋਪ ਹੈ। ਬਿਸ਼ਨੇ ਦੇ ਸਰਕਾਰੇ ਦਰਬਾਰੇ ਝਗੜੇ, ਬਾਣੀਆਂ ਨਾਲ ਨਫ਼ਰਤ ਤੇ ਮੁਕੱਦਮੇਬਾਜ਼ੀ ਦੀ ਇਕ ਤੋਂ ਵੱਧ ਵਾਰ ਰੀਹਰਸਲ ਨਾਵਲ ਦਾ ਅਕਾਊ ਪੱਖ ਹੈ। ਬਿਸ਼ਨੇ ਤੇ ਦਿਆਕੌਰ ਦੇ ਦੰਪਤੀ ਪਿਆਰ ਵਿਚ ਕਿਧਰੇ ਰੋਮਾਂਸ ਦੀ ਛੋਹ ਤਕ ਨਹੀਂ, ਕੇਵਲ ਇਕ ਥਾਂ ਮਾੜਾ ਜਿਹਾ ਸੰਕੇਤ ਹੀ ਮਿਲਦਾ ਹੈ। "ਦਿਆਕੌਰ ਨੂੰ ਕਿੰਨੇ ਚਿਰ ਦਾ ਇਹ ਖਿਆਲ ਵੀ ਨਹੀਂ ਸੀ ਰਿਹਾ ਕਿ ਬਿਸ਼ਨੇ ਨੇ ਏਸ ਗੱਡੀ ਆਉਣਾ ਸੀ ਬਸ ਇਕ ਰਸ ਜਿਹਾ ਸਿਰ ਤੋਂ ਪੈਰਾਂ ਤਾਈਂ ਰਸਿਆ ਲਗਦਾ ਸੀ ਜਿਵੇਂ ਉਹਦਾ ਪਿੰਡਾ ਸ਼ਹਿਦ ਨਾਲ ਟੱਸਿਆ ਹੋਇਆ ਹੋਵੇ...।" ਹਾਂ ਨਾਵਲਕਾਰ ਬਿਸ਼ਨੇ ਦੀ ਜੁਆਨੀ ਦਾ ਥੋੜਾ



ਜਿਹਾ ਵਰਣਨ ਰੋਮਾਂਸਕ ਪੱਧਰ 'ਤੇ ਕਰਦਾ ਹੋਇਆ ਕਹਿੰਦਾ ਹੈ: "ਫੇਰ ਜਦੋਂ ਸੂਕਦੀ ਜੁਆਨੀ ਚੜ੍ਹੀ ਤਾਂ ਇੰਜ ਜਾਪਦਾ ਹੁੰਦਾ ਕਿ ਜਿੱਥੇ ਸਾਰੇ ਜ਼ੋਰ ਨਾਲ ਅੱਡੀ ਮਾਰੇ ਉਥੋਂ ਪਾਣੀ ਕੱਢ ਸਕਦਾ ਸੀ...ਓਦੋਂ, ਕਦੇ ਕਦੇ ਇਉਂ ਵੀ ਲਗਦਾ ਹੁੰਦਾ ਕਿ ਇਸ ਸਾਰੀ ਧਰਤੀ ਨੂੰ ਚਰ੍ਹੀ ਦੀ ਭਰੀ ਵਾਂਗ ਜੱਫੇ 'ਚ ਲੈ ਕੇ ਉਹ ਦਗੜ-ਦਗੜ ਕਰਦਿਆਂ ਸੂਰਜ ਦੀ ਟੀਸੀ ਉਤੇ ਚੜ੍ਹ ਸਕਦਾ ਸੀ।" ਭਾਵੇਂ ਸ਼ਰਾਬੀ ਮਾਘੀ ਦੀਆਂ ਗੱਲਾਂ ਵੀ ਰੋਮਾਂਸ ਤੋਂ ਖਾਲੀ ਨਹੀਂ, ਪਰ ਇਹ ਉਭਰਦੀ ਜ਼ਿੰਦਗੀ ਦਾ ਸਵਸਥ ਰੋਮਾਂਸ ਨਹੀਂ, ਢਾਹੂ ਅਰਧ-ਚੇਤਨ ਮਨ ਦੀਆਂ ਕਾਲਪਨਿਕ ਟਾਹਰਾਂ ਹਨ। ਮਾਘੀ, "ਪਹਿਲੀ ਗੱਲ ਤਾਂ ਇਹ ਤਾਇਆ ਕਿ ਆਪਾਂ ਨੂੰ ਕਿਸੇ ਸਾਲੇ ਦਾ ਡਰ-ਡੁੱਕਰ ਕੋਈ ਨਹੀਂ। ਹੋਵੇ ਵੀ ਕਿਉਂ? ਸਾਡਾ...ਸਾਡਾ ਪਿਓ ਤਾਇਆ ਬੜਾ ਫੁੱਦੂ ਆਦਮੀ ਐ! ਤਾਂ ਓਹਤੋਂ ਆਪਾਂ ਡਰਦੇ ਨੀਂ—ਚਲੋ ਪਹਿਲਾਂ ਇਹੀ ਬਾਤ ਸੁਣੋ।" ਸਾਰੇ ਨਾਵਲ ਵਿਚ ਕੇਵਲ ਇਕ ਥਾਂ ਸਾਹਿਤਕਾਰ ਬਿਸ਼ਨੇ ਨੂੰ ਜ਼ਿੰਦਗੀ ਦੀ ਅਸਲੀਅਤ ਦੇ ਗੁੱਝੇ ਭੇਤ ਨਾਲ ਅਛੋਪਲੇ ਜਿਹੇ ਜਾਣ ਪਛਾਣ ਕਰਾਉਂਦਾ ਹੋਇਆ ਫਲਸਫਾਨਾ ਅੰਦਾਜ਼ ਵਿਚ ਗੱਲ ਕਰਦਾ ਹੈ। "ਬਿਸ਼ਨੇ ਨੂੰ ਸਭ ਕੁਝ ਵੇਖਣ ਮਗਰੋਂ ਇਉਂ ਲੱਗਿਆ ਜਿਵੇਂ ਉਸ ਕੁਦਰਤ ਦਾ ਇਕ ਦੁਮੇਲ ਵੇਖਿਆ ਹੋਵੇ। ਕਿਸੇ ਚੀਜ਼ ਦਾ ਆਪੇ ਵਿਚ ਕੋਈ ਸੁਮੇਲ ਨਹੀਂ ਸੀ... ਕਾਲੇ ਰੁੱਖਾਂ, ਘੁੱਗੀਆਂ ਵਰਗੇ ਬੱਦਲਾਂ, ਅਸਮਾਨ ਦੇ ਉਤੋਂ ਹੋਰ, ਹੇਠੋਂ ਹੋਰ ਰੰਗਾਂ ਵਿਚ ਕੀ ਸਮਾਨਤਾ ਸੀ? ਤਿਮਜਲੀਆਂ ਹਵੇਲੀਆਂ ਤੇ ਮਗਨੀ ਦੀ ਕੋਠੜੀ ਵਿਚ ਕੀ ਭੇਤ ਸੀ? ਮਗਨੀ ਵਰਗੇ ਕੰਜੂਸ ਤੇ ਠੋਲ੍ਹੂ ਵਰਗੇ ਸੇਠ ਕਿਉਂ, ਕਿਵੇਂ ਬਣੇ ਸਨ ਤੇ ਇਸ ਗੱਲ ਵਿਚ ਕੋਈ ਗੋਝ ਸੀ?— ਬਿਸ਼ਨਾ ਹੁਣ ਇਹ ਗੱਲਾਂ ਪੁੱਛ ਸਕਦਾ ਸੀ; ਬੁੱਝ ਨਹੀਂ ਸੀ ਸਕਦਾ।"

ਕੁਝ ਕੁ ਪੇਤਲੀਆਂ ਜਿਹੀਆਂ ਮਨੋਵਿਗਿਆਨਕ ਛੋਹਾਂ ਨਾਵਲ ਵਿਚ ਦੇਖਣ ਨੂੰ ਮਿਲਦੀਆਂ ਹਨ। ਨਾਵਲ ਦਰਅਸਲ ਸਾਡੇ ਸਮੇਂ ਦੀ ਗੁੰਝਲਦਾਰ ਜ਼ਿੰਦਗੀ ਦੀ ਇਕ ਗੁੰਝਲਦਾਰ ਤਸਵੀਰ ਹੈ। ਸਾਡੀ ਅਜੋਕੀ ਜ਼ਿੰਦਗੀ ਦੇ ਕਈ ਪੱਲੇ, ਕਈ ਲੜ ਕਈ ਪਾਸੀਂ ਅੜੇ ਹੋਏ ਹਨ। ਨਾਵਲ ਸਾਡੇ ਅਜੋਕੇ ਸਮਾਜ ਵਿਚ ਇਕ ਵਿਜੋਗੇ ਹੋਏ ਮਨੁਖ ਦੀ ਇਕ ਪੁਰਪੇਚ ਦਾਸਤਾਨ ਹੈ। ਅਜਿਹੇ ਪ੍ਰਸੰਗ ਵਿਚ ਸਿੱਧ-ਪੱਧਰੇ ਪਾਤਰ, ਜ਼ਿੰਦਗੀ ਦੀ ਘੁਮਣ-ਘੇਰੀ ਵਿਚ ਇਕੋ ਪੱਧਰ 'ਤੇ ਜਿਉਂਦੇ ਜ਼ਿੰਦਗੀ ਦੀ ਬਹੁ-ਭਾਂਤੀ ਤੇ ਬਹੁ-ਪੱਖੀ ਨੁਹਾਰ ਨੂੰ ਉਜਾਗਰ ਨਹੀਂ ਕਰ ਸਕਦੇ। ਪਰ ਸਾਹਿਤਕਾਰ ਦੇ ਅਨੁਭਵ ਦੀਆਂ ਕੁਝ ਸੀਮਾਵਾਂ ਹਨ ਤੇ ਉਨ੍ਹਾਂ ਸੀਮਾਵਾਂ ਅੰਦਰ ਰਹਿੰਦਾ ਹੋਇਆ ਹੀ ਉਹ ਆਪਣੇ ਪਾਤਰਾਂ ਦੀ ਸਿਰਜਣਾ ਕਰਦਾ ਹੈ। ਸ਼ਾਇਦ ਇਸੇ ਲਈ ਬਿਸ਼ਨਾ ਬਹੁ-ਪੱਖੀ (ਮਲਟੀਡਾਈਮੈਨਸ਼ਲ) ਪਾਤਰ ਨਹੀਂ ਉਸਾਰਿਆ ਜਾ ਸਕਿਆ। ਭਾਵੇਂ ਕੋਈ ਵਿਅਕਤੀਤਵ ਕੇਵਲ ਇਕ ਮਨੋਵਿਗਿਆਨਕ ਪਲੰਦਾ ਨਹੀਂ ਪਰ ਮਨੋਵਿਗਿਆਨ ਇਕ ਖਾਸ ਹੱਦ ਤੱਕ ਉਸ ਨੂੰ ਉਘਾੜਨ ਦਾ ਇਕ ਪਰਬਲ ਸਾਧਨ ਜ਼ਰੂਰ ਹੈ। ਬਿਸ਼ਨੇ ਦੀ ਮਨੋ-ਅਵਸਥਾ ਦਾ ਜ਼ਿਕਰ ਕਰਦਾ ਹੋਇਆ ਨਾਵਲਕਾਰ ਕਹਿੰਦਾ ਹੈ। "ਪਿੰਡ ਬੈਠਿਆਂ ਗੱਲ ਹੋਰ ਸੀ, ਪਰ ਕਦੇ 'ਆਪਣੇ' ਹਾਤੇ ਵਿਚ ਪਈ ਹਵੇਲੀ ਦੀ ਕੰਧ ਨਾਲ ਬੈਠਿਆਂ ਇੰਜ ਲਗਦਾ ਸੀ, ਜਿਵੇਂ ਇਹ ਉਹਦੀ ਮੜ੍ਹੀ ਹੋਵੇ, ਤੇ ਉਹਨੂੰ ਮਰਿਆਂ ਕਈ ਵਰ੍ਹੇ ਹੋ ਚੁਕੇ ਹੋਣ।" ਦਿਆ ਕੌਰ ਮਰ ਚੁੱਕੀ ਹੈ, ਬਿਸ਼ਨਾ ਭਗਤੇ ਜੋਗਾ ਹੀ ਰਹਿ ਗਿਆ ਹੈ, ਮਨ ਦੀਆਂ ਸੋਚਾਂ ਦਾ ਦੁਵੱਲਾ ਗੇੜ ਉਸ ਨੂੰ ਅੰਤਰ-ਆਤਮਾ ਝਾਤ (ਇੰਟਰੋਸਪੈਕਸ਼ਨ) ਲਈ ਮਜਬੂਰ ਕਰਦਾ ਹੈ। "ਹੁਣ ਭਲਾ ਮੈਂ ਕਾਹਦੀ ਖਾਤਰ ਜਿਉਨੈਂ?" ਉਹਦੇ ਅੰਦਰੋਂ ਅੱਗ ਦੀ ਲਾਟ ਵਾਂਗ ਇਹ ਸੁਆਲ ਉਠਿਆ ਤੇ ਇਹਦੇ ਸੇਕ ਨਾਲ ਉਹਦਾ ਸਾਰਾ ਪਿੰਡਾ ਜਿਵੇਂ ਲੂਹਿਆ ਗਿਆ। "ਹੁਣ ਮੇਰਾ ਇਥੇ ਕੀ ਐ?" ਇਹ ਗੱਲ ਉੱਚੀ ਉਹਦੇ ਮੂੰਹੋਂ ਨਿਕਲੀ...ਤੇ ਫੇਰ ਸ਼ਾਇਦ ਜ਼ਿੰਦਗੀ ਵਿਚ

ਆਪਣੇ ਬਾਰੇ ਬਿਸ਼ਨੇ ਨੇ ਪਹਿਲੀ ਵਾਰ, ਕੁਝ ਸੋਚਣ ਦਾ ਯਤਨ ਕੀਤਾ।'' ਮੁੜ ਮੰਡੀ ਆਇਆ ਬਿਸ਼ਨਾ ਆਪਣੇ ਸਾਥੀ ਪੱਲੇਦਾਰ ਹੇਤੀਏ ਨੂੰ ਨਹੀਂ ਭੁਲ ਸਕਿਆ ਸੀ : ਸਮੇਂ ਦੇ ਗੇੜ ਨਾਲ ਉਸ ਦੇ ਪਿੰਡ ਚਲੇ ਜਾਣ ਪਿਛੋਂ, ਹੇਤੀਏ ਦੀ ਹੋਈ ਦੁਰਦਸ਼ਾ ਜਿਵੇਂ ਉਸ ਨੂੰ ਸੋਚਾਂ ਵਿਚ ਹੀ ਪਾ ਦਿੰਦੀ ਹੈ। ਅਜਿਹੀਆਂ ਸੋਚਾਂ ਜਿਨ੍ਹਾਂ ਵਿਚ ਉਹ ਸ਼ਾਇਦ ਦਿਆਕੌਰ ਦੇ ਮਰਨ ਵੇਲੇ ਵੀ ਨਹੀਂ ਸੀ ਪਿਆ ਸੀ ''ਤੂੰ ਤਾਂ ਹੇਤ ਰਾਮਾ ਉਂ ਈ ਬਸ...ਕੀ ਹੋ ਗਿਆ ਤੈਨੂੰ ਐਡੀ ਛੇਤੀ ? ਬਿਸ਼ਨੇ ਦੇ ਬੋਲ ਵਿਚ ਡੂੰਘੇ ਫਿਕਰ ਦਾ ਰਲਾ ਸੀ।'' ਮੁੜ ਮੰਡੀ ਆ ਵਸਣ ਨਾਲ ਜ਼ਿੰਦਗੀ ਦੀ ਤਲਖ਼ ਹੋਂਦ ਜਿਵੇਂ ਉਸ ਨੂੰ ਭੂਤ ਬਣ ਕੇ ਆ ਚੰਬੜੀ ਹੋਵੇ। ''ਪਿਛਲੇ ਕਈ ਦਿਨਾਂ ਤੋਂ ਬਿਸ਼ਨੇ ਨੂੰ ਇਉਂ ਲੱਗਣ ਲੱਗ ਪਿਆ ਸੀ ਜਿਵੇਂ ਉਹ ਭਗਤੇ ਦਾ ਕੈਦੀ ਹੋਵੇ, ਤੇ ਇਹ ਕੋਠੜੀ ਉਹਦੀ ਜੇਲ੍ਹ...ਪਰ ਕੁਝ ਚਿਰ ਪਿਛੋਂ ਗੁੱਸਾ ਆਪ ਹੀ ਢਲ ਜਾਂਦਾ ਜਿਵੇਂ ਉਹਦੇ ਸਰੀਰ ਵਿਚ, ਇਸ ਜੇਲ੍ਹ ਨੂੰ ਤੋੜਨ ਦਾ ਬਲ ਨਾ ਰਿਹਾ ਹੋਵੇ, ਜਿਵੇਂ ਉਹ ਬਾਤ ਵਾਲੇ ਰਾਜਕੁਮਾਰ ਵਾਂਗ ਟੀਸੀ ਉਤੇ ਖੜੋਤਾ ਹੋਵੇ...ਦਿਨ ਛਿਪ ਰਿਹਾ ਹੋਵੇ, ਨਾ ਉਹ ਪਿਛਾਂਹ ਮੁੜ ਸਕਦਾ ਹੋਵੇ ਤੇ ਨਾ ਟੀਸੀ ਤੋਂ ਅਗਾਂਹ ਹੀ ਛਾਲ ਮਾਰਨ ਦਾ ਹੌਸਲਾ ਕਰ ਸਕਦਾ ਹੋਵੇ।''

ਕਈ ਥਾਈਂ ਗ਼ਰੀਬੀ, ਭੁਖ-ਨੰਗ, ਕਰੂਪਤਾ ਤੇ ਕੋਝੇਪਣ ਨੂੰ ਚਿਤਰਦਾ ਹੋਇਆ ਨਾਵਲਕਾਰ ਸਮਾਜਕ ਯਥਾਰਥ ਦੇ ਪ੍ਰਸੰਗ ਤੋਂ ਉਖੜ ਕੇ ਪ੍ਰਕ੍ਰਿਤੀਵਾਦੀ ਹੋ ਗਿਆ ਹੈ, ਉਹ ਭੁਖ, ਕਰੂਪਤਾ ਤੇ ਕੋਹਜ ਵਿਚੋਂ ਸਵਾਦ ਲੈਂਦਾ ਪ੍ਰਤੀਤ ਹੁੰਦਾ ਹੈ। ਹੇਤੀਏ ਦਾ ਮੁਹਾਂਦਰਾ ਚਿਤਰਣ ਤੇ ਉਸ ਦੀ ਸੰਜੀਵਨੀ ਬੂਟੀ ਵਾਲੀ ਹਾਂਡੀ ਦਾ ਜ਼ਿਕਰ ਉਹ ਕੁਝ ਅਜਿਹੇ ਢੰਗ ਨਾਲ ਕਰਦਾ ਹੈ ਕਿ ਪਾਠਕਾਂ ਦੇ ਦਿਲ ਵਿਚ ਹਮਦਰਦੀ ਦੀ ਥਾਂ ਘਿਰਣਾ ਉਪਜਦੀ ਪ੍ਰਤੀਤ ਹੁੰਦੀ ਹੈ। ''ਏਡੇ ਜ਼ੋਰ ਨਾਲ ਹੇਤੀਏ ਨੇ ਇਹ ਗੱਲ ਆਖੀ ਕਿ ਉਹਦੀ ਸੁੱਕੀ, ਦਮੇ ਮਾਰੀ ਹਿੱਕ 'ਚੋਂ ਇਕ ਅਜੀਬ 'ਘਰ-ਰ-ਰ' ਦੀ ਆਵਾਜ਼ ਨਿਕਲੀ ਤੇ ਬਿਸ਼ਨੇ ਨੇ ਛੇਤੀ ਦੇਣੇ ਹੇਤੀਏ ਦੇ ਮੂੰਹ ਵੱਲ ਵੇਖਿਆ। ਉਹਦੇ ਓਪਲੇ ਕੌਡੇ ਵਰਗੇ ਨੱਕ ਦੀ ਬੂੰਬਲ ਦਾ ਰੰਗ ਸੂਹਾ ਹੋਇਆ ਲਗਦਾ ਸੀ। ਸੱਜੀ ਅੱਖ ਦੀ ਡੇਲੀ, ਅੱਧ-ਮੱਚ ਮਸਾਲੇ ਨਾਲ ਜਗਦੇ ਬੈਟਰੀ ਦੇ ਆਂਡੇ ਵਾਂਗ ਚਮਕਦੀ ਸੀ ਤੇ ਉਹਦੇ ਚਿਹਰੇ ਦੀਆਂ ਸਾਰੀਆਂ ਝੁਰੜੀਆਂ ਸਪੋਲੀਆਂ ਵਾਂਗ ਮੇਲ੍ਹ ਰਹੀਆਂ ਸਨ।'' ''ਬਿਸ਼ਨੇ ਨੇ ਜਦੋਂ ਕੁੱਪੀ ਨੂੰ ਨੱਕ ਕੋਲ ਕੀਤਾ ਉਸ ਵਿਚੋਂ ਇਕ ਦਮ ਅਜਿਹੀ ਤੇਜ਼ ਤੇ ਭੈੜੀ ਬਦਬੋ ਆਈ ਕਿ ਉਹਦਾ ਜੀ ਕੱਚਾ ਹੋਣ ਲੱਗ ਪਿਆ। ਧੁੜਧੁੜੀ ਲੈ ਕੇ ਉਹਨੇ ਕੁੱਪੀ ਮੁੜ ਕਿੱਲੀ ਉਤੇ ਟੰਗ ਦਿਤੀ। ਦੂਜੇ ਪਲ ਉਹਨੂੰ ਸਾਰੀ ਕੋਠੜੀ ਵਿਚੋਂ ਇਕ ਅਜਿਹਾ ਗਲ-ਘੋਟੂ ਮੁਸ਼ਕ ਆਇਆ ਕਿ ਉਹਤੋਂ ਹੋਰ ਬਿੰਦ ਵੀ ਉਥੇ ਖੜੋਤਾ ਨਾ ਗਿਆ ਤੇ ਕਾਹਲੇ ਪੈਰੀਂ ਬਾਹਰ ਨਿਕਲ ਆਇਆ।'' ਪਰ ਕਈ ਥਾਈਂ ਉਸ ਦੇ ਕੋਹਜ ਵਿਚ ਵੀ ਸੋਹਜ ਤੇ ਹਾਸ ਰਸ ਹੈ। ''ਛਿੱਬੂ ਦੀ ਮਾਂ ਸਿਧਰੀ ਸੀ। ਉਹ ਹੱਟੀ ਦੇ ਥੜ੍ਹੇ ਮੂਹਰੇ ਬੈਠੀ ਆਪਣੀ ਕੱਚ-ਘਰੜ ਪੰਜਾਬੀ ਵਿਚ ਸਾਰਾ ਦਿਨ ਕਿਰੜ-ਕਿਰੜ ਕਰਦੀ ਰਹਿੰਦੀ। ਤੇੜ ਉਹਨੇ ਮੈਲੇ ਖੱਟੇ ਰੰਗ ਦੀ ਘੱਗਰੀ ਪਾਈ ਹੁੰਦੀ ਤੇ ਕੁੜਤੇ ਦੀ ਥਾਂ ਇਕ ਜਾਕਟ ਵਰਗੀ ਝੱਗੀ, ਸਿਰ ਉਤੇ ਸੁਭਰ ਜਿਹਾ ਲਿਆ ਹੁੰਦਾ ਤੇ ਮੱਥੇ ਉਤੇ ਇਕ ਘੁੰਡ ਵਰਗਾ ਨਿੱਕਾ ਜਿਹਾ ਕੋਈ ਗਹਿਣਾ, ਜੀਹਨੂੰ ਵੇਖ ਕੇ ਬਿਸ਼ਨੇ ਹੋਰਾਂ ਨੇ ਉਹਦਾ ਨਾਂ 'ਘੁੰਡ-ਵਾਲੀ' ਧਰ ਲਿਆ ਸੀ। ਤੱਕੜੀ ਦੇ ਪੁਰਾਣੇ ਪਲੜੇ ਵਿਚ ਮੁੱਠ ਕੁ ਦਾਣੇ ਪਾ ਕੇ ਉਹ ਉਨ੍ਹਾਂ ਵਿਚੋਂ ਰੋੜ ਚੁਗਦੀ ਰਹਿੰਦੀ ਤੇ ਨਾਲੇ ਆਪ-ਮੁਹਾਰੀ ਈ ਬੋਲੀ ਜਾਂਦੀ। ਖੋਚਰੀ ਜੱਟ ਉਹਦੇ ਆਸੇ-ਪਾਸੇ ਆ ਬਹਿੰਦੇ ਤੇ ਮਖੌਲ ਕਰਦੇ ਰਹਿੰਦੇ।''

ਗੁਰਦਿਆਲ ਸਿੰਘ ਵਿਚ ਹਾਸ-ਰਸ ਹੈ ਪਰ ਵਿਅੰਗ ਨਹੀਂ। ਹਾਸ-ਰਸ ਵੀ ਖੁਲ੍ਹਾ-



ਡੁਲ੍ਹਾ, ਪੇਂਡੂ, ਜਟਕਾ ਤੇ ਮਲਵਈ। ਇਹ ਜਿਥੇ ਇਕ ਪਾਸੇ ਪਾਤਰਾਂ ਦੇ ਪਿਛੋਕੜ ਨੂੰ ਉਘਾੜਨ ਲਈ ਲੇਖਣੀ ਦਾ ਇਕ ਗੁਣ ਬਣਿਆ ਹੈ ਉਥੇ ਦੂਜੇ ਪਾਸੇ ਬੜੇ ਘਟੀਆ ਸਵਾਦਾਂ ਦੀ ਪੂਰਤੀ ਦਾ ਸਾਧਨ ਮਾਤਰ ਜਾਪਦਾ ਹੈ। ਕਈ ਥਾਈਂ ਤਾਂ ਇਹ ਇਨਾਂ ਗੰਵਾਰੂ ਹੈ ਕਿ ਸੁਸ਼ੀਲਤਾ ਦੀਆਂ ਸਾਰੀਆਂ ਹੱਦਾਂ ਟੱਪ ਜਾਂਦਾ ਹੈ। ਨੌਹਰੀਏ ਸੇਠ ਦੇ ਮੁੰਡੇ ਨੂੰ ਮਜ਼ਾਕ ਕਰਦਾ ਹੋਇਆ ਬਿਸ਼ਨਾ ਕਹਿੰਦਾ ਹੈ, 'ਤੇਰੀ ਮਾਂ ਕੀ ਕਰਦੀ ਹੁੰਦੀ ਐ ਉਏ ?'' ਮੁੰਡੇ ਨੂੰ ਚੁੱਪ ਵੇਖ ਕੇ ਬਿਸ਼ਨੇ ਨੇ ਪੁਛਿਆ। ''ਮੰਜੇ ਤੇ ਪਈ ਰਹਿੰਦੀ ਐ,'' ਹੌਲੀ ਜਿਹੀ ਮੁੰਡਾ ਬੋਲਿਆ। ''ਕਿਉਂ ਬਮਾਰ ਐ ?' ''ਨਹੀਂ ਉਂ ਈ।'' ''ਤਾਂ ਫੇਰ ਲੇਵਾ ਭਾਰਾ ਹੋਇਆ ਹੋਣੈ, ਜਿਹੜਾ ਉਠਿਆ ਨੀਂ ਜਾਂਦਾ।'' ਕਹਿੰਦਿਆਂ ਜਦੋਂ ਬਿਸ਼ਨਾ ਉੱਚੀ ਸਾਰੀ ਹੱਸਿਆ ਤਾਂ ਮੁੰਡੇ ਦਾ ਮੂੰਹ ਸੰਗ ਨਾਲ ਲਾਲ-ਸੂਹਾ ਹੋ ਗਿਆ।'' ਜ਼ਾਹਰ ਹੈ ਕਿ ਛੋਟਾ ਮੁੰਡਾ ਵੀ ਅਜਿਹੇ ਮਜ਼ਾਕ ਤੋਂ ਸੰਗ ਖਾਂਦਾ ਹੈ। ਬੁੱਧੇ ਦੀ ਘਰ ਵਾਲੀ ਬਾਰੇ ਦਿਆ ਕੌਰ ਬੁੱਧੇ ਨੂੰ ਬਿਸ਼ਨੇ ਦੇ ਸਾਹਮਣੇ ਨਹੋਰ ਦਿੰਦੀ ਹੋਈ ਕਹਿੰਦੀ ਹੈ, 'ਪਰ ਆਪ ਦੀ ਛੋਟੀ ਠਾਣੇਦਾਰਨੀ (ਘਰ ਵਾਲੀ) ਨੂੰ ਕੀ ਕਰੂਗਾ ?'' ਹੱਸਦਿਆਂ ਦਿਆ ਕੌਰ ਨੇ ਮੋੜ ਕੀਤਾ, ਉਹ ਤਾਂ ਸੂਈ ਕੁੱਤੀ ਆਂਗੂੰ ਘਰੇ ਵੜਦੇ ਦੀਆਂ ਈ ਲੱਤਾਂ 'ਪਾੜਨ ਪੈਂਦੀ ਐ !' ਨਹੀਂ ਦਿਆ ਕੁਰੇ ਹੁਣ ਤਾਂ ਕਤੂਰਿਆਂ ਨੇ ਕੁਸ਼ ਚੂੰਡ-ਚਾਂਡ ਕੇ ਸੂਤ ਕਰ 'ਤੀ...ਐਡੀ ਕੌੜੀ ਨੀਂ ਰਹੀ !'' ਬੁੱਧੇ ਨੇ ਉੱਤਰ ਦਿੱਤਾ।'' ਇਸੇ ਤਰ੍ਹਾਂ ਬਿਸ਼ਨਾ ਬੂਟੇ ਨੂੰ ਮਖੌਲ ਕਰਦਾ ਹੋਇਆ ਕਹਿੰਦਾ ਹੈ, ''ਅੱਜ ਤਾਂ ਟੌਂਡਿਆ ਚੀਨਾ ਕਬੂਤਰ ਬਣਿਆਂ ਫਿਰਦੇਂ !...ਕੀ ਗੱਲ ਕਿਤੇ ਕੋਈ 'ਅੰਨ੍ਹੀਂ ਕਾਣੀ ਕਬੂਲ' ਕਰਨ ਦੀ ਸਲਾਹ ਤਾਂ ਨ੍ਹੀਂ ਬਣਾਈ ਫਿਰਦਾ ?''

ਨਾਵਲ ਵਿਚ ਵਿਅੰਗ ਦਾ ਉੱਕਾ ਅਭਾਵ ਹੈ। ਵਿਅੰਗ ਲਿਖਾਰੀ ਦੇ ਹੱਥਾਂ ਵਿਚ ਉਹ ਹਥਿਆਰ ਹੁੰਦਾ ਹੈ ਜਿਸ ਨਾਲ ਉਹ ਦੁਨੀਆਂ ਦੇ ਪਾਖੰਡ, ਕੋਹਜ, ਮੂਰਖਤਾ ਤੇ ਅਤਿਆਚਾਰ ਦੀ ਨੁਮਾਇਸ਼ ਕਰਵਾਉਂਦਾ ਹੋਇਆ ਪਾਠਕਾਂ ਦੀ ਬੁੱਧੀ ਨੂੰ ਟੁੰਬਦਾ ਤੇ ਪ੍ਰਚੰਡ ਕਰਦਾ ਇਕ ਨਵੇਂ ਨਰੋਏ ਸਮਾਜ ਦੀ ਸਥਾਪਨਾ ਦੀ ਲੋੜ ਵੱਲ ਇਸ਼ਾਰਾ ਕਰਦਾ ਹੈ।[6] ਸਮਾਜਕ ਯਥਾਰਥ ਦਾ ਸੱਚ ਲਿਖਾਰੀ ਦੇ ਹੱਥਾਂ ਵਿਚ ਇੱਟਾਂ ਹਨ ਜਿਨ੍ਹਾਂ ਨੂੰ ਉਹ ਆਪਣੀ ਸਾਹਿਤਕਤਾ ਦੇ ਮਸਾਲੇ ਨਾਲ ਸਿਸ਼ਟਤਾ ਦੇ ਪੱਧਰ 'ਤੇ ਉਸਾਰਦਾ ਹੋਇਆ ਸਭਿਅਤਾ ਦੇ ਇਕ ਸੁੰਦਰ ਭਵਨ ਦੀ ਉਸਾਰੀ ਕਰਦਾ ਹੈ। ਉਹ ਘਟੀਆ ਸਵਾਦਾਂ ਦਾ ਪਰਚਾਰਕ ਨਹੀਂ ਹੁੰਦਾ, ਉਹ ਲੋਕਾਂ ਦੇ ਸਵਾਦਾਂ ਦਾ ਘੜਨਹਾਰਾ ਹੁੰਦਾ ਹੈ। ਸੰਜਮ, ਸਲੀਕਾ, ਸੁਸਤਗੀ ਤੇ ਜ਼ਬਤ ਉਸ ਦੀ ਲੇਖਣੀ ਦੇ ਅਨਿਖੜਵੇਂ ਅੰਗ ਹੁੰਦੇ ਹਨ। ਉਹ ਵਧੀਆ ਤੇ ਸਦਾਚਾਰਕ ਕੀਮਤਾਂ ਦਾ ਉਸਰੱਈਆ ਹੁੰਦਾ ਹੈ। ਉਹ ਕੋਹਜ ਲਈ ਸਾਡੇ ਦਿਲ ਵਿਚ ਨਫ਼ਰਤ ਜਾਂ ਤਰਸ-ਭਾਵ ਨਹੀਂ ਜਗਾਉਂਦਾ ਸਗੋਂ ਉਸ ਨੂੰ ਸੋਹਜ ਵਿਚ ਬਦਲਣ ਲਈ ਉਮਾਹ ਤੇ ਉਤਸ਼ਾਹ ਭਰਦਾ ਤੇ ਉਸ ਨੂੰ ਸੁੰਦਰ ਬਣਾਉਣ ਲਈ ਹੰਭਲਾ ਮਾਰਨ ਦੀ ਉਤੇਜਨਾ ਜਗਾਉਂਦਾ ਪ੍ਰਜ੍ਵਲਿਤ ਕਰਦਾ ਹੈ। ਖੁਲ੍ਹਾ-ਡੁਲ੍ਹਾ, ਪੇਂਡੂ, ਜਟਕਾ ਤੇ ਮਲਵਈ ਹਾਸ-ਰਸ ਨਾਵਲ ਵਿਚ ਥਾਂ ਥਾਂ ਭਰਿਆ ਪਿਆ ਹੈ। ਨਾਵਲ ਵਿਚ ਨਾਟਕੀ ਵਾਰਤਾਲਾਪ, ਬਾਗੜੀ ਬੋਲੀ ਤੇ ਹਾਸ-ਰਸ ਹੀ ਨਾਵਲ ਦੀ ਰੋਚਕਤਾ ਦਾ ਮੁੱਖ ਕਾਰਨ ਹਨ। ਹਾਸ-ਰਸ ਦੀਆਂ ਮਿਸਾਲਾਂ ਬੇਅੰਤ ਹਨ, ਪਰ ਕੁਝ ਕੁ ਨਮੂਨੇ ਵਜੋਂ ਪੇਸ਼ ਹਨ। 'ਬਿਸ਼ਨੇ ਨੂੰ ਗੋਕਲ ਦੀ ਪੌਣ ਗਜ਼ ਚੌੜੀ ਪਿੱਠ ਤੇ ਗੰਜਾ ਸਿਰ ਵੇਖ ਕੇ ਇਉਂ ਲੱਗਿਆ ਜਿਵੇਂ ਰੱਬ ਨੇ ਬੰਦੇ ਨਹੀਂ ਕਿਸੇ ਜਨੌਰ ਦੀ ਦੇਹ ਵਿਚ 'ਗੋਕਲ' ਨੂੰ ਵਾੜਿਆ ਹੋਵੇ।'' ''ਹੇਤ ਰਾਮਾ !'' ਉਹਨੇ (ਬਿਸ਼ਨੇ ਨੇ) ਹੇਤੀਏ ਨੂੰ ਸੁਣਾ ਕੇ ਕਿਹਾ, ''ਆਹ ਤੇਰੀ ਰਸਾਇਣ ਅਜੇ ਬਣੀ ਨੀਂ ?'' ''ਕੇ ?...ਯੋ !...ਯੋ ਬਿਸ਼ਨ ਸਿੰਗ ਬਸ ਹੁਣ ਬਣੂੰਗੀ—ਥੋੜੀ ਸੀ ਕਸਰ ਐ...ਜੇ

ਤੇਰੀ ਕਿਰਪਾ ਤੇ ਦੋ-ਚਾਰ ਸਾਲ...ਉਹ ਭਗਮਾਨ ਨੇ ਜੀਨਗੀ ਦੱਈ ਤੋਂ...।'' ਕਾਨ੍ਹੀਏ ਦਾ ਵਰਨਣ ਕਰਦਾ ਹੋਇਆ ਨਾਵਲਕਾਰ ਲਿਖਦਾ ਹੈ, 'ਕਾਨ੍ਹੀਏ ਦੀ ਉਮਰ ਅਜੇ ਮਸਾਂ ਤੀਹ ਸਾਲ ਦੀ ਸੀ। ਆਮ ਪੱਲੇਦਾਰਾਂ ਵਾਂਗ ਉਹ ਹੱਡਲ ਬੰਦਾ ਨਹੀਂ ਸੀ। ਕਈ ਬਾਰ ਬਿਸ਼ਨੇ ਨੂੰ ਇਉਂ ਲਗਦਾ, ਜਿਵੇਂ ਬਾਂਗਰ ਦੇ ਅੱਕਾਂ ਦਾ ਟਿੱਡਾ ਪੰਜਾਬ 'ਚ ਆ ਵੜਿਆ ਹੋਵੇ। ਉਹਦੇ ਦੇਸ ਦੇ ਲੋਕ ਊਠਾਂ ਵਰਗੇ ਸਨ, ਪਰ ਉਹ ਆਪ ਜਿਵੇਂ ਛਿਲਕਾਂ ਦਾ ਊਠ ਸੀ। ਉਹਦੇ ਪੰਜ-ਛੇ ਨਿਆਣੇ ਵੀ ਉਸੇ ਵਰਗੇ ਈ ਸਨ, ਪਲਪੀਹੀਆਂ ਜੇਹੀਆਂ। ਤੀਵੀਂ ਕਾਨ੍ਹੀਏਂ ਨਾਲੋਂ ਵੀ ਚੰਦ ਸੀ—'ਪਤਾ ਨੀਂ ਸਹੁਰੀ ਦੇ ਜਾਨ ਕਿੱਥੇ ਅੜਤ੍ਰੀ ਫਿਰਦੀ ਐ?' ਕਦੇ ਕਦੇ ਬਿਸ਼ਨਾ ਸੋਚਦਾ।''

ਗੁਰਦਿਆਲ ਸਿੰਘ ਗੰਵਾਰੂ ਹਾਸ-ਰਸ ਵਿਚ ਕਈ ਵਾਰ ਇਨਾਂ ਗੜੁੱਚ ਹੋ ਜਾਂਦਾ ਹੈ ਕਿ ਕੇਵਲ ਹਾਸ-ਰਸ ਉਪਜਾਉਣ ਲਈ ਨਾਵਲ ਦੇ ਪਲਾਟ ਵਿਚ ਕਈ ਅਸੰਬੰਧਤ ਘਟਨਾਵਾਂ ਲਿਆ ਘੁਸੇੜਦਾ ਹੈ। ਬਿਸ਼ਨਾ ਬੁੱਧੇ ਕੋਲ ਜੇਲ੍ਹ-ਜੀਵਨ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ ''ਇਕ ਤਾਂ ਬੁੱਧਿਆ ਓਸ ਜੱਟ ਦਾ ਸਰੀਰ ਈ ਦਿਉ ਵਰਗਾ ਸੀ ਤੇ ਜਦੋਂ ਉਹ ਨਸਵਾਰ ਦਾ ਵੱਤਾ ਨਾਸਾਂ 'ਚ ਚੜ੍ਹਾ ਕੇ ਸੜ੍ਹਾਕਾ ਮਾਰਦਾ ਤਾਂ ਐਂ ਲਗਦਾ ਜਿਵੇਂ ਮੋਟਰ ਆਉਂਦੀ ਹੋਵੇ...ਦੋ ਦਿਨ ਤਾਂ ਉਹ ਕੁੱਟ ਈ ਖਾਈ ਗਿਆ ਸਾਲੇ ਨੇ 'ਸੀ' ਵੀ ਨਾ ਕੀਤੀ, ਤਾਂ ਵੀ ਨਾ ਮੰਨਿਆ। ਜਦੋਂ ਪੁਲਸ ਆਲੇ ਐਨ ਨਿਹਾਤ ਹੋਗੇ, ਫੇਰ ਆਪੇ ਹੀ ਹੱਸ ਕੇ ਕਹਿੰਦਾ, ਬੱਸ ਥੋੜਾ ਜ਼ੋਰ ਈ ਵੇਖਣਾ ਸੀ।...ਦੋ ਤਾਂ ਮੈਂ ਪੀ ਲਈਆਂ ਤਿੰਨ ਪਈਆਂ ... ਇਹ ਤੁਸੀਂ ਪੀ-ਪੂ ਲਿਓ!'' ਇਸੇ ਤਰ੍ਹਾਂ ਬਿਸ਼ਨਾ ਬੁੱਧੇ ਨੂੰ ਕਾਟੋ ਝਿਊਰ ਦੀ ਗੱਲ ਸੁਣਾਉਂਦਾ ਹੈ। ('ਅਣਹੋਏ,' ਸਫ਼ਾ 230) ਇਹ ਕਹਾਣੀਆਂ ਪਲਾਟ ਨਾਲ ਬਿਲਕੁਲ ਅਸੰਬੰਧਤ ਹਨ।

ਕਈ ਥਾਈਂ ਬੜੀ ਕਲਾ-ਕੌਸ਼ਲਤਾ ਪਰ ਉਚੇਚ ਨਾਲ ਮਲਵਈ ਰੰਗਣ ਵਿਚ ਰੰਗੀਆਂ ਤੁਲਨਾਵਾਂ ਤੇ ਰੂਪ ਸਿਰਜਣ ਦਾ ਲਿਖਾਰੀ ਨੇ ਸਫ਼ਲ ਯਤਨ ਕੀਤਾ ਹੈ ਜਿਸ ਤੋਂ ਉਪ ਬੋਲੀ ਦੀ ਅਲੰਕਾਰਕ-ਪ੍ਰਤਿਭਾ ਤੇ ਪ੍ਰਗਟਾ ਦੀਆਂ ਸੰਭਾਵਨਾਵਾਂ ਪੂਰਨ ਰੂਪ ਉਜਾਗਰ ਹੁੰਦੀਆਂ ਹਨ।

ਕਾਨ੍ਹੀਏ ਦੀਆਂ ''ਕੁੜੀਆਂ ਨੇ ਨਗੌਰੀ ਵਛਰੂਆਂ ਵਰਗੀਆਂ ਮੋਟੀਆਂ ਮੋਟੀਆਂ ਅੱਖਾਂ ਨਾਲ ਬਿਸ਼ਨੇ ਵੱਲ ਵੇਖਿਆ ਤੇ ਗੁੱਤਾਂ ਛੁਡਾਣ ਲਈ, ਡੌਰੂ ਵਾਂਗ ਸਿਰ ਮਾਰਦੀਆਂ ਇਉਂ ਹੱਸਣ ਲੱਗ ਪਈਆਂ ਜਿਵੇਂ ਬਿਸ਼ਨੋ ਝਿਉਰੀ ਦੀ ਕਹਾੜੀ ਵਿਚ ਮੱਕੀ ਦੀਆਂ ਖਿਲਾਂ ਤਿੜਕਦੀਆਂ ਹੋਣ।'' ''ਰੋਹ ਨਾਲ ਉਸ ਦੀਆਂ ਅੱਖਾਂ ਦੇ ਕੋਏ ਸੂਹੇ ਹੋ ਗਏ ਤੇ ਮੂੰਹ ਦਾ ਸਵਾਦ ਏਨਾ ਕੋੜਾ ਜਾਪਿਆ ਜਿਵੇਂ ਕੌੜ-ਤੁੰਮੇ ਦੀ ਜੜ੍ਹ ਚੱਬੀ ਹੋਵੇ।'' ''ਕਾਲੀਆ!'' ਬਿਸ਼ਨੇ ਨੇ ਆਪਣੇ ਬੋਲ ਵਿਚ ਅਸਾਧਾਰਨ ਕੋਮਲਤਾ ਲਿਆ ਕੇ ਕਿਹਾ, ਤੂੰ ਬੰਦਾ ਤਾਂ ਸੀ ਸਣ-ਕੁਕੜੇ ਦੀ ਲੀਰ 'ਚ ਵਲ੍ਹੇਟ ਕੇ ਡੱਬੀ 'ਚ ਪੌਣ ਆਲਾ, ਪਰ ਆ ਫਸਿਆ ਜੜ੍ਹ, ਉਜੱਡ ਜੱਟਾਂ ਦੀ ਕੌਮ 'ਚ।'' ''ਗਲੀਆਂ ਬਜ਼ਾਰਾਂ ਵਿਚ ਪਾਣੀ ਨਾਲਿਆਂ ਵਾਂਗ ਵਗਣ ਲੱਗ ਪਿਆ। ਤੱਤੀ, ਰੁੱਖੀ ਹਵਾ ਠਰ ਗਈ।'' ''ਤਖਤੇ ਉਤੇ ਟੰਗੀ ਇਕ ਗੁੜ ਨਾਲ ਲਿਬੜੀ ਬੋਰੀ, ਕੁੱਤੇ ਦੇ ਪਾਟੇ ਕੰਨ ਵਾਂਗ ਲਮਕੀ ਜਾਂਦੀ ਸੀ।'' ਅੰਤ ਵਿਚ ਸਾਹਿਤਕਾਰਾਂ ਬਾਰੇ Howard Fast ਦਾ ਇਹ ਕਥਨ ਕੁਥਾਂ ਨਹੀਂ ਹੋਵੇਗਾ: ''Their's is the task of communicating the nature of reality to masses of people, and therein is their art and glory; for the very nature of their work makes it possible for them to extract the essence of human hope and fear



and suffering and triumph. But to do this, they must see the world and not a shadow of it.'' 'Literature and Reality'.

---

1. It is completely foreign to the spirit of Marxism to neglect the formal side of art. To Marx form and content were inextricably connected, inter-related by the dialectic of life, and for the novelist of socialist realism formal questions are of first importance. Howard Fast, 'Novel & the people', p. 159

2. Few things are more irritating than the attempt deliberately to create style or to produce ornament as a substitute for thought. Ibid, p. 162

3. Language is not an abstract construction of the learned, or of dictionary makers, but it is something arising out of the work, needs, ties, joys, affections, tastes of long generations of humanity, and has its bases, broad and long, close to the ground. Walt Whitman as quoted by Mario Pei in 'The Story of Language.'

4. Gorki as a Russian writer is full of a force which comes straight from the people among whom he lived. He always emphasized that the richest treasure house of language is to be found in the speech of the simple people, among the folk-lore and stories of the people...there is to be found the greatest enrichment of language and of literature. The whole of his work is proof of this. Howard Fast, Novel & the People, p. 43

5. The greatest treasure-house of expression is to be found in the folk language of my people. Ibid, p. 162

6. Satire is a means whereby irony, ridicule and sarcasm are used to expose tyranny, vice, folly and stupidity; and thereby satire becomes a short cut to reality. Howard Fast, 'Literature & Reality'.

---

* ਸਾਹਿਤ ਦੀ ਸਮਝ

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ। ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ, ਮੁਲ: ਪੰਦਰਾਂ ਰੁਪੈ।

○ **ਸਿਪਾਹੀ ਲੱਖਾ ਸਿੰਘ ਦੀ ਚਿੱਠੀ** : ਲਿਖਤੁਮ ਸਿਪਾਹੀ ਲੱਖਾ ਸਿੰਘ ਮਿਲੇ ਅਦਾਰਾ ਸੇਧ ਜੀਓ—

ਅਦਾਰਾ ਸੇਧ ਜੀਓ, ਰਾਜ਼ੀ ਖ਼ੁਸ਼ੀ ਉਪਰੰਤ, ਬਿਨਤੀ ਇਹ ਹੈ ਕਿ ਤੁਸੀਂ ਆਪਣੇ ਸਤੰਬਰ ਮਹੀਨੇ ਦੇ ਪਰਚੇ ਦੇ ਉਪਰਲੇ ਸਫ਼ੇ ਉਪਰ ਸਾਡੇ ਉਤੇ ਕੀ ਕਹਿਰ ਢਾਹ ਛਡਿਆ ਹੈ। ਸ਼ਾਇਦ ਤੁਸੀਂ ਇਹ ਜਾਣ-ਬੁੱਝ ਕੇ ਨਹੀਂ, ਸਗੋਂ ਪੰਜਾਬੋਂ ਬਾਹਰ ਬੈਠਿਆਂ ਹੋਣ ਕਾਰਨ, ਸਭ ਕੁਝ ਦੇਖਣ ਸੁਣਨ ਬਾਝੋਂ ਸਾਨੂੰ ਸਾਰਿਆਂ ਨੂੰ ਇਕੋ ਰੱਸੇ ਬੰਨ੍ਹ ਛਡਿਆ ਹੈ।

ਪਿਰਥੀਪਾਲ ਸਿੰਘ ਰੰਧਾਵਾ ਦੇ ਦਿਲ-ਕੰਬਾਊ ਸਿਆਸੀ ਕਤਲ ਦਾ ਸਾਨੂੰ ਪੁਲਸ ਦੇ ਛੋਟੇ ਮੁਲਾਜ਼ਮਾਂ ਨੂੰ ਵੀ ਉਨਾ ਹੀ ਦੁੱਖ ਹੋਇਆ ਹੈ ਜਿੰਨਾਂ ਤੁਹਾਨੂੰ ਜਾਂ ਹੋਰ ਜਥੇਬੰਦੀਆਂ ਨੂੰ। ਸਾਡੀ ਜਥੇਬੰਦੀ 'ਪੰਜਾਬ ਪੁਲਸ ਕਰਮਚਾਰੀ ਯੂਨੀਅਨ' ਨੇ ਇਸ ਸਿਆਸੀ ਕਤਲ ਦੀ ਸਖਤ ਨਿਖੇਧੀ ਕੀਤੀ ਹੈ। ਇਸ ਸਿਆਸੀ ਕਤਲ ਤੋਂ ਬਾਦ ਪੰਜਾਬ ਦੇ ਰਾਜ ਭਾਗ ਦੇ ਮਾਲਕਾਂ ਨੇ ਸਾਥੋਂ ਜੋ ਕਰਵਾਉਣਾ ਚਾਹਿਆ ਹੈ, ਅਸੀਂ ਉਹ ਕਰਨੋਂ ਇਨਕਾਰੀ ਹੋਏ ਹਾਂ। ਅਸੀਂ ਕੁਲ ਦੋ ਤਿੰਨ ਮਹੀਨੇ ਪਹਿਲਾਂ ਪਿਰਥੀਪਾਲ ਵੀਰੇ ਦੀ ਸਾਨੂੰ ਦਿੱਤੀ ਹਿਮਾਇਤ ਨੂੰ ਕਿਵੇਂ ਭੁੱਲ ਸਕਦੇ ਹਾਂ ? ਲੁਧਿਆਣੇ ਜ਼ਿਲੇ ਵਿਚ ਸਾਡੇ ਸਿਪਾਹੀ ਭਰਾ ਪੰਜਾਬ ਸਟੂਡੈਂਟ ਯੂਨੀਅਨ ਵਾਲਿਆਂ ਨੂੰ ਕਹਿੰਦੇ ਰਹੇ ਹਨ ਕਿ ਸਾਨੂੰ ਕਾਤਲਾਂ ਦੀ ਜ਼ਰਾ ਮੋਟੀ ਉਘ ਸੁੱਘ ਦੇ ਦਿਓ ਤਾਂ ਜੋ ਸਾਨੂੰ ਮਿਲ ਜਾਣ ਤਾਂ ਹੁਣ ਤਕ ਅਸੀਂ ਜੋ ਆਪਣੇ ਭਰਾਵਾਂ ਦੇ ਹੱਡ ਸੇਕਦੇ ਰਹੇ ਹਾਂ, ਉਸ ਦੇ ਪਸ਼ਚਾਤਾਪ ਵਜੋਂ ਕਾਤਲਾਂ ਦੇ ਹੱਡਾਂ ਦੀ ਥੋੜੀ ਖਬਰ ਲੈ ਲਈਏ। ਲੁਧਿਆਣੇ ਹੀ ਪਿਰਥੀਪਾਲ ਦੇ ਹਜ਼ਾਰਾਂ ਵਾਰਸ ਜਦ ਮੁਜ਼ਾਹਰੇ ਕਰਦੇ ਰਹੇ ਹਨ ਤਾਂ ਡੀ. ਐਸ. ਪੀ. ਤੇ ਐਸ. ਪੀ. ਦੀਆਂ ਗਾਲ੍ਹਾਂ ਖਾ ਖਾ ਕੇ ਵੀ ਅਸੀਂ ਆਪਣੇ ਭਰਾਵਾਂ 'ਤੇ ਡਾਂਗਾਂ ਵਰ੍ਹਾਉਣੋਂ ਇਨਕਾਰ ਕਰਦੇ ਰਹੇ ਹਾਂ। ਸ਼ਾਇਦ ਤੁਹਾਨੂੰ ਇਸ ਗੱਲ ਦਾ ਪਤਾ ਨਹੀਂ ਕਿ ਪੰਜਾਬ ਸਰਕਾਰ ਵਲੋਂ ਪੰਜਾਬ ਆਰਮਡ ਪੁਲਸ ਸੱਦਣ ਦਾ ਕਾਰਨ ਸਾਡੇ 'ਤੇ ਬੇਵਿਸਾਹੀ ਹੀ ਹੈ। ਅਸੀਂ ਇਸ ਗੱਲ ਤੋਂ ਇਨਕਾਰੀ ਨਹੀਂ ਕਿ ਸਾਡੇ ਵਿਚ ਹਾਲੇ ਅਜਿਹੇ ਸਰਕਾਰੀ ਵਫ਼ਾਦਾਰ ਬੰਦੇ ਹੈਨ, ਜੋ ਵਜ਼ੀਰਾਂ ਤੇ ਅਫ਼ਸਰਾਂ ਦੇ ਇਸ਼ਾਰਿਆਂ 'ਤੇ ਭਰਾਵਾਂ 'ਤੇ ਡਾਂਗਾਂ ਵਰ੍ਹਾਉਣੋਂ ਸੰਕੋਚ ਨਹੀਂ ਕਰਦੇ, ਪਰ ਪਿਛਲੇ ਲੜੇ ਸਾਡੇ ਘੋਲ ਨੇ ਸਾਡਿਆਂ 'ਚੋਂ ਬਹੁਤਿਆਂ ਨੂੰ ਭਰਾ ਤੇ ਵੈਰੀ ਦੀ ਸੋਝੀ ਦੇ ਦਿੱਤੀ ਹੈ। ਵਿਦਿਆਰਥੀ, ਨੌਜਵਾਨ ਤੇ ਪੇਂਡੂ ਕਿਸਾਨ ਸਾਡੇ ਭਰਾ ਹਨ, ਅਸੀਂ ਉਨ੍ਹਾਂ ਨਾਲ ਵੈਰੀਆਂ ਵਾਲਾ ਸਲੂਕ ਕਿਵੇਂ ਕਰ ਸਕਦੇ ਹਾਂ ? ਹੁਣ ਤੁਹਾਨੂੰ ਅਸੀਂ ਕੁਝ ਮਿਸਾਲਾਂ ਦਿੰਦੇ ਹਾਂ :

* ਮਲੇਰਕੋਟਲੇ ਕਾਲਜ ਵਿਚ ਵਿਦਿਆਰਥੀ ਜਦ ਰੈਲੀ ਕਰ ਰਹੇ ਸਨ ਤਾਂ ਐਸ. ਡੀ. ਐਮ. ਨੇ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ, ਜਵਾਬ 'ਚ ਵਿਦਿਆਰਥੀਆਂ ਨੇ ਵੀ ਉਸ ਨੂੰ ਗਾਲ੍ਹਾਂ ਕੱਢੀਆਂ। ਐਸ. ਡੀ. ਐਮ. ਨੇ ਸਿਪਾਹੀਆਂ ਨੂੰ ਲਾਠੀ ਚਾਰਜ ਕਰਨ ਲਈ ਕਿਹਾ। ਇਕ ਵੀ ਨਹੀਂ ਹਿੱਲਿਆ। ਐਸ. ਡੀ. ਐਮ. ਨੇ ਸਾਨੂੰ ਗਾਲ੍ਹਾਂ ਕੱਢੀਆਂ, ਥਾਣੇਦਾਰ ਨੂੰ 'ਕੱਲੇ ਨੂੰ ਲਾਠੀ ਚਾਰਜ ਕਰਨ ਨੂੰ ਕਿਹਾ,



ਪਰ ਉਸ ਨੇ ਵੀ ਡਾਂਗ ਨਹੀਂ ਚੁਕੀ। ਹਾਰ ਦੇ ਉਸ ਨੇ ਹੋਰ ਪੁਲਸ ਮੰਗਵਾਈ, ਪਰ ਵਿਦਿਆਰਥੀ ਤਦ ਤਕ ਰੈਲੀ ਖਤਮ ਕਰ ਗਏ ਸਨ।

* ਬਠਿੰਡੇ ਤੇ ਫਰੀਦਕੋਟ, ਸੰਗਰੂਰ ਜ਼ਿਲ੍ਹਿਆਂ ਦੇ ਪਿੰਡਾਂ ਵਿਚ ਜਿੰਨ੍ਹਾਂ ਵਹਿਸ਼ੀ ਤਸ਼ੱਦਦ ਹੋਇਆ ਹੈ, ਉਹ ਸਾਰਾ ਡੀ. ਐਸ. ਪੀ. ਪੱਧਰ ਦੇ ਅਫ਼ਸਰਾਂ ਹੱਥੋਂ ਹੋਇਆ ਹੈ। ਥਾਣੇਦਾਰ ਵੀ ਅਜਿਹਾ ਤਸ਼ੱਦਦ ਕਰਨੋਂ ਗੁਰੇਜ਼ ਕਰਦੇ ਰਹੇ ਹਨ।

* ਬਠਿੰਡੇ ਜ਼ਿਲ੍ਹੇ ਦੇ ਪਿੰਡਾਂ ਵਿਚ ਵਿਦਿਆਰਥੀਆਂ ਦੇ ਘਰੀਂ ਮਾਰੇ ਛਾਪਿਆਂ ਦੌਰਾਨ ਅਸੀਂ ਆਪ ਜਾ ਜਾ ਅਗਾਊਂ ਸੂਚਨਾ ਦਿੰਦੇ ਰਹੇ ਹਾਂ ਕਿ ਫਲਾਣੇ-ਫਲਾਣੇ ਘਰ ਛਾਪਾ ਪੈਣਾ ਹੈ, ਸੋ ਉਹ ਆਸੇ-ਪਾਸੇ ਹੋ ਜਾਣ। ਸੀ. ਆਈ. ਡੀ. 'ਚ ਸਾਡੇ ਭਰਾ, ਵਿਦਿਆਰਥੀਆਂ ਨੂੰ ਉਤੋਂ ਆਏ ਨਾਵਾਂ ਦੀ ਸੂਚੀ ਉਨ੍ਹਾਂ ਨੂੰ ਦੱਸਦੇ ਰਹੇ ਹਨ।

* ਪੰਜਾਬ ਦੇ ਲਗਭਗ ਸਾਰੇ ਜਾਂ ਬਹੁਤੇ ਥਾਣਿਆਂ ਵਿਚੋਂ ਪੰਜਾਬ ਸਟੂਡੈਂਟ ਯੂਨੀਅਨ ਨੂੰ ਪੂਰੇ ਪੂਰੇ ਥਾਣੇ ਦੇ ਸਟਾਫ ਨੇ (ਸਮੇਤ ਥਾਣੇਦਾਰਾਂ) ਫੰਡ ਦਿੱਤਾ ਹੈ।

* ਬਰਨਾਲਾ 'ਚ ਜਦ ਮੁਜ਼ਾਹਰਾ ਹੋਇਆ ਤਾਂ ਮੁਜ਼ਾਹਰੇ ਮਗਰੋਂ ਸਾਡੇ ਭਰਾ ਮੁਜ਼ਾਹਰਾ ਕਰਨ ਵਾਲਿਆਂ ਨੂੰ ਪਿੰਡਾਂ 'ਚੋਂ ਫੜਣ ਗਏ। ਇਕ ਪਿੰਡ 'ਚ ਚਾਰ-ਪੰਜ ਮੁੰਡਿਆਂ ਦੇ ਗਿੱਟੇ ਦੇਖੇ ਕਿ ਮਿੱਟੀ ਲਿਬੜੇ ਹਨ ਕਿ ਨਹੀਂ। ਉਹ ਤਾਂ ਬਚ ਗਏ ਪਰ ਇਕ ਹੋਰ ਮੁੰਡਾ, ਜੋ ਮੁਜ਼ਾਹਰੇ ਤੋਂ ਆਇਆ ਸੀ ਪੁਲਸ ਨੂੰ ਵੇਖ ਕੇ ਭੱਜ ਉਠਿਆ। ਸਾਡੇ ਅਫ਼ਸਰ ਨੇ ਸਾਨੂੰ ਉਸ ਨੂੰ ਫੜਣ ਲਈ ਕਿਹਾ। ਉਹ ਮੁੰਡਾ ਅਜਿਹਾ ਨਿਕੰਮਾ ਕਿ ਉਸ ਤੋਂ ਭੱਜਿਆ ਈ ਨਹੀਂ ਸੀ ਜਾਂਦਾ। ਅਸੀਂ ਕਿਹਾ 'ਪਤੰਦਰਾ, ਕੁਝ ਤਾਂ ਭੱਜ। ਅਸੀਂ ਵੀ ਤਾਂ ਅਫ਼ਸਰ ਨੂੰ ਕਹਿਣ ਜੋਗੇ ਹੋਈਏ।' ਅਗਾਂਹ ਖੇਤਾਂ 'ਚ ਜਾ ਕੇ ਤੇ ਮੁੜ ਕੇ ਅਸਾਂ ਕਹਿ ਦਿੱਤਾ ਕਿ ਉਹ ਤਾਂ ਲੱਭਦਾ ਨਹੀਂ।

* ਇਥੇ ਹੀ ਇਕ ਪਿੰਡ 'ਚ ਇਕ ਹੋਰ ਮੁਜ਼ਾਹਰਾਕਾਰੀ ਨੂੰ ਘਰੋਂ ਫੜਣ ਗਏ ਤਾਂ ਉਸ ਕਿਹਾ ਕਿ ਸਰਪੰਚ ਬੁਲਾਓ। ਇਕ ਸਰਪੰਚ ਬੁਲਾਉਣ ਗਿਆ। ਸਾਡੇ 'ਚੋਂ ਨਾਲ ਦੇ ਦੋ ਸਿਪਾਹੀਆਂ ਨੇ ਕਿਹਾ ਕਿ ਭਾਈ ਟਲਣਾ ਹੈ ਤਾਂ ਹੁਣ ਟਲ ਜਾਓ ਤੇ ਉਹ ਕੰਧ ਟੱਪ ਕੇ ਨੱਸ ਗਿਆ। ਉਹ ਅਫ਼ਸਰ ਨੂੰ ਦਿਖਾਉਣ ਲਈ ਕੰਧ ਕੋਲ ਖਲੋਤੇ ਹੀ ਕਹਿੰਦੇ ਰਹੇ 'ਭੱਜ ਗਿਆ, ਭੱਜ ਗਿਆ।'

ਹੋਰ ਵੀ ਅਜਿਹੀਆਂ ਬਹੁਤ ਮਿਸਾਲਾਂ ਹਨ। ਸੋ ਭਾ ਜੀ, ਅਸੀਂ ਤੁਹਾਨੂੰ ਏਨੀ ਹੀ ਬਿਨਤੀ ਕਰਦੇ ਹਾਂ ਕਿ ਅਸੀਂ ਸੱਚੀ ਮੁੱਚੀਂ ਆਪਣੇ ਭਰਾਵਾਂ 'ਤੇ ਬਥੇਰੇ ਜ਼ੁਲਮ ਕੀਤੇ ਹਨ, ਪਰ ਹੁਣ ਸਾਨੂੰ ਮਾੜੀ ਮੋਟੀ ਸੋਝੀ ਆਉਣ ਲੱਗੀ ਹੈ। ਸਾਡਾ ਕਾਲਜਾ ਇਹ ਕਹਿ ਕੇ ਨਾ ਵਿੰਨ੍ਹੋ ਕਿ 'ਚਾਰ ਛਿਲੜਾਂ ਪਿਛੇ ਅਸੀਂ ਆਪਣੇ ਭਰਾਵਾਂ ਨਾਲ ਵਹਿਸ਼ੀ ਹੋ ਗਏ।' ਸਾਨੂੰ ਪਤਾ ਹੈ ਕਿ ਸਾਡੇ 'ਚ ਹਾਲੇ ਮਾੜਾ ਅਨਸਰ ਪਿਐ, ਪਰ ਸਾਨੂੰ ਮਾੜਾ ਭਾਵੇਂ ਕਹੋ, ਪਰ ਮਾੜਾ ਮੋਟਾ ਚੰਗਾ ਬਣਨ 'ਤੇ ਹੱਲਾਸ਼ੇਰੀ ਵੀ ਤਾਂ ਦਓ। ਚੰਗਾ ਜੀ, ਸਾਸਰੀਕਾਲ।

—ਤੁਹਾਡਾ ਵੀਰ, ਸਿਪਾਹੀ ਲੱਖਾ ਸਿੰਘ

○ **ਟੀਚਰਜ਼ ਯੂਨੀਅਨ ਦੀਆਂ ਚੋਣਾਂ ਬਾਰੇ** : ਸੇਧ ਦੇ ਜੁਲਾਈ ਅੰਕ 'ਚ ਮੈਂ ਪੰਜਾਬ ਗੌ: ਟੀ. ਯੂ: ਦੀਆਂ ਇਸ ਸਾਲ ਦੀਆਂ ਚੋਣਾਂ ਬਾਰੇ ਆਪਣੇ ਰਾਏ ਦੱਸੀ ਸੀ। ਇਸ ਤੋਂ ਮੇਰੀ ਮੁਰਾਦ ਟੀਚਰਜ਼ ਯੂਨੀਅਨ ਵਿਚ ਪਲ ਰਹੇ ਗਲਤ ਰੁਝਾਨਾਂ ਵਲ ਇਸ਼ਾਰਾ ਕਰਨਾ ਸੀ। ਇਸ ਖ਼ਤ ਵਿਚ ਮੈਂ ਇਹ ਰਾਏ ਪ੍ਰਗਟ ਕੀਤੀ ਸੀ ਕਿ ਇਹਨਾਂ ਚੋਣਾਂ ਵਿਚ ਭਾਗ ਲੈ ਰਹੇ ਪੰਜੇ ਗਰੁਪ ਕਿਸੇ ਨਾ ਕਿਸੇ

ਔਗੁਣ ਦਾ ਸ਼ਿਕਾਰ ਹਨ। ਦੂਸਰਾ ਇਹ ਕਿ ਪੰਜਾਂ ਦੇ ਪੰਜਾਂ ਗਰੁਪਾਂ ਦੇ ਕਾਡਰ ਦੀ ਹਾਲਤ ਕੋਹਲੂ ਦੇ ਬਲਦ ਵਾਲੀ ਹੈ। ਲਗਾਤਾਰ ਖੋਪੇ ਚੜ੍ਹਾ ਕੇ ਵਗਦੇ ਰਹਿਣ ਕਰਕੇ ਉਹ ਸਿਰਫ਼ ਇਕ ਤਰਫ਼ ਵੇਖਣ ਦੇ ਆਦੀ ਹੋ ਗਿਆ ਹੈ। ਪ੍ਰਤਾਪ ਸਿੰਘ ਸੂਰਗੁਰੀ ਨੇ ਸਤੰਬਰ ਅੰਕ 'ਚ ਇਕ ਚਿੱਠੀ ਲਿਖ ਕੇ ਮੇਰੀ ਇਸ ਰਾਏ ਨੂੰ ਵਜ਼ਨਦਾਰ ਬਣਾ ਦਿੱਤਾ ਹੈ।

ਪਹਿਲਾ ਜੋ ਉਸ ਨੇ ਬਿਲਕੁਲ ਅੰਨ੍ਹੇਵਾਹ ਠਾਹ ਸੋਟਾ ਮਾਰਿਆ ਹੈ ਉਹ ਇਹ ਕਿ ਮੈਨੂੰ ਅਗਸਤ ਅੰਕ 'ਚ 'ਇਕ ਜਾਣਕਾਰ' ਵਲੋਂ ਛਪੇ ਖਤ ਦਾ ਲੇਖਕ ਗਰਦਾਨਿਆ ਹੈ। (ਚੰਗਾ ਹੋਵੇ ਜੇ ਇਹ 'ਜਾਣਕਾਰ' ਆਪਣੀ ਸ਼ਨਾਖਤ ਸੇਧ ਦੇ ਪੰਨਿਆਂ ਰਾਹੀਂ ਦੇ ਦੇਵੇ) ਏਸੇ ਗੱਲ ਦਾ ਸਹਾਰਾ ਲੈ ਕੇ ਉਸ ਨੇ ਮੈਨੂੰ 'ਲੰਬੀ ਗਰੁਪ' ਨਾਲ ਸਬੰਧਤ ਕਰ ਦਿੱਤਾ ਹੈ। ਜੇ ਉਹ ਇਸ ਤਰ੍ਹਾਂ ਨਾ ਕਰਦਾ ਤਾਂ ਉਸ ਕੋਲ ਲਿਖਣ ਲਈ ਕੁਝ ਵੀ ਨਹੀਂ ਸੀ। ਤੇ ਜੇ ਉਹ ਨਾ ਲਿਖਦਾ ਤਾਂ ਆਪਣੀ ਪ੍ਰਭੂ-ਭਗਤੀ ਦਾ ਸਬੂਤ ਕਿਵੇਂ ਦਿੰਦਾ ? ਪ੍ਰਤਾਪ ਸਿੰਘ ਦੀ ਚਿੱਠੀ ਅਸਲ ਵਿਚ 'ਇਕ ਜਾਣਕਾਰ' ਦੀ ਚਿੱਠੀ ਦਾ ਜਵਾਬ ਹੈ। 'ਜਾਣਕਾਰ' ਨੇ ਉਹ ਚਿੱਠੀ ਲਿਖ ਕੇ ਜ਼ਿਲ੍ਹਾ ਬਠਿੰਡਾ ਵਿਚ 'ਲੰਬੀ ਗਰੁਪ' ਦੀ ਚੜ੍ਹਤ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਪ੍ਰਤਾਪ ਸਿੰਘ ਨੇ ਇਹ ਚਿੱਠੀ ਲਿਖ ਕੇ ਜ਼ਿਲ੍ਹਾ ਬਠਿੰਡਾ ਵਿਚ 'ਰਾਣਾ ਗਰੁਪ' ਦਾ ਗੁਣ ਗਾਇਣ ਕੀਤਾ ਹੈ। ਪਰ ਦੋਹਾਂ ਵਿਚੋਂ ਕਿਸੇ ਨੇ ਵੀ ਕਿਸੇ ਉਸ ਨੁਕਤੇ ਦਾ ਜਵਾਬ ਨਹੀਂ ਦਿੱਤਾ ਜੋ ਮੈਂ ਉਠਾਇਆ ਸੀ। ਇਹ ਵਿਚਾਰੇ ਤਾਂ ਆਦਤ ਅਨੁਸਾਰ ਆਪਣੀ ਪੈਂਮਫਲਟਬਾਜ਼ੀ 'ਚ ਰੁੱਝ ਗਏ। ਇਹਨਾਂ ਤਾਂ ਸੱਚੀਂ ਸਾਉਣ ਦੇ ਮਹੀਨੇ ਵਾਲੀ ਕਹਾਵਤ ਸੱਚ ਕਰ ਵਿਖਾਈ।

—ਕੁਲਵੰਤ

ਪ. ਸ. ਅਦਾਰਾ ਸੇਧ ਵਲੋਂ ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਦੇ ਸਿਆਸੀ ਕਤਲ ਅਤੇ ਇਸ ਸਬੰਧ 'ਚ ਸਰਕਾਰ ਵਲੋਂ ਲੋਕਾਂ 'ਤੇ ਕੀਤੇ ਜਾ ਰਹੇ ਜਬਰ ਦੇ ਖਿਲਾਫ਼ ਬੁਲੰਦ ਕੀਤੀ ਦਲੇਰ ਆਵਾਜ਼ ਨੂੰ ਅਸੀਂ ਜੀਉ ਆਇਆਂ ਆਖਦੇ ਹਾਂ।

o ਗੌ: ਟੀਚਰਜ਼ ਯੂਨੀਅਨ ਦੀਆਂ ਚੋਣਾਂ ਸੰਬੰਧੀ ਸੇਧ ਵਿਚ ਚਲ ਰਹੀ ਚਰਚਾ ਵਿਚ ਰਾਣਾ ਗਰੁਪ ਦੇ ਪ੍ਰਤਾਪ ਸਿੰਘ ਨੇ ਆਪਣੇ ਵਕੀਲ ਵਜੋਂ ਹਿੱਸਾ ਲਿਆ ਹੈ ਤੇ ਦੂਜੇ ਗਰੁਪਾਂ 'ਤੇ ਜੋ ਵੀ ਤੁਹਮਤ ਲੱਗ ਸਕਦੀ ਸੀ ਮਿਰਚ ਮਸਾਲੇ ਸਮੇਤ ਲਾਈ ਹੈ। ਅਤੇ ਯਸ਼ 'ਤੇ ਲਾਏ ਦੂਸ਼ਨਾਂ ਵਿਚ ਆਪ ਹੀ ਉਲਝ ਗਿਆ ਹੈ।

ਪਾਠਕਾਂ ਦੀ ਜਾਣਕਾਰੀ ਲਈ ਪ੍ਰਤਾਪ ਸਿੰਘ ਜ਼ਿਲ੍ਹਾ ਫਰੀਦਕੋਟ ਵਿਚ ਚੋਣਾਂ ਸਮੇਂ ਰਾਣਾ ਗਰੁਪ ਵਲੋਂ ਚੋਣ ਪ੍ਰਚਾਰਕ ਤੇ ਪ੍ਰਬੰਧਕ ਸੀ। ਪ੍ਰਤਾਪ ਸਿੰਘ ਦੇ ਨਾਂ ਹੇਠ ਜਿਹੜੇ ਬਲਾਕਾਂ ਦੇ ਉਮੀਦਵਾਰਾਂ ਵਾਸਤੇ ਇਸ਼ਤਿਹਾਰ ਛਪਦੇ ਰਹੇ ਹਨ, ਉਹਨਾਂ ਨੂੰ ਪੜ੍ਹ ਕੇ ਇਨ੍ਹਾਂ ਖਾੜਕੂਆਂ 'ਤੇ ਹਾਸਾ ਹੀ ਆਉਂਦਾ ਸੀ। ਜ਼ਿਲ੍ਹਾ ਫਰੀਦਕੋਟ ਦੇ ਦੋ ਬਲਾਕ ਉਮੀਦਵਾਰਾਂ ਸੰਬੰਧੀ ਜੋ ਇਸ਼ਤਿਹਾਰ ਕੱਢੇ ਗਏ, ਜੇਕਰ ਪਾਠਕਾਂ ਦੀ ਨਜ਼ਰੇ ਪੇਸ਼ ਕਰ ਦਿਤੇ ਜਾਣ ਤਾਂ ਹਾਸਾ ਹੀ ਆ ਸਕਦਾ ਹੈ। ਉਹ ਦੋ ਉਮੀਦਵਾਰ 'ਰਾਣਾ ਗਰੁਪ' ਦੇ ਅਜਿਹੇ ਪਰਖੇ ਹੋਏ' ਤੇ 'ਬਹਾਦਰ' ਸਨ ਕਿ ਪਿਛਲੀਆਂ ਹੋਈਆਂ ਹੜਤਾਲਾਂ ਵਿਚ ਭੱਜਣ ਵਾਲਿਆਂ ਵਿਚ ਸਭ ਤੋਂ ਮੂਹਰੇ ਸਨ। 'ਗੱਦਾਰੀ ਭੱਤਾ' ਲੈਣ ਨੂੰ ਉਹ ਫ਼ਖਰ ਸਮਝਦੇ ਸਨ ਤੇ ਚੋਣ ਪ੍ਰਚਾਰ ਦੇ ਦੌਰੇ ਸਮੇਂ ਪੁੱਛੇ ਸਵਾਲਾਂ ਬਾਰੇ ਇਕੋ ਇਕ ਦਲੀਲ ਇਹ ਹੁੰਦੀ ਸੀ ਕਿ "ਮੈਂ ਸਭ ਨੂੰ



'ਗੱਦਾਰੀ ਭੱਤਾ' ਦਵਾਵਾਂਗਾ।" ਇਹ 'ਅਗਾਂਹ ਵਧੂ', 'ਪਰਖੇ ਹੋਏ' ਤੇ 'ਹੰਢੇ ਹੋਏ' ਉਮੀਦਵਾਰਾਂ ਦੀ ਪ੍ਰਤਾਪ ਸਿੰਘ ਨੇ ਜ਼ਮਾਨਤ ਬਚਾਉਣ ਦੀ ਬੜੀ ਕੋਸ਼ਿਸ਼ ਕੀਤੀ (ਜੇ ਸੰਵਿਧਾਨ ਵਿਚ ਅਜਿਹਾ ਹੋਵੇ) ਪਰ ਸਫਲ ਨਾ ਹੋ ਸਕਿਆ। ਤੇ ਜ਼ਿਲ੍ਹਾ ਬਠਿੰਡਾ ਵਿਚ 'ਵੋਟਾਂ ਵਧਾਉਣ ਵਾਲੇ', ਜ਼ਿਲ੍ਹਾ ਫਰੀਦਕੋਟ ਵਿਚ ਪਹਿਲੇ ਨੰਬਰ ਤੋਂ ਚੱਲ ਕੇ ਤੀਜੇ ਨੰਬਰ 'ਤੇ ਪਹੁੰਚ ਗਏ।

ਜ਼ਿਲ੍ਹਾ ਬਠਿੰਡਾ ਬਾਰੇ ਪ੍ਰਤਾਪ ਸਿੰਘ ਲਿਖਦਾ ਹੈ ਕਿ ਯਸ਼ ਨੇ ਅਕਾਲੀ, ਕਾਂਗਰਸੀ ਵਜ਼ੀਰਾਂ ਦੀਆਂ ਕਾਰਾਂ ਵਰਤੀਆਂ। ਵਿਰੋਧੀ ਨੂੰ ਨੀਵਾਂ ਵਿਖਾਉਣ ਦੀ ਅਤੇ ਆਪਣੇ ਗਰੁਪ ਨੂੰ ਦੁਧ-ਧੋਤਾ ਸਾਬਤ ਕਰਨ ਦੀ ਕਿੰਨੀ ਕਮੀਨੀ ਸਾਜ਼ਿਸ਼ ਹੈ। ਕੀ ਯਸ਼ਪਾਲ ਜਿਸ ਨੂੰ ਐਮਰਜੈਂਸੀ ਵਿਚ ਜੇਲ੍ਹ ਵਿਚ ਰੱਖਣਾ, ਆਪਣੇ ਪਿੰਡ ਤੋਂ ਦੂਜੇ ਜ਼ਿਲ੍ਹੇ ਫ਼ਰੀਦਕੋਟ ਦੋ ਸਾਲ ਬਦਲੀ ਰੱਖਣਾ, ਤੇ ਝੂਠੇ ਕੇਸ ਬਣਾ ਕੇ ਲੰਮਾਂ ਸਮਾਂ ਸਸਪੈਂਡ ਰੱਖਣਾ, ਤੇ ਜਿਸ ਨੂੰ C. P. I. ਦੇ 'ਵੱਡੇ' ਲੀਡਰ ਦੁਸ਼ਮਨ ਨੰਬਰ ਇਕ ਸਮਝਦੇ ਹੋਣ (ਜੋ ਕਾਂਗਰਸ ਦੀ ਮੱਦਦ 'ਤੇ ਸਨ) ਦੀ ਉਹ ਮੱਦਦ ਕਰਨਗੇ ? ਤੇ ਅਕਾਲੀਆਂ ਦੀ ਮੱਦਦ ਦੀ ਗੱਲ, ਆਪਣੇ ਗਲੋਂ ਮਰਿਆ ਸੱਪ ਯਸ਼ਪਾਲ ਦੇ ਪਾਉਣ ਦੀ ਸਾਜ਼ਿਸ਼ ਨੂੰ ਪੰਜਾਬ ਦੇ ਸੂਝਵਾਨ ਤੇ ਰਾਜਨੀਤਕ ਜਾਣਕਾਰੀ ਰੱਖਣ ਵਾਲੇ ਲੋਕ ਮੰਨ ਲੈਣਗੇ ? 'ਲੰਬੀ ਗਰੁਪ' ਨੇ ਬੇਰੁਜ਼ਗਾਰਾਂ ਦਾ ਘੋਲ ਲੜ ਕੇ ਅਕਾਲੀ-ਜਨਤਾ ਸਰਕਾਰ ਦੀ ਜੋ ਮਿੱਟੀ ਪਲੀਤ ਕੀਤੀ ਸੀ ਕੀ ਉਹ (ਅਕਾਲੀ) ਯਸ਼ ਦੀ ਮੱਦਦ ਕਰਨਗੇ ?

ਰਹੀ ਗੱਲ 'ਲੰਬੀ ਗਰੁਪ' ਨੇ ਬੁਰਜੂਆ ਢੰਗ ਅਪਣਾ ਕੇ ਕਾਰਾਂ, ਜੀਪਾਂ ਆਦਿ ਵਰਤੀਆਂ। ਇਸ ਗੱਲ ਦਾ ਕੁਲਵੰਤ ਸਿੰਘ ਨੂੰ ਵੀ ਦੁੱਖ ਹੈ। ਗੱਲ ਠੀਕ ਹੀ ਮਾੜੀ ਹੈ। ਪਰ ਕੀ ਪਰਤਾਪ ਸਿੰਘ, ਕੁਲਵੰਤ ਜਾਂ ਕੋਈ ਹੋਰ ਜਿਸ ਨੂੰ ਵੀ ਇਸ ਦਾ ਦੁਖ ਹੈ ਪਿਛਲੀਆਂ ਜਨਰਲ ਕੌਂਸਲ ਦੀਆਂ ਮੀਟਿੰਗਾਂ ਵੱਲ ਧਿਆਨ ਮਾਰਨਗੇ ਜਿਸ ਵਿਚ ਮੌਜੂਦਾ ਸੰਵਿਧਾਨ ਨੂੰ ਬਦਲਣ ਲਈ 11 ਬਲਾਕ ਪ੍ਰਧਾਨਾਂ ਵਲੋਂ ਵਾਰੀ ਵਾਰੀ ਮਤਾ ਰਖਿਆ ਜਾਂਦਾ ਰਿਹਾ ਹੈ ਕਿ ਚੋਣ ਢੰਗ ਬਦਲਣਾ ਚਾਹੀਦਾ ਹੈ। ਚੋਣਾਂ 'ਤੇ ਖ਼ਰਚਾ ਜ਼ਿਆਦਾ ਹੁੰਦਾ ਹੈ, ਰਾਜਸੀ ਪਾਰਟੀਆਂ ਦਖਲ ਦਿੰਦੀਆਂ ਹਨ। ਕਾਰਾਂ, ਜੀਪਾਂ ਵਰਤਣੀਆਂ ਤੇ ਪ੍ਰਚਾਰ ਲਈ ਬਹੁਤ ਭੱਜ ਨੱਠ ਕਰਨੀ ਪੈਂਦੀ ਹੈ। ਪਰ ਰਾਣਾ ਤੇ ਦਿਲੋਂ ਗਰੁਪ ਵਾਲੇ ਇਸ ਮਤੇ ਦਾ ਮਖੌਲ ਉਡਾ ਕੇ ਇਸ ਨੂੰ ਰੱਦ ਕਰ ਦਿੰਦੇ ਸਨ। ਇਕ ਜ਼ਿਲ੍ਹਾ ਜਿਸ ਵਿਚ 20-20 ਬਲਾਕ ਹੋਣ, 200-200 ਮੀਲ ਲੰਮਾ ਹੋਵੇ, ਕੀ ਉਥੇ ਵੋਟਰਾਂ ਨੂੰ ਆਪਣੀ ਸਮਝ ਦੱਸਣ ਲਈ ਧਾਲੀਵਾਲ ਜਾਂ ਯਸ਼ਪਾਲ ਤੁਰ ਕੇ ਜਾਣ ? ਲੋੜ ਤਾਂ ਸੰਵਿਧਾਨ ਨੂੰ ਬਦਲ ਕੇ ਥੱਲੇ ਲੋਕਾਂ ਤਕ ਲੈ ਜਾਣ ਦੀ ਹੈ। ਫਿਰ ਨਾ ਕਿਸੇ ਨੂੰ ਕਾਰਾਂ, ਜੀਪਾਂ ਵਰਤਣੀਆਂ ਪੈਣ ਤੇ ਨਾ ਰਾਜਸੀ ਪਾਰਟੀਆਂ ਦੀ ਮੱਦਦ ਲੈਣੀ ਪਵੇ (ਜਿਸ ਬਾਰੇ ਕੁਲਵੰਤ ਨੇ ਆਪਣੀ ਸਮਝ ਦਸ ਦਿਤੀ ਹੈ ਕਿ ਕੌਣ ਕਿਥੋਂ ਮੱਦਦ ਲੈਂਦਾ ਹੈ) ਸਕੂਲਾਂ ਤੋਂ ਤੇ ਸੈਂਟਰਾਂ ਤੋਂ ਇਕ-ਇਕ ਨੁਮਾਇੰਦਾ ਭੇਜ ਕੇ ਬਲਾਕ ਇਕਾਈ, ਬਲਾਕ ਤੋਂ ਜ਼ਿਲ੍ਹਾ ਇਕਾਈ ਤੇ ਸਟੇਟ ਦੀ ਚੋਣ ਹੋਵੇ, ਚੋਣ ਸਿੱਧੀ ਨਾ ਹੋਵੇ। ਪਰ ਇਸ ਬਾਰੇ ਰਾਣਾ ਤੇ ਦਿਲੋਂ ਗਰੁਪ ਕਿਉਂ ਚੁਪ ਹੈ ? ਕੀ ਸੂਝਵਾਨ ਅਧਿਆਪਕ ਤੇ ਲੋਕ ਇਸ ਗਹਿਰਾਈ ਤਕ ਜਾਣਗੇ ?

ਕੀ 'ਲੰਬੀ ਗਰੁਪ' ਵਾਲਿਆਂ ਨੇ ਚੋਣਾਂ ਸਮੇਂ ਇਸ ਮਜਬੂਰੀ ਬਾਰੇ ਲੋਕਾਂ ਨੂੰ ਜਾਣੂੰ ਨਹੀਂ ਕਰਵਾਇਆ ਤੇ ਸੰਵਿਧਾਨ ਨੂੰ ਬਦਲਣ ਦੀ ਮੰਗ ਨਹੀਂ ਰੱਖੀ, ਦੱਸੀ ?

ਰਾਣਾ ਗਰੁਪ ਵਾਲਿਆਂ ਦਾ ਇਖਲਾਕ ਇਹ ਹੈ ਕਿ ਪਿਛਲੀ ਚੋਣ ਸਮੇਂ ਐਮਰਜੈਂਸੀ ਦੇ ਹਿਮਾਇਤੀਆਂ ਨੂੰ ਹਰਾਉਣ ਲਈ ਪੰਜਾਬ ਪੱਧਰ 'ਤੇ ਬਣੇ ਗੱਠ-ਜੋੜ ਵਿਚ ਜ਼ਿਲ੍ਹਾ ਬਠਿੰਡਾ ਯਸ਼ ਨੂੰ ਛੱਡਿਆ ਸੀ। ਪਰ ਅੰਦਰਖਾਤੇ ਯਸ਼ ਨੂੰ ਹਰਾਉਣ ਲਈ ਹਰਪਾਲ ਨੂੰ ਵੀ ਖੜਾ ਕਰੀ ਰੱਖਿਆ ਤੇ

ਲੋਕਾਂ ਨੂੰ ਆਖਿਆ ਕਿ ਹਰਪਾਲ ਨੂੰ ਅਸੀਂ ਆਪਣੇ ਗਰੁਪ ਵਿਚੋਂ ਕੱਢ ਦਿਤਾ ਹੈ। ਪਰ ਉਸੇ ਹਰਪਾਲ ਨੂੰ ਇਸ ਵਾਰ ਮੰਨ ਲਿਆ। ਕੀ ਇਹ ਇਨਕਲਾਬੀਪੁਣਾ ਹੈ? ਕੌਣ ਨਹੀਂ ਜਾਣਦਾ ਕਿ ਰਾਣਾ ਗਰੁਪ ਨੇ ਬੇਰੁਜ਼ਗਾਰਾਂ ਦੇ ਘੋਲ ਸਮੇਂ ਆਕਾਲੀ-ਜਨਤਾ ਸਰਕਾਰ ਦੀ ਮਦਦ ਲਈ ਅਤੇ ਅੰਦਰੋਂ ਤੇ ਬਾਹਰੋਂ ਘੋਲ ਨੂੰ ਤਾਰਪੀਡੋ ਨਹੀਂ ਕੀਤਾ? ਬੇਰੁਜ਼ਗਾਰਾਂ ਦੀ ਖਾੜਕੂ ਜਥੇਬੰਦੀ ਨੂੰ ਪੰਜਾਬ ਅੰਦਰ ਚੌਧਰ ਦੀ ਖਾਤਰ ਪਾਟੋਧਾੜ ਨਹੀਂ ਕੀਤਾ? ਆਪਣੇ ਫਰੇਬ ਨੂੰ ਦੂਜਿਆਂ 'ਤੇ ਤੁਹਮਤਾਂ ਲਾ ਕੇ ਛੁਪਾਣਾ ਕੀ ਵੱਡੀ ਮੱਕਾਰੀ ਨਹੀਂ?

—ਮੇਘਰਾਜ ਸ਼ਰਮਾ, ਕੋਟਕਪੂਰਾ

o ਸੇਧ ਬਾਰੇ ਇਕ ਗੱਲ ਪੁਛਣੀ ਚਾਹੁੰਦਾ ਹਾਂ ਕਿ ਇਹ ਪਰਚਾ ਕਿੰਨ੍ਹਾਂ ਵਾਸਤੇ ਕਢਿਆ ਜਾ ਰਿਹਾ ਹੈ? ਸਿਰਫ਼ ਬੁਧੀਜੀਵੀਆਂ ਵਾਸਤੇ? ਜਾਂ ਫਿਰ ਆਮ ਲੋਕਾਂ ਵਾਸਤੇ ਵੀ? ਕਿਸ਼ਨ ਸਿੰਘ ਦੀ ਠੋਸ ਸ਼ਬਦਾਵਲੀ ਅਗੇ ਨਾਲੋਂ ਕਾਫੀ ਸਮਝਣਯੋਗ ਹੋ ਗਈ ਹੈ, ਪਰ ਅਜੇ ਉੱਨੀ ਨਹੀਂ ਜਿੰਨੀ ਪੰਨੂੰ ਦੀ ਸਾਫ ਸੁਥਰੀ, ਧੂਹ ਪਾਉਣ ਵਾਲੀ, ਪੇਂਡੂ ਪਧਰ ਦੀ ਵਲਵਲਿਆਂ ਭਰਪੂਰ ਸ਼ਬਦਾਵਲੀ ਹੁੰਦੀ ਹੈ। ਅੰਧੀ ਰਯੀਅਤ, ਗਿਆਨਵਾਨ ਤਾਂ ਹੀ ਹੋ ਸਕਦੀ ਹੈ ਜੇ ਕਰ ਉਸ ਦੇ ਚੇਤਨਾ ਦੇ ਪਧਰ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਹੀ ਸੇਧ ਦਿਤੀ ਜਾਵੇ। ਤਾਂ ਹੀ ਸੇਧ ਸਫ਼ਲ ਹੋ ਸਕਦਾ ਹੈ; ਨਹੀਂ ਤਾਂ 'ਕਲਮ ਘਸੀਟੂਆਂ' ਦਾ ਇਹ ਸਿਰਫ 'ਚੁੰਜ ਗਿਆਨ' ਬਣ ਕੇ ਹੀ ਰਹਿ ਜਾਵੇਗਾ।

ਦੂਸਰਾ ਸੁਝਾਉ ਇਹ ਹੈ ਕਿ ਜੋ ਵੀ ਕਿਸੇ ਲਿਖਾਰੀ ਦਾ ਜਾਂ ਪੁਸਤਕ ਦਾ ਪ੍ਰਮਾਣ ਦਿਤਾ ਜਾਵੇ, ਉਸ ਦਾ ਅਨੁਵਾਦ ਪੰਜਾਬੀ ਵਿਚ ਜ਼ਰੂਰ ਹੋਣਾ ਚਾਹੀਦਾ ਹੈ। ਜਿਵੇਂ ਭਗਵਾਨ ਸਿੰਘ ਜੋਸ਼ ਨੇ ਆਪਣੇ ਲੇਖ ਸਤੰਬਰ ਸੇਧ ਵਿਚ—'ਮਾਰਕਸਵਾਦ, ਗਾਂਧੀ ਤੇ ਕੌਮੀ ਆਜ਼ਾਦੀ ਦੀ ਲਹਿਰ' ਵਿਚ ਸੀ. ਪੀ. ਆਈ. ਦੇ ਮੋਹਿਤ ਸੇਨ ਦਾ ਪ੍ਰਮਾਣ ਅੰਗ੍ਰੇਜ਼ੀ ਵਿਚ ਦਿਤਾ ਹੈ। ਜੇਕਰ ਇਸੇ ਨੂੰ ਪੰਜਾਬੀ ਵਿਚ ਉਲਥਾ ਕੇ ਦਿਤਾ ਜਾਂਦਾ ਤਾਂ ਬਹੁਤ ਚੰਗਾ ਹੁੰਦਾ। ਇਸੇ ਤਰ੍ਹਾਂ ਪਿਛੇ ਬਹੁਤ ਸਾਰੇ ਪ੍ਰਮਾਣ ਦਿਤੇ ਗਏ ਹਨ ਜਿਨ੍ਹਾਂ ਦਾ ਅਨੁਵਾਦ ਨਹੀਂ ਦਿਤਾ ਜਾਂਦਾ ਰਿਹਾ। ਪ੍ਰਮਾਣ ਪੰਜਾਬੀ ਵਿਚ ਹੋਣਾ ਚਾਹੀਦਾ ਹੈ। ਬਾਕੀ ਮੂਲ ਪ੍ਰਮਾਣ ਦੇਖਣ ਵਾਸਤੇ ਉਸ ਪੁਸਤਕ, ਰਿਪੋਟ, ਜਾਂ ਲੇਖ ਦਾ ਪੰਨਾ ਦਿਤਾ ਜਾਣਾ ਚਾਹੀਦਾ ਹੈ। ਇਸ ਨਾਲ ਘਟ ਪੜ੍ਹੇ ਲਿਖੇ ਜੋ ਅੰਗ੍ਰੇਜ਼ੀ ਚੰਗੀ ਤਰ੍ਹਾਂ ਨਹੀਂ ਸਮਝਦੇ, ਪਰ ਰਾਜਨੀਤੀ ਵਿਚ ਪੂਰੀ ਦਿਲਚਸਪੀ ਰਖਦੇ ਹਨ, ਉਹਨਾਂ ਦੇ ਪੱਲੇ ਵੀ ਪੂਰੀ ਪੂਰੀ ਵੱਥ ਪੈ ਸਕੇਗੀ ਅਤੇ ਸੇਧ ਦੇ ਪਾਠਕਾਂ ਦਾ ਘੇਰਾ ਵੀ ਵਿਸ਼ਾਲ ਹੋਵੇਗਾ। ਜੋ ਲੋਕ ਪੇਂਡੂ ਪੱਧਰ 'ਤੇ ਲੋਕਾਂ ਨੂੰ ਜਥੇਬੰਦ ਕਰ ਰਹੇ ਹਨ ਉਹਨਾਂ ਨੂੰ ਸੇਧ ਦੇਂਦਿਆਂ ਹੋਇਆਂ, ਲੁਟੇ ਜਾਂਦਿਆਂ ਦੇ ਵਿਸ਼ਾਲ ਸਮੂਹ ਨੂੰ ਸਹੀ ਦਿਸ਼ਾ ਵਲ ਤਾਂ ਹੀ ਪ੍ਰੇਰਨਾ ਦਿਤੀ ਜਾ ਸਕਦੀ ਹੈ। ਜੋ ਵਿਚਾਰ ਸਮੇਂ ਦਾ ਹਾਣੀ ਹੋ ਕੇ ਨਹੀਂ ਤੁਰਦਾ ਉਹ ਫਜ਼ੂਲ ਹੈ, ਫੋਕਟ ਹੈ, ਉਸ ਨੂੰ ਮਾਰਕਸ ਦਾ ਮੰਥਨ ਜਾਂ ਮਾਰਕਸਵਾਦ ਨਹੀਂ ਕਿਹਾ ਜਾ ਸਕਦਾ। ਉਸ 'ਤੇ ਤਾਂ ਜ਼ਰੂਰ ਹੀ ਲੋਕ ਸੀ. ਆਈ. ਏ. ਦਾ ਏਜੰਟ ਹੋਣ ਦਾ ਸ਼ੱਕ ਕਰਨਗੇ।

ਅਜ ਸਾਮਰਾਜ ਸੀ. ਆਈ. ਏ. ਰਾਹੀਂ ਮਾਰਕਸਵਾਦ ਦਾ ਬੁਰਕਾ ਪਾ ਕੇ ਹੀ ਲੋਕਾਂ ਦੇ ਸਮੂਹਾਂ ਨੂੰ ਸੰਘਰਸ਼ ਦੀ ਪਟੜੀਓਂ ਉਤਾਰ ਸਕਦਾ ਹੈ; ਢਹਿੰਦੀ ਸਰਮਾਏਦਾਰੀ ਦੀ ਉਮਰ ਲੰਮੀ ਕਰਨ ਦਾ ਇਹੋ ਹੀ ਤਰੀਕਾ ਹੋ ਸਕਦਾ ਹੈ, ਹੋਰ ਕੋਈ ਨਹੀਂ।

ਨਕਸਲੀਆਂ ਦੀਆਂ ਬਾਈ ਮੰਜੀਆਂ ਤੇ ਅੰਧਵਾਦ ਤੋਂ ਇਹ ਹੀ ਸਪੱਸ਼ਟ ਹੁੰਦਾ ਹੈ; ਨਹੀਂ ਤਾਂ



ਸਾਡੀਆਂ ਕਮਿਊਨਿਸਟ ਪਾਰਟੀਆਂ ਆਪਣੇ ਦੇਸ ਦਾ ਰਾਜਨੀਤਕ, ਆਰਥਕ ਅਤੇ ਸਭਿਆਚਾਰਕ ਅਧਿਅਨ ਕਰ ਕੇ ਇਕ ਰਾਹ ਕਿਉਂ ਨਹੀਂ ਅਖ਼ਤਿਆਰ ਕਰਦੀਆਂ? ਕੋਈ ਤਾਂ ਚੀਨ ਦੇ ਵਿਚਾਰ-ਧਾਰਕ ਦਿਤੇ ਹੋਏ ਗੋਲੇ ਦਾਗ਼ੀ ਜਾ ਰਿਹਾ ਹੈ ਅਤੇ ਕੋਈ ਰੂਸ ਦਾ ਗੱਡਿਆਂ ਦੇ ਗੱਡੇ ਦਿਤਾ ਲਿਟਰੇਚਰ ਵੇਚੀ ਜਾ ਰਿਹਾ ਹੈ, ਪਰ ਸਾਡੇ ਦੇਸ ਦੀ ਅਜੋਕੀ ਸਪੱਸ਼ਟ ਦਸ਼ਾ ਵਲ ਕਿਸੇ ਦਾ ਕੋਈ ਧਿਆਨ ਨਹੀਂ। ਰਾਹੁਲ ਸੰਕਰਤਿਆਨ ਦਾ ਲਿਟਰੇਚਰ ਲਭਿਆਂ ਨਹੀਂ ਮਿਲਦਾ। ਜੇ ਮਿਲਦਾ ਹੈ ਤਾਂ ਅਤ ਮਹਿੰਗਾ। ਰਾਹੁਲ ਨੇ ਸਾਡੇ ਦੇਸ ਦੀ ਇਤਿਹਾਸਿਕ, ਰਾਜਨੀਤਕ, ਆਰਥਕ, ਸਭਿਆਚਾਰਕ ਪੁਜ਼ੀਸ਼ਨ ਨੂੰ ਕਾਫੀ ਸਪੱਸ਼ਟ ਕੀਤਾ ਸੀ। ਉਸ ਨੂੰ ਹੋਰ ਨਿਖਾਰ ਕੇ ਅਗੇ ਤੋਰਨ ਦੀ ਲੋੜ ਹੈ। ਮੈਂ ਉਮੀਦ ਰਖਦਾ ਹਾਂ ਸਾਡੀਆਂ ਪਾਰਟੀਆਂ ਦੀ ਭਟਕਣਾ ਦਾ ਸਹੀ ਕਾਰਨ ਲਭ ਕੇ, ਬਾਈ ਮੰਜੀਆਂ ਦੇ ਅੰਦਰੂਨੀ ਮਕਸਦ ਨੂੰ ਉਧੇੜ ਕੇ ਲੋਕਾਂ ਸਾਹਮਣੇ ਰਖ ਕੇ, ਅਜੋਕੀ ਰਾਜਨੀਤਕ ਪੁਜ਼ੀਸ਼ਨ ਨੂੰ ਲੋਕਾਂ ਤਕ ਪਹੁੰਚਾ ਕੇ ਹੀ ਸੇਧ ਸਫਲ ਸੇਧ ਵਲ ਵਧ ਸਕਦਾ ਹੈ।

—ਨਰਾਇਣ ਸਿੰਘ ਸੋਹਲ, ਐਹਰਵਾਂ

o ਨਿਰੰਕਾਰੀਆਂ ਬਾਰੇ ਸੇਧ: ਚਮਨ ਲਾਲ ਪ੍ਰਭਾਕਰ ਹੁਰਾਂ 'ਪਿਰਥੀਪਾਲ ਸਿੰਘ ਰੰਧਾਵਾ ਦਾ ਕਤਲ—ਪੰਜਾਬ ਦੀ ਜਮਹੂਰੀ ਲਹਿਰ ਲਈ ਚੁਣੌਤੀ' ਵਾਲੇ ਨੋਟ ਵਿਚ ਪਿਰਥੀਪਾਲ ਤੇ ਪੀ. ਐਸ. ਯੂ. ਦੇ ਜਮਹੂਰੀ ਵੇਗ, ਜਮਹੂਰੀ ਹੱਕਾਂ ਦੇ ਨਿਵਿਤ ਵਿਚ ਕੀਤੀਆਂ ਜਦੋ-ਜਹਿਦਾਂ ਦਾ ਜ਼ਿਕਰ ਕਰਦਿਆਂ "ਪੁਲਸ ਮੁਲਾਜ਼ਮਾਂ ਦੇ ਘੋਲ ਵਿਚ ਸਮਰੱਥਾ ਮੁਤਾਬਕ ਹਿੱਸਾ ਪਾਇਆ। ਅਕਾਲੀਆਂ ਵਲੋਂ ਨਿਰੰਕਾਰੀਆਂ 'ਤੇ ਕੀਤੇ ਜਾ ਰਹੇ ਅਤਿਆਚਾਰਾਂ ਦਾ ਵਿਰੋਧ ਕੀਤਾ"—ਦਾ ਵੀ ਜ਼ਿਕਰ ਕੀਤਾ ਹੈ। ਜਿਨ੍ਹਾਂ ਨੂੰ ਇਨਸਾਨੀਅਤ ਦੀ ਕੀਮਤ ਹੁੰਦੀ ਹੈ ਤੇ ਜੋ ਆਜ਼ਾਦੀ ਦੇ ਲੜ ਲੱਗੇ ਹੋਏ ਹੁੰਦੇ ਹਨ, ਉਹਨਾਂ ਦੀ ਜ਼ਿੰਦਗੀ ਦਾ ਮੂਲ ਹੀ ਇਹ ਹੁੰਦਾ ਹੈ ਕਿ ਕਿਸੇ 'ਤੇ ਵੀ ਅਤਿਆਚਾਰ ਹੋਵੇ, ਕਿਤੇ ਵੀ ਜਮਹੂਰੀ ਕੀਮਤਾਂ ਦਾ ਭੰਗ ਹੋਵੇ, ਜਮਹੂਰੀ ਵੇਗ ਨੂੰ ਤੋੜ ਕੇ ਧੱਕਾਸ਼ਾਹੀ ਹੁੰਦੀ ਹੋਵੇ ਉਹ ਪੀੜ ਮਨਾਉਂਦੇ ਹਨ। ਅਤੇ ਉਸ ਪੁਜ਼ੀਸ਼ਨ ਵਿਚ, ਆਪਣੀ ਸਮਰੱਥਾ ਅਨੁਸਾਰ ਜੋ ਵੀ ਕਰ ਸਕਦੇ ਹਨ, ਕਰਦੇ ਹਨ। ਉਹ ਇਦਾਂ ਕਰਨੋਂ ਰਹਿ ਹੀ ਨਹੀਂ ਸਕਦੇ। ਪਿਰਥੀਪਾਲ ਸਿੰਘ ਆਜ਼ਾਦੀ ਤੇ ਇਨਸਾਨੀਅਤ ਦੇ ਲੜ ਲੱਗਿਆ ਤੇ ਕਾਤਲਾਂ ਦਾ ਸ਼ਿਕਾਰ ਹੋਇਆ। ਸ਼ਹੀਦ ਹੋ ਕੇ "ਕਰਤਾਰ ਸਿੰਘ ਸਰਾਭਾ ਤੇ ਭਗਤ ਸਿੰਘ ਨੂੰ ਉਸ ਜਾ ਜੱਫੀ ਪਾਈ ਹੈ।"

ਪ੍ਰਭਾਕਰ ਹੋਰਾਂ ਜੋ ਲਿਖਿਆ ਹੈ ਸਹੀ ਲਿਖਿਆ ਹੈ। ਪਰ ਪਾਠਕਾਂ ਨੂੰ ਪੁਲਸ ਐਜੀਟੇਸ਼ਨ ਤੇ ਨਿਰੰਕਾਰੀ ਲਹਿਰ ਬਾਬਤ ਭੁਲੇਖਾ ਨਹੀਂ ਲਗਣਾ ਚਾਹੀਦਾ। ਪੁਲਸ ਐਜੀਟੇਸ਼ਨ ਜਮਹੂਰੀ ਲਹਿਰ ਦੇ ਉਭਾਰ ਦਾ ਇਜ਼ਹਾਰ ਨਹੀਂ ਸੀ। ਇਵਜ਼ਾਨਾ ਵਧਵਾਉਣ ਦਾ ਸਵਾਲ ਸੀ। ਉਹ ਵਧਿਆ ਤੇ ਜਮਹੂਰੀ ਕੀਮਤਾਂ ਕੀਹਦੇ ਚਿੱਤ? ਪੁਲਸ ਉਹ ਹੀ ਹੈ ਜੋ ਪਹਿਲਾਂ ਸੀ।

ਨਿਰੰਕਾਰੀ ਲਹਿਰ ਲੋਕਾਂ ਦਾ ਜਮਹੂਰੀ ਉਭਾਰ ਨਹੀਂ। ਜਮਹੂਰੀ ਉਭਾਰ ਦਾ ਲੋਕਾਂ ਵਿਚ ਆਧਾਰ (mass base) ਹੁੰਦਾ ਹੈ। ਪਰ ਕੀ ਨਿਰੰਕਾਰੀਆਂ ਦਾ ਲੋਕਾਂ ਵਿਚ ਆਧਾਰ ਨਹੀਂ ਹੈ? ਨਹੀਂ। ਆਧਾਰ, ਆਧਾਰ ਵਿਚ ਵੀ ਆਪਸ ਵਿਚ ਲੱਖਾਂ ਕੋਹਾਂ ਦਾ ਫਰਕ ਹੁੰਦਾ ਹੈ। ਨਿਰਾ ਲੋਕਾਂ ਵਿਚ ਆਧਾਰ ਜਮਹੂਰੀ ਉਭਾਰ ਦਾ ਟੈਸਟ ਨਹੀਂ ਹੁੰਦਾ। ਫਾਸ਼ੀਆਂ ਦਾ ਵੀ ਲੋਕਾਂ ਵਿਚ ਆਧਾਰ ਹੈ ਸੀ। ਕਿਸੇ ਲਹਿਰ ਦੀ ਤਾਸੀਰ ਸਮਝਣ ਵਾਸਤੇ ਲੋਕਾਂ ਵਿਚ ਉਸ ਦੇ ਆਧਾਰ ਦੇ ਅੰਦਰਲੇ ਨੂੰ ਫੋਲ

ਕੇ ਵੇਖਣਾ ਲਾਜ਼ਮੀ ਹੁੰਦਾ ਹੈ ਕਿ ਉਸ ਦਾ ਅਸਲਾ ਕੀ ਹੈ ? ਜਮਹੂਰੀ ਲੋਕ-ਆਧਾਰ ਦਾ ਖਾਸਾ ਹੁੰਦਾ ਹੈ—ਲੋਕਾਂ ਵਿਚ ਇਨਸਾਨੀ ਖੁਦ-ਦਾਰੀ ਦਾ, ਸਿਆਸੀ ਚੇਤਨਤਾ ਦਾ ਵਾਧਾ ਤੇ ਉਹਨਾਂ ਦਾ ਜਮਹੂਰੀ ਕੀਮਤਾਂ ਨਾਲ ਲੈਸ ਹੁੰਦੇ ਜਾਣਾ, ਜਥੇਬੰਦ ਹੋਣ ਵਲ ਤਾਂਘਣਾ ਤੇ ਬੁਰਜੂਆ ਹਕੂਮਤ ਦੇ ਜਬਰ ਤੇ ਤਸ਼ੱਦਦ ਦੇ ਖਿਲਾਫ ਆਪਣੀ ਆਵਾਜ਼ ਉਠਾਉਣਾ, ਜਮਹੂਰੀ ਕੀਮਤਾਂ ਵਾਸਤੇ ਸਿਆਸੀ ਸਾਹਸ ਨਾਲ ਹਰ ਹੀਲੇ ਖੜਣਾ ਤੇ ਉਹਨਾਂ ਵਾਸਤੇ ਹਰ ਕੀਮਤ ਦੇਣ ਨੂੰ ਤਿਆਰ ਰਹਿਣਾ ਅਤੇ ਜੋ ਕੁਝ ਵੀ ਕਰਨਾ ਸਿਆਸੀ ਤੌਰ 'ਤੇ ਚੇਤੰਨ ਹੋ ਕੇ ਕਰਨਾ । ਪਤੇ ਦੀ ਗੱਲ ਇਹ ਹੈ ਕਿ ਜਮਹੂਰੀ ਲੋਕ-ਆਧਾਰ ਦੀ ਨੀਂਹ ਹੁੰਦੀ ਹੈ—ਇਨਸਾਨੀ ਖੁਦਦਾਰੀ ਅਤੇ ਸਿਆਸੀ ਜਾਗਿਰਤਾ । ਬਹੁਤੀ ਵਿਆਖਿਆ ਤੋਂ ਬਗੈਰ ਹੀ ਜ਼ਾਹਿਰ ਹੈ ਕਿ ਨਿਰੰਕਾਰੀ ਲਹਿਰ ਦੇ ਲੋਕ-ਆਧਾਰ ਦਾ, ਜਮਹੂਰੀ ਉਭਾਰ ਦੇ ਲੋਕ-ਆਧਾਰ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ।

ਸਿਆਸੀ ਚੇਤਨਤਾ ਗ੍ਰਹਿਣ ਕਰਨ ਵਾਲੇ ਲੋਕ ਸਾਡੇ ਸਮਾਜ ਵਿਚ ਅਜੇ ਬਹੁਤੇ ਨਹੀਂ । ਬੇਅੰਤ ਅਜਿਹੇ ਲੋਕ ਹਨ ਜੋ ਬੁਰਜੂਆ ਵੰਗ ਦੀ ਪਲ ਪਲ ਦੀ ਤਿਲਕਣਬਾਜ਼ੀ ਦੇ ਲਫੇੜ ਖਾ ਕੇ ਅੰਦਰੋਂ ਮਰ ਚੁਕੇ ਹਨ, ਹਾਰ ਚੁਕੇ ਹਨ । ਡਾਵਾਂਡੋਲ ਹੋ ਚੁਕੇ ਹਨ । ਨਿਰਾਸੇ ਫਿਰਦੇ ਹਨ । ਆਪਣੇ ਆਪ ਨੂੰ ਨਿਆਸਰਾ ਮਹਿਸੂਸ ਕਰਦੇ ਹਨ । ਆਪਣੇ ਪਾਰ-ਉਤਾਰੇ ਵਾਸਤੇ ਕੋਈ ਆਸਰਾ ਢੂੰਡਦੇ ਹਨ । ਕਿਸੇ ਦੇ ਲੜ ਲੱਗਣ ਨੂੰ ਤਰਸਦੇ ਹਨ । ਦੂਸਰੇ ਪਾਸੇ ਐਸੇ ਵੀ ਬੰਦੇ ਹਨ ਜੋ ਐਸਿਆਂ ਡਾਵਾਂਡੋਲਾਂ ਨੂੰ ਵਲ੍ਹੇਟ ਮਾਰ ਕੇ ਆਪਣੇ ਮਗਰ ਲਾ ਲੈਂਦੇ ਹਨ ਤੇ ਆਪ ਗੁਰੂ ਬਣ ਬਹਿੰਦੇ ਹਨ । ਐਸੇ 'ਗੁਰੂਆਂ' ਦਾ, 'ਪਾਰ ਉਤਾਰਾ ਕਰਾਉਣ ਵਾਲਿਆਂ' ਦਾ ਸਾਡੇ ਸਮਾਜ ਵਿਚ ਕੋਈ ਘਾਟਾ ਨਹੀਂ । ਨਿਰੰਕਾਰੀ ਲਹਿਰ ਦਾ ਲੋਕ-ਆਧਾਰ ਐਸੇ ਨਿਆਸਰੇ ਮਹਿਸੂਸ ਕਰਦਿਆਂ ਦਾ, ਵਰਗਲਾਏ ਹੋਏ ਬੰਦਿਆਂ ਦਾ ਲੋਕ-ਆਧਾਰ ਹੈ । ਸਿਆਸੀ ਚੇਤਨਤਾ ਦੀ, ਜਮਹੂਰੀ ਕੀਮਤਾਂ ਕਦਰਾਂ ਦੀ ਉਹਨਾਂ ਨੂੰ ਸਨਾਸ਼ ਹੀ ਨਹੀਂ ਅਤੇ ਜਿਸ ਰਾਹੇ ਉਹ ਪੈ ਗਏ ਹਨ ਉਸ ਰਾਹੋਂ ਨਾ ਹੋ ਹੀ ਸਕਦੀ ਹੈ । ਨਾਲੇ ਪਾਠਕਾਂ ਨੂੰ ਇਸ ਅਸਲੀਅਤ ਤੋਂ ਜਾਣੂ ਰਹਿਣਾ ਚਾਹੀਦਾ ਹੈ ਕਿ ਨਿਰੰਕਾਰੀ ਸੰਸਥਾ ਤੇ ਨਿਰੰਕਾਰੀ ਲਹਿਰ ਮਜ਼ਬੀ ਮੁਹਾਜ਼ 'ਤੇ ਸਿੱਖ ਬੁਰਜੂਆਜ਼ੀ ਦੇ ਵਿਰੁਧ ਹਿੰਦੂ ਬੁਰਜੂਆਜ਼ੀ ਦਾ ਸੰਦ ਤੇ ਹੱਥ-ਠੋਕਾ ਹੈ । ਇਹ ਲੋਕਾਂ ਦੇ ਜਮਹੂਰੀ ਉਭਾਰ ਦਾ ਅੰਗ ਬਿਲਕੁਲ ਨਹੀਂ ।

—ਅਦਾਰਾ, ਸੇਧ

---

### ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1978 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ। ਕੀਮਤ ਫੀ ਫਾਈਲ ਵੀਹ ਰੁਪੈ । ਰਕਮ ਮਨੀਆਰਡਰ ਦੁਆਰਾ ਭੇਜੋ । ਡਾਕਖ਼ਰਚ ਸਾਡਾ ਹੋਵੇਗਾ ।

o

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।



## ਪੁਸਤਕ ਰੀਵੀਊ

*** ਕੋਠੇ ਵਾਲੀ ਮਾਂ (ਨਾਵਲ), ਲੇਖਕ : ਡਾ. ਪ੍ਰੀਤਮ ਸੈਨੀ, ਪ੍ਰਕਾਸ਼ਕ : ਕੇ. ਲਾਲ ਐਂਡ ਕੰਪਨੀ, 9-ਕਨਾਟ ਸਰਕਸ, ਜਲੰਧਰ, ਸਫ਼ੇ 80, ਮੁਲ : 8 ਰੁਪਏ**

ਕੰਧ 'ਤੇ ਰਖੇ ਆਟੇ ਦੇ ਪੇੜੇ ਨੂੰ ਸੌ ਬਲਾਈਂ ! ਜਵਾਨੀ ਚੜ੍ਹੀ ਕੁੜੀ ਨੂੰ ਹਜ਼ਾਰਾਂ ! ਮਾੜੀ ਜਿਹੀ ਹਿੱਕ ਉਭਰੀ ਨਹੀਂ ਕਿ ਗਲੀ ਮੁੱਹਲੇ ਦੇ ਹਰ ਮਸ-ਫੁਟ ਨੇ ਅਤੇ 60-70 ਦੇ ਏੜ ਗੇੜ ਦੇ ਬੁਢਿਆਂ ਠੇਰਿਆਂ ਨੇ ਉਸ 'ਤੇ ਅੱਖ ਟਿਕਾਈ ਨਹੀਂ । ਜਿਸ ਟੇਰ ਲਈ, ਸੁ ਟੇਰ ਲਈ ।

ਆਜ਼ਾਦੀ ਮਨੁੱਖ ਦਾ ਬੁਨਿਆਦੀ ਜਜ਼ਬਾ ਹੈ । ਹਾਣ ਨੂੰ ਹਾਣ ਪਿਆਰਾ ਲਗਦਾ ਹੈ । ਜਵਾਨੀ ਚੜ੍ਹੀ ਹਰ ਕੁੜੀ ਆਪਣੇ ਦਿਲ ਦਾ ਮਹਿਰਮ ਆਪ ਲਭਣਾ/ਚੁਣਨਾ ਚਾਹੁੰਦੀ ਹੈ । ਜੇ ਆਪ ਲਭ/ਚੁਣ ਲਵੇ ਤਾਂ ਇਹ ਇਸ਼ਕ ਹੈ । ਇਸ਼ਕ ਪੁਗਾਣ ਲਈ ਦਿਲ ਗੁਰਦੇ ਵਾਲੀ ਸ਼ਖ਼ਸੀਅਤ ਅਤੇ ਬਲਵਾਨ ਮਾਨਸਕ ਬਣਤਰ ਦੀ ਲੋੜ ਹੁੰਦੀ ਹੈ ਅਤੇ ਉਹ ਹਰ ਕਿਸੇ ਦੇ ਵੱਸ ਦੀ ਗਲ ਨਹੀਂ ਹੁੰਦੀ ।

ਜਮਾਤੀ ਸਮਾਜ ਨੇ ਵਿਅਕਤੀ ਦੀ ਜ਼ਿੰਦਗੀ ਨੂੰ ਅਨੇਕਾਂ ਥੁੜਾਂ, ਲੋੜਾਂ ਅਤੇ ਅੰਜਾਈਂ ਬੰਦਸ਼ਾਂ ਵਿਚ ਨੂੜਿਆ ਹੋਇਆ ਹੈ । ਬੰਦਾ ਹੋਰਾਂ ਦੇ "ਅਹਿਸਾਨਾਂ" ਹੇਠ ਨੱਪਿਆ ਜਾਂਦਾ ਹੈ ਤੇ ਅਖੀਰ ਮਿਧਿਆ ਜਾਂਦਾ ਹੈ । ਗੱਲ ਸਿਰਫ਼ ਢਿੱਡ ਦੇ ਝੁਲਕੇ ਦੀ ਹੀ ਨਹੀਂ ਹੁੰਦੀ, ਗੱਲ ਹੋਰ ਵੀ ਕਈ ਪ੍ਰਕਾਰ ਦੀ ਸੁਰਖਿਆ/ਅਸੁਰਖਿਆ ਤੇ ਆਪਸੀ ਮਨੁੱਖੀ ਰਿਸ਼ਤਿਆਂ ਦੀ ਵੀ ਹੁੰਦੀ ਹੈ । "ਸ਼ਾਮ ਨੇ ਸ਼ੀਲਾ (ਨਾਵਲ ਦੀ ਨਾਇਕਾ) ਨੂੰ ਇਕ ਸਾਂਢ ਦੇ ਹਮਲੇ ਤੋਂ ਬਚਾਇਆ ਸੀ ।" (ਸਫ਼ਾ 8...ਇਹ 'ਸਾਂਢ' ਚਿੰਨਾਤਮਕ ਹੈ) ਇਸ 'ਅਹਿਸਾਨ' ਤੋਂ ਹਮਦਰਦੀ ਦਾ ਜਜ਼ਬਾ ਪੈਦਾ ਹੋਇਆ ਤੇ ਫਿਰ ਪਿਆਰ... ਚੋਰੀ ਵਿਆਹ ਤੇ ਫਿਰ ਜ਼ਿੰਦਗੀ ਦੀਆਂ ਕੌੜਾਂਆਂ, ਕੁਸੈਲੀਆਂ ਤੇ ਨਿਰਦਈ ਅਸਲੀਅਤਾਂ...ਸ਼ੀਲਾ ਨੇ ਤਾਂ ਕੋਠੇ 'ਤੇ ਪੁਜਣਾ ਹੀ ਪੁਜਣਾ ਸੀ...ਸੁ ਉਹ ਪੁਜੀ । ਜੀਉਣ ਲਈ ਉਸ ਨੂੰ ਹਾਲਾਤ ਨਾਲ ਸਮਝੌਤਾ ਕਰਨਾ ਹੀ ਪੈਣਾ ਸੀ ਤੇ ਉਸ ਕੀਤਾ । ਵਧ ਤੋਂ ਵਧ ਕੀਤਾ । ਪਹਿਲਾਂ ਉਹ ਮਜਬੂਰੀ ਦੀ ਮਾਰੀ ਕਿਸੇ ਹੋਰ ਦੇ ਅੱਡੇ 'ਤੇ ਵੇਸਵਾ ਸੀ; ਹੁਣ ਉਹ ਆਪ ਆਪਣਾ ਅੱਡਾ ਚਲਾਉਂਦੀ ਸੀ, ਰੰਡੀਆਂ ਰਖ ਕੇ...ਉਸ ਅੱਛਾ 'ਧੰਦਾ' ਕੀਤਾ...!!

ਉਹ ਦਿਲ ਦੀ ਚੰਗੀ ਸੀ, ਗਾਹਕਾਂ ਨੂੰ ਲੁਟਦੀ ਨਹੀਂ ਸੀ, ਰੰਡੀਆਂ ਨਾਲ ਹਮਦਰਦੀ ਭਰਿਆ ਸਲੂਕ ਕਰਦੀ ਸੀ, ਬਦਨੇ ਟੈਕਸੀ ਡਰਾਈਵਰ ਨਾਲ ਪਿਆਰ ਕਰਦੀ ਸੀ, ਆਪਣੇ ਗੁਆਚੇ ਪੁਤਰ ਨੂੰ ਯਾਦ ਕਰਦੀ ਰਹਿੰਦੀ ਸੀ...ਲੇਖਕ ਨੇ ਇਕ ਚੰਗੀ ਰੰਡੀ ਦੇ ਕਰਦਾਰ ਨੂੰ ਵਾਹਵਾ ਆਦਰਸ਼ਿਆ ਕੇ ਪੇਸ਼ ਕੀਤਾ ਹੈ ।

ਕਹਾਣੀ ਦਾ ਵਿਸ਼ਾ ਪੁਰਾਣਾ ਹੈ। ਏਸੇ ਲਈ ਇਹ ਇਕ ਨਵੇਂ ਸਾਹਿਤਕ ਵਰਤਾਰੇ ਦੀ ਮੰਗ ਕਰਦਾ ਸੀ। ਇਸ ਵਿਸ਼ੇ ਨੂੰ ਫਰੋਲਣ ਦੀਆਂ ਸੰਭਾਵਨਾਵਾਂ ਵੀ ਅਥਾਹ ਸਨ। ਸਾਹਿਤਕਾਰ ਕੋਲੋਂ ਪਾਠਕ ਨਵੀਂ ਪਹੁੰਚ ਵਧੇਰੇ ਡੂੰਘਾਈ ਅਤੇ ਯਥਾਰਥ ਦੀਆਂ ਅਣਫੋਲੀਆਂ ਨੁਕਰਾਂ ਨੂੰ ਰੁਸ਼ਨਾਉਣ ਦੀ ਆਸ ਕਰ ਸਕਦਾ ਸੀ, ਪਰ ਚਾਲੂ ਤੱਥਾਂ, ਹਾਦਸਿਆਂ, ਘਟਨਾਵਾਂ ਦੇ ਆਧਾਰ 'ਤੇ ਕਹਾਣੀ ਨੂੰ ਚਲਾਈ ਜਾਣ ਨਾਲ ਹੀ ਸਾਰੀ ਗਲ ਸਪਾਟ ਹੋ ਜਾਂਦੀ ਹੈ। ਅਤੇ ਇੰਜ ਇਸ ਨਾਵਲ ਵਿਚ ਹੋਇਆ ਹੈ।

ਜਦ ਕੋਈ ਭਲਾ ਜੀਅ (ਲੇਖਕ), ਸ਼ਾਇਦ ਅਚੇਤ ਤੌਰ 'ਤੇ ਹੀ, ਇਹ ਨਿਸ਼ਾਨਾ ਮਿਥ ਕੇ ਕਿ "ਸ਼ੁਰੂ ਤੋਂ ਲੈ ਕੇ ਇਕ ਕਾਂਡ ਤਾਂ ਕਿਧਰੇ ਰਿਹਾ, ਇਕ ਲਾਈਨ ਵਿਚ ਵੀ, ਇਕ ਸ਼ਬਦ ਤੱਕ ਅਜਿਹਾ ਨਹੀਂ...ਜਿਸ ਨਾਲ ਇਹ ਨਾਵਲ ਘਰ ਵਿਚ ਬੈਠ ਕੇ ਨਾ ਪੜ੍ਹਿਆ ਜਾ ਸਕੇ..." ਇਕ ਭਲਾ ਨਾਵਲ ਲਿਖਣਾ ਸ਼ੁਰੂ ਕਰਦਾ ਹੈ ਅਤੇ ਪਾਠਕਾਂ ਨੂੰ "ਇਕ ਪਵਿਤਰ ਤੇ ਅਦੁਤੀ ਕ੍ਰਿਤ" (ਪ੍ਰਕਾਸ਼ਕ) ਦੇਂਦਾ ਹੈ, ਤਾਂ ਯਥਾਰਥ ਤੇ ਕਲਾ ਦਾ ਘਾਣ ਬਚਾ ਘਾਣ ਹੋਣਾ ਕੁਦਰਤੀ ਹੀ ਹੈ। ਇੰਜ ਸ਼ਾਇਦ ਜਾਣ ਬੁਝ ਕੇ ਨਹੀਂ ਹੋਇਆ; ਇਹ ਲੇਖਕ ਦੇ ਅਨੁਭਵ ਤੇ ਪ੍ਰਤਿਭਾ ਦਾ ਮਸਲਾ ਹੈ। —ਮਹੇਸ਼

---

⊙ ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਤੇ ਸਮੱਸਿਆਵਾਂ

ਪੰਜਾਬ ਵਿਚ ਆਟਾ ਪੰਜਾਬੀ ਦਾ ਚਲਣਾ ਹੈ ਜਾਂ ਸੰਸਕ੍ਰਿਤਾਈ ਹਿੰਦੀ ਦਾ ? ਪੰਜਾਬੀ ਜ਼ਬਾਨ ਦਾ ਵਿਗਾੜ ਕਦੋਂ ਤੇ ਕਿਉਂ ਸ਼ੁਰੂ ਹੋਇਆ ? ਪੰਜਾਬੀ ਲਈ ਨਵੀਂ ਸ਼ਬਦਾਵਲੀ ਕਿਥੋਂ ਆਵੇਗੀ ? ਪਾਠ ਪੁਸਤਕਾਂ ਦੀ ਸਮੱਸਿਆ ਕਿਵੇਂ ਹਲ ਕੀਤੀ ਜਾਵੇ ? ਪੰਜਾਬ ਵਿਚ ਤਾਲੀਮ ਦਾ ਮਾਧਿਅਮ ਕੀ ਹੋਵੇ ? ਅੰਗਰੇਜ਼ੀ ਦਾ ਰੋਲ ਕੀ ਹੈ ?...ਇਹਨਾਂ ਅਤੇ ਅਜਿਹੇ ਸੁਆਲਾਂ ਦੇ ਜੁਆਬਾਂ ਲਈ ਇਹ ਪੁਸਤਕ ਪੜ੍ਹੋ। ਪੰਨੇ 208, ਸੁਹਣੀ ਦਿੱਖ, ਪੱਕੀ ਜਿਲਦ, ਮੁਲ : ਦਸ ਰੁਪੈ।

---

## ਪ੍ਰਾਪਤ ਪੁਸਤਕਾਂ

* Communist Movement in Punjab; Bhagwan Singh Josh, Anupma Publications, 80, Banarsi Dass Building, Gandhi Nagar, Delhi-31; Pages 220; Price : Rs 60/—

* ਮੁਸੱਲੀ (ਨਾਟਕ); ਇਸਹਾਕ ਮਹੁੰਮਦ, ਸੁਚਿੰਤਨ ਪ੍ਰਕਾਸ਼ਨ, ਨਵੀਂ ਦਿੱਲੀ-16, ਸਫੇ 60, ਮੁਲ : 5 ਰੁਪੈ

* ਪਿਰ ਦੇਖਣ ਕੀ ਆਸ (ਨਾਵਲ); ਮਿਰਜ਼ੀ ਅੱਣਾਰਾਏ, ਨੈਸ਼ਨਲ ਬੁਕ ਟਰੱਸਟ, ਇੰਡੀਆ, ਨਵੀਂ ਦਿੱਲੀ, ਸਫ਼ੇ 244, ਮੁਲ : 12 ਰੁਪੈ।





With Compliments

From

**Escorts Limited**

Automotive Division

Tej Building,

8B, Bahadurshah Zafar Marg

New Delhi—2

Ph. Nos. 266061-5



*The Punjab State Coop. Land Mortgage Bank Ltd. Chandigarh.*

Grams. BHOOMIBANK. Phones. 27357-58-59

AS ON 31.3.79 (Rs in lakhs)

| | | |
|---|---|---|
| 1. | Paid up share capital | 446.48 |
| 2. | Resserve Fund and Other funds | 303.88 |
| 3. | Debentures in Circulation | 12,114.77 |
| 4. | Loans to Primary Land Mortgage Banks. | 7867.34 |
| 5. | Working capital | 135,28.21 |
| 6. | Annual profit | 163.00 |

The Bank provides long term loans to Agriculturists in Punjab, through its 43 Primary Coop. Land Mortgage Banks for Installation of Tubewells, Purchase of Electric Motors, Tractors, other agricultural implements, Leveling of Land, redemption of old debts, purchase of land, purchase of Milch cattle, laying of under and over ground pipes and other development purposes on very easy terms. It also accepts Fixed Deposits to help the needy farmers at very attractive rates of $6\frac{1}{4}\%$ for one year:

For full details please contact the Bank or any of the Primary Land Mortgage Banks at Tehsil H. Qrs.

B. S. BHULLAR
P.S.C.S. (I).
Managing Director.

S E D H (DIRECTION) OCTOBER, 1979
Registered with the Registrar of Newspapers
for India—Registration No 23895/72 Regd. No. D (S) 022


# HFC

## a symbol of service to the farmers

Hindustan Fertilizer Corporation—a Rs. 500 crore dedication to the farmers, -geared to produce more than one million tonnes of fertilizer annually in the form of Ammonium Sulphate, Urea and complex fertilizers. Hindustan Fertilizer Corporation came into existence in April 1978. The Corporation has three Units at Namrup (Assam), Durgapur (West-Bengal) and Barauni (Bihar). Besides, a project at Haldia (West-Bengal) is in an advanced stage of completion. On completion of the Haldia project HFC will also be producing Methanol and Soda Ash, two important basic chemicals for the industry.

HINDUSTAN FERTILIZER CORPORATION LIMITED
'Madhuban' 55, Nehru Place.
New Delhi-110019.